A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 9 No: 214 Website : www.punjabiakhbaar.ca Emaiĺ: editor@punjabiakhbaar.ca Friday, 17 Febuary 2023

# ਪਾਕਿਸਤਾਨ ਨਾਲ ਕੋਈ ਵਪਾਰਕ ਸਬੰਧ ਨਹੀਂ ਬਣਾਵਾਂਗੇ: ਭਗਵੰਤ ਮਾਨ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਵਿੱਚ ਕਿਸਾਨਾਂ ਵੱਲੋਂ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਲਈ ਪਾਕਿਸਤਾਨ ਨਾਲ ਵਪਾਰ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਪਰ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਕਿਸਤਾਨ ਨਾਲ ਕਿਸੇ ਵੀ ਕਿਸਮ ਦੇ ਵਪਾਰਕ ਸਬੰਧ ਰੱਖਣ ਤੋਂ ਇਨਕਾਰ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਚੰਡੀਗੜ੍ਹ ਸਥਿਤ ਪੰਜਾਬ ਭਵਨ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਇਸ ਗੱਲ ਦਾ ਪ੍ਰਗਟਾਵਾ ਕੀਤਾ।




ਸ੍ਰੀ ਮਾਨ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਰੋਜਾਨਾ ਡਰੋਨਾਂ ਰਾਹੀਂ ਨਸ਼ੀਲੇ ਪਦਾਰਥ ਅਤੇ ਹਥਿਆਰ ਭੇਜ ਕੇ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਦੇਸ਼ ਨਾਲ ਕਿਸੇ ਕਿਸਮ ਦੇ ਸਬੰਧ ਰੱਖਣਾ ਠੀਕ ਨਹੀਂ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਠੀਕ ਹੈ। ਇਸ ਲਈ ਸੂਬੇ ਦੇ ਕਿਸੇ ਵੀ ਵਸਨੀਕ ਨੂੰ ਚਿੰਤਤ ਹੋਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਗੈਂਗਸਟਰਾਂ ਨੂੰ ਠੱਲ੍ਹ ਪਾਉਣ ਲਈ ਪੰਜਾਬ ਪੁਲੀਸ ਦਿਨ-ਰਾਤ ਇਕ ਕਰਕੇ ਕੰਮ ਕਰ ਰਹੀ ਹੈ, ਜਿਸ ਸਦਕਾ ਵੱਡੀ ਗਿਣਤੀ ਗੈਂਗਸਟਰਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਹੱਦ ਨੂੰ ਸੁਰੱਖਿਅਤ ਕਰਨ ਲਈ ਕੇਂਦਰ ਸਰਕਾਰ ਦੀ ਮਦਦ ਨਾਲ ਸਰਹੱਦੀ ਖੇਤਰ ਵਿੱਚ ਚੌਕਸੀ ਵਧਾਈ ਗਈ ਹੈ। ਸ੍ਰੀ ਮਾਨ ਨੇ ਇਸ ਮੌਕੇ ਸੂਬੇ ਵਿੱਚ ਕੀਤੇ ਗਏ ਨਿਵੇਸ਼ ਬਾਰੇ ਗੱਲ ਕਰਦਿਆਂ ਕਿਹਾ ਕਿ 'ਆਪ' ਸਰਕਾਰ ਨੇ ਸਿਰਫ 11 ਮਹੀਨਿਆਂ ਦੇ ਸਮੇਂ ਵਿੱਚ 38,175 ਕਰੋੜ ਰੁਪਏ ਦਾ ਨਿਵੇਸ ਲਿਆਂਦਾ ਹੈ, ਜਿਸ ਨਾਲ ਸੂਬੇ ਵਿੱਚ 2.43 ਲੱਖ ਨੌਕਰੀਆਂ ਪੈਦਾ ਹੋਣਗੀਆਂ। ਇਸ ਤਹਿਤ ਰੀਅਲ ਅਸਟੇਟ, ਹਾਊਸਿੰਗ ਅਤੇ ਬੁਨਿਆਦੀ ਢਾਂਚੇ ਵਿੱਚ ਪ੍ਰਸਤਾਵਿਤ ਨਿਵੇਸ਼ 11,853 ਕਰੋੜ ਰੁਪਏ ਦਾ ਹੈ, ਜਿਸ ਨਾਲ 1.22 ਲੱਖ ਨੌਕਰੀਆਂ ਪੈਦਾ ਹੋਣਗੀਆਂ। ਮੈਨੂਫੈਕਚਰਿੰਗ ਸੈਕਟਰ 'ਚ 5,981 ਕਰੋੜ ਦੇ ਨਿਵੇਸ਼ ਨਾਲ 39,952 ਨੌਕਰੀਆਂ, ਸਟੀਲ ਸੈਕਟਰ 'ਚ 3,889 ਕਰੋੜ ਦੇ ਨਿਵੇਸ਼ ਨਾਲ 9,257 ਨੌਕਰੀਆਂ, ਕੱਪੜਾ, ਟੈਕਨੀਕਲ ਟੈਕਸਟਾਈਲ ਉਦਯੋਗ 'ਚ 3,305 ਕਰੋੜ ਦੇ ਨਿਵੇਸ਼ ਨਾਲ 13,753 ਨੌਕਰੀਆਂ ਪੈਦਾ ਹੋਣਗੀਆਂ। ਉਨ੍ਹਾਂ ਕਿਹਾ ਕਿ 23 ਤੇ 24 ਫਰਵਰੀ ਨੂੰ ਮੁਹਾਲੀ ਵਿੱਚ ਹੋਣ ਜਾ ਰਹੇ 'ਨਿਵੇਸ਼ ਪੰਜਾਬ ਸੰਮੇਲਨ' ਵਿੱਚ ਦੁਨੀਆਂ ਭਰ ਤੋਂ ਕੰਪਨੀਆਂ ਪਹੁੰਚ ਰਹੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਨਿਵੇਸ਼ਕਾਂ ਦੀ ਸਹੂਲਤ ਲਈ ਸੂਬਾ ਸਰਕਾਰ ਸਿੰਗਲ ਵਿੰਡੋ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਿੰਗਲ ਵਿੰਡੋ ਸੇਵਾ ਸਿਰਫ਼ ਦਿਖਾਵਾ ਸੀ, ਜਿਸ ਦਾ ਕੋਈ ਮਤਲਬ ਨਹੀਂ ਸੀ। ਇਸ ਕਾਰਨ ਸੰਭਾਵੀ ਨਿਵੇਸ਼ਕਾਂ ਦਾ ਨਾ ਸਿਰਫ਼ ਹੌਸਲਾ ਡਿੱਗਿਆ, ਸਗੋਂ ਇਸ ਨਾਲ ਸੂਬੇ ਦੇ ਸਨਅਤੀ ਵਿਕਾਸ ਨੂੰ ਵੀ ਸੱਟ ਵੱਜੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਿੰਗਲ ਵਿੰਡੋ ਪ੍ਰਣਾਲੀ ਨੂੰ ਸੂਬੇ ਵਿੱਚ ਨਿਵੇਸ਼ ਦੇ ਇੱਛੁਕ ਸਨਅਤਕਾਰਾਂ ਲਈ ਅਸਲ ਮਾਇਨਿਆਂ ਵਾਲੀ ਸਹੂਲਤ ਬਣਾਉਣ 'ਤੇ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਬਿਜਲੀ ਦੇ ਅਰਥਚਾਰੇ ਦੇ ਇੰਜਣ ਵਜੋਂ ਕੰਮ ਕਰਨ ਦੇ ਤੱਥ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਕਾਰਨ ਸੂਬੇ ਨੇ ਪਛਵਾੜਾ ਕੋਲਾ ਖਾਣ ਤੋਂ ਕੋਲੇ ਦੀ ਸਪਲਾਈ ਬਹਾਲ ਕਰਨ ਮਗਰੋਂ ਪੰਜਾਬ ਨੂੰ ਵਾਧੂ ਬਿਜਲੀ ਵਾਲਾ ਸੂਬਾ ਬਣਾਉਣ ਵੱਲ ਵੱਡਾ ਕਦਮ ਵਧਾਇਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਵਿੱਚ ਥਰਮਲ ਪਲਾਂਟਾਂ ਨੂੰ ਕੋਲੇ ਦੀ ਘਾਟ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

**ਸਨਅਤਕਾਰਾਂ ਦਾ ਪੰਜਾਬ ਤੋਂ ਉੱਤਰ ਪ੍ਰਦੇਸ਼ 'ਚ ਹਿਜਰਤ ਕਰਨਾ ਕੋਰਾ ਝੂਠ**

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਤੋਂ ਕਿਸੇ ਵੀ ਸਨਅਤ ਨੇ ਉੱਤਰ ਪ੍ਰਦੇਸ਼ ਦਾ ਰੁਖ਼ ਨਹੀਂ ਕੀਤਾ ਹੈ। ਇਹ ਕੋਰਾ ਝੂਠ ਹੈ। ਉਨ੍ਹਾਂ ਕਿਹਾ ਕਿ ਸਨਅਤੀ ਇਕਾਈਆਂ ਨੂੰ ਇੱਥੇ ਬਿਹਤਰੀਨ ਸਹੂਲਤਾਂ ਮਿਲ ਰਹੀਆਂ ਹਨ, ਜਿਸ ਕਾਰਨ ਕੋਈ ਵੀ ਸਨਅਤ ਸੂਬੇ ਤੋਂ ਬਾਹਰ ਨਹੀਂ ਗਈ। ਸ੍ਰੀ ਮਾਨ ਨੇ ਕਿਹਾ ਕਿ ਸਨਅਤੀ ਇਕਾਈਆਂ ਸਿਰਫ਼ ਸੂਬੇ 'ਚ ਹੀ ਰਹਿਣਗੀਆਂ ਅਤੇ ਉਨ੍ਹਾਂ ਦੇ ਇੱਥੋਂ ਰੁਖ਼ਸਤ ਹੋਣ ਦੀਆਂ ਖ਼ਬਰਾਂ ਕੋਰੀਆਂ ਅਫ਼ਵਾਹਾਂ ਹਨ।

**ਹੋਲੇ ਮਹੱਲੇ ਲਈ ਪੁਖਤਾ ਪ੍ਰਬੰਧ ਕਰਨ ਦੇ ਹੁਕਮ**

ਮੁੱਖ ਮੰਤਰੀ ਭਗਵੰਤ ਮਾਨ ਨੇ ਇੱਥੇ ਅਧਿਕਾਰੀਆਂ ਨੂੰ ਸ੍ਰੀ ਆਨੰਦਪੁਰ ਸਾਹਿਬ 'ਚ ਹੋਣ ਵਾਲੇ ਹੋਲਾ-ਮੁਹੱਲਾ ਸਮਾਗਮਾਂ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਹਨ। ਸਮਾਗਮ ਸਬੰਧੀ ਪ੍ਰਬੰਧਾਂ ਨੂੰ ਅੰਤਿਮ ਰੂਪ ਦੇਣ ਲਈ ਮੁੱਖ ਮੰਤਰੀ ਵੱਲੋਂ ਉੱਚ ਪੱਧਰੀ ਮੀਟਿੰਗ ਸੱਦੀ ਗਈ ਸੀ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਮਾਨ ਨੇ ਕਿਹਾ ਕਿ ਹੋਲਾ-ਮਹੱਲਾ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖ ਭਾਈਚਾਰੇ ਦੇ ਜੁਝਾਰੂ ਜਜ਼ਬੇ ਦਾ ਪ੍ਰਤੀਕ ਹੈ। ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਹੋਣ ਵਾਲੇ ਸਮਾਗਮਾਂ 'ਚ ਵੱਡੀ ਗਿਣਤੀ 'ਚ ਵੱਖ-ਵੱਖ ਵਰਗਾਂ ਦੇ ਸ਼ਰਧਾਲੂ ਸ਼ਾਮਲ ਹੁੰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਰਧਾਲੂਆਂ ਲਈ ਟਰੈਫਿਕ ਪ੍ਰਬੰਧ, ਵਾਹਨਾਂ ਦੀ ਪਾਰਕਿੰਗ, ਸੁਰੱਖਿਆ ਪ੍ਰਬੰਧ, ਠਹਿਰਨ ਦੀ ਵਿਵਸਥਾ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਸੁਚੱਜੀ ਵਿਉਂਤਬੰਦੀ ਅਤੇ ਇਸ ਦੇ ਅਮਲ ਨੂੰ ਯਕੀਨੀ ਬਣਾਉਣ ਲਈ ਕਿਹਾ।

ਗੱਲ ਤਾਂ ਪਰਦੇ ਦੀ ਹੀ ਹੈ !
TWC TIMELESS WINDOW COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਕਾਲ: 403 953 1000
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
E Mail: Info@twcoverings.com
Web: www.twcoverings.com
Timelesswindowcoverings

Great, Professionally Trained Agents on your side
(403) 400-0000
Contact one of our realtors to get the results you want
ESTATEVIEW™
Real Estate & Property Management
Homes, Appartments, Commercial Bays, Businesses, Condos & Condo Corporations
Rabinder Gill

Starts From $1499
DENTAL IMPLANT
ਡੈਂਟਲ ਇੰਮਪਲਾਂਟ
NO OBLIGATION CONSULT
OUR DENTAL FEES ARE LOWER THAN ALBERTA FEE GUIDE
✓ WE ACCEPT ALL INSURANCES
✓ DIRECT BILLING TO INSURANCE
✓ FINANCING AVAILABLE
✓ NO OBLIGATION CONSULT
OPEN 7 DAYS A WEEK
NEW PATIENTS WELCOME
WALK-IN EMERGENCIES SEEN SAME DAY
DR. KHATTRA & ASSOCIATES
587-356-0555
#130 - 630 Redstone Dr NE, Calgary,AB
WWW.REDSTONESMILESDENTAL.COM
REDSTONE Smiles DENTAL
USE IT OR LOSE IT
Use your dental Benefit before it expires.
We speak Urdu, Punjabi and Hindi in addition to English.

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

ਘਰ ਅੰਦਰ ਕਾਰਪਿਟ ਇਕੱਲੀ ਫਰਸ਼ ਨਾਲ ਹੀ ਨਹੀਂ ਜੁੜੀ ਹੁੰਦੀ ਸਗੋਂ ਤੁਹਾਡੀ ਜ਼ਿੰਦਗੀ ਦੇ ਹਰ ਪਲ ਨਾਲ ਵੀ ਜੁੜੀ ਹੁੰਦੀ ਐ
CARPET EMPIRE
ਘਰ ਅੰਦਰ ਜ਼ਿੰਦਗੀ ਦੇ ਵਾਸੇ ਲਈ ਕਾਰਪਿਟ ਅੰਪਾਇਰ ਕੈਲਗਰੀ ਆਓ ਫਿਰ ਦੇਖਿਓ ਜ਼ਿੰਦਗੀ ਦੇ ਰੰਗ
BEST PRODUCTS BEST PRICE
CARPET, HARDWOOD, LAMINATE, TILES, VINYL PLANKS, CARPET TILES & LINO
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SHORY LAW
Est. 1998
NO CLIENT IS TOO SMALL, NO MATTER TOO BIG
FOLLOW US @SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇੰਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216-1199
CONTACT@SHORYLAW.COM
220-4851 WESTWINDS DRIVE NE CALGARY, AB T3J 4L4




## ਤੁਹਾਡੇ ਸੁਪਨਿਆਂ ਦਾ ਘਰ ਤੁਹਾਡੀ ਸੋਚ ਨਾਲੋਂ ਨੇੜੇ ਹੈ

**ਸਿੰਗਲ ਫੈਮਿਲੀ ਹੋਮ,ਕਾਨੂੰਨੀ ਤੌਰ 'ਤੇ ਆਮਦਨ ਵਾਲਾ ਸੂਇਟ**

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ। 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਇਟ ਵਾਲਾ ਸ਼ਾਮਲ ਕਰੋ

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**


Bathroom


Bonus Room


Legal Income Suite

**ਅਵਾਰਡ ਜੇਤੂ ਟਾਊਨਹੋਮਸ**- ਕਾਪਰਫੀਲਡ ਦੇ ਕੈਲਗਰੀ ਦੇ ਪ੍ਰਮੁੱਖ ਦੱਖਣ-ਪੂਰਬੀ ਕੁਆਡਰੈਂਟ ਇਲਾਕੇ ਵਿੱਚ ਇੱਕ ਬਿਲਕੁਲ ਨਵੇਂ ਟਾਊਨਹੋਮ ਦੇ ਮਾਲਕ ਬਣੋ। 6 ਵੱਖ-ਵੱਖ ਫਲੋਰ ਪਲਾਨ ਦੇ ਨਾਲ, ਇੱਥੇ ਇੱਕ ਘਰ ਹੈ ਜੋ ਤੁਹਾਡੇ ਪਰਿਵਾਰ ਦੀ ਜ਼ਰੂਰਤ ਨੂੰ ਪੂਰੀ ਤਰ੍ਹਾਂ ਫਿੱਟ ਕਰਦਾ ਹੈ। ਇਹ ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ ਫਲੋਰਪਲਾਨਸ 1,300 ਵਰਗ ਫੁੱਟ ਤੋਂ 1,800 ਵਰਗ ਫੁੱਟ ਤੱਕ ਦੇ ਹੁੰਦੇ ਹਨ ਅਤੇ 3-ਬੈੱਡਰੂਮ ਜਾਂ ਡਬਲ ਪ੍ਰਾਇਮਰੀ ਸੂਟ ਅਤੇ ਫਲੈਕਸ ਰੂਮ ਵਿਕਲਪ ਪ੍ਰਦਾਨ ਕਰਦੇ ਹਨ। ਆਪਣੀ ਜੀਵਨ ਸ਼ੈਲੀ ਲਈ ਸੰਪੂਰਣ ਘਰ ਚੁਣੋ।

**4 ਲੱਖ ਡਾਲਰ ਤੋਂ ਘੱਟ ਵਿੱਚ ਹੀ ਘਰ ਦੀ ਮਾਲਕੀ !**

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**



**ਸ਼ੋਅ ਹੋਮ ਹੁਣ ਖੁੱਲ ਚੁੱਕੇ ਹਨ**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# ਐਮ ਪੀ ਜੌਰਜ ਚਾਹਲ ਦੀ ਪਹਿਲ ਸਦਕਾ ਵੱਖ-ਵੱਖ ਧਰਮਾਂ, ਨਸਲਾਂ ਅਤੇ ਪਿਛੋਕੜਾਂ ਵਾਲੇ ਲੋਕ ਖਾਣੇ ਦੀ ਮੇਜ਼ 'ਤੇ ਇਕੱਠੇ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੈਲਗਰੀ ਸਕਾਈਵਿਊ ਤੋਂ ਸੱਤਧਾਰੀ ਫੈਡਰਲ ਲਿਬਰਲ ਪਾਰਟੀ ਦੇ ਮੈਂਬਰ ਪਾਰਲੀਮੈਂਟ ਜੌਰਜ ਚਾਹਲਵੱਲੋਂ ਉਨ੍ਹਾਂ ਦੇ ਸ਼ਹਿਰ ਅਤੇ ਸੂਬੇ ਨੂੰ ਤਰੱਕੀ ਦੇ ਰਸਤੇ 'ਤੇ ਲੈ ਜਾਣ ਦੇ ਤਰੀਕਿਆਂ ਦੀ ਪੜਚੋਲ ਕਰਨ ਲਈ ਆਪਣੇ ਪਹਿਲੇ ਫੇਥ ਐਂਡ ਕਮਿਊਨਿਟੀ ਬ੍ਰੇਕਫਾਸਟ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ ਵੱਖ ਸੰਸਥਾਵਾਂ ਦੇ ਆਗੂਆਂ ਅਤੇ ਮੈਂਬਰਾਂ ਨੇ ਸ਼ਿਰਕਤ ਕੀਤੀ । ਇਸ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੈਲਗਰੀ ਦੇ ਸਾਬਕਾ ਮੇਅਰ ਨਾਹੀਦ ਨੇਨਸ਼ੀ ਨੇ ਗੈਰ-ਗੋਰੇ







ਪਿਛੋਕੜ ਵਾਲੇ ਕੈਨੇਡਾ ਦੇ ਕਿਸੇ ਵੱਡੇ ਸ਼ਹਿਰ ਦੇ ਪਹਿਲੇ ਮੇਅਰ ਵੱਜੋਂ ਆਪਣਾ ਵਿਲੱਖਣ ਅਨੁਭਵ ਸਾਂਝਾ ਕੀਤਾ।

ਜੌਰਜ ਚਾਹਲ ਦੀ ਇਸ ਪਹਿਲ ਦੀ ਮਹਿਮਾਨਾਂ ਨੇ ਭਰਵੇਂ ਸ਼ਬਦਾਂ 'ਚ ਸ਼ਲਾਘਾ ਕੀਤੀ ਕਿ ਵੱਖ-ਵੱਖ ਧਰਮਾਂ , ਨਸਲਾਂ ਅਤੇ ਪਿਛੋਕੜਾਂ ਵਾਲੇ ਲੋਕ ਖਾਣੇ ਦੀ ਮੇਜ਼ 'ਤੇ ਇਕੱਠੇ ਬੈਠਕੇ ਕਿਵੇਂ ਆਪੋ ਆਪਣੇ ਤਜ਼ਰਬੇ ਸਾਂਝੇ ਕਰ ਸਕੇ, ਜਿਸ ਨਾਲ ਭਾਈਚਾਰਕ ਸਾਂਝ ਦੀਆਂ ਤੰਦਾਂ ਮਜ਼ਬੂਤ ਹੋਈਆਂ ਜੋ ਕਿਸੇ ਵੀ ਖਿੱਤੇ , ਸਮਾਜ ਅਤੇ ਦੇਸ਼ ਦੀ ਮਜ਼ਬੂਤੀ ਲਈ ਬੇਹੱਦ ਅਹਿਮ ਹੈ।

## ਅਚਾਨਕ ਚੱਲੀ ਗੋਲੀ ਕਾਰਨ ਪੁਲਿਸ ਹੱਥ ਲੱਗਾ ਹਥਿਆਰਾਂ ਦਾ ਜ਼ਖੀਰਾ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਉਨਟਾਰੀਓ ਦੇ ਯੌਰਕ ਰਿਜਨ ਵਿੱਚ ਅਚਾਨਕ ਚੱਲੀ ਗੋਲੀ ਕਾਰਨ ਪੁਲੀਸ ਹੱਥ ਵੱਡੀ ਸਫ਼ਲਤਾ ਲੱਗੀ ਹੈ ਅਤੇ ਭਾਰੀ ਮਾਤਰਾ ਵਿੱਚ ਹਥਿਆਰ ਬਰਾਮਦ ਕੀਤੇ ਗਏ ਹਨ. ਪੁਲਿਸ ਨੇ ਜਾਣਕਾਰੀ ਦਿੱਤੀ ਹੈ ਕਿ ਮਾਰਖਮ ਵਿੱਚ ਓਲਗਨਿ ਮਿਲਜ਼ ਰੋਡ ਅਤੇ ਵੁੱਡਬਾਈਨ ਐਵੇਨਿਊ ਇਲਾਕੇ ਸਥਿੱਤ ਅਪਾਰਟਮੈਂਟ ਵਿੱਚ ਲੋਕਾਂ ਨੇ ਗੋਲੀ ਚੱਲਣ ਦੀ ਆਵਾਜ਼ ਸੁਣੀ. ਜਿਸ ਤੋਂ ਬਾਅਦ ਪੁਲਿਸ ਨੂੰ ਸੂਚਿਤ ਕੀਤਾ ਗਿਆ. ਮੌਕੇ ਤੇ ਪਹੁੰਚੀ ਪੁਲਸ ਨੇ ਜਦੋਂ ਜਾਂਚ ਸ਼ੁਰੂ ਕੀਤੀ ਤਾਂ ਉਪਰਲੀ ਮੰਜ਼ਲ ਤੋਂ ਚੱਲੀ ਗੋਲੀ ਫਲੋਰ ਵਿੱਚੋਂ ਲੰਘਦੀ ਹੋਈ ਹੇਠਾਂ ਵਾਲੀ ਮੰਜ਼ਲ ਤੇ ਬੈੱਡ ਵਿੱਚੋਂ ਨਿਕਲਦੀ ਹੋਈ ਉਸ ਤੋਂ ਵੀ ਹੇਠਲੀ ਮੰਜ਼ਿਲ ਵਿੱਚ ਇੱਕ ਸਪੀਕਰ ਵਿੱਚ ਜਾ ਕੇ ਫਸ ਗਈ. ਜਿਸ ਅਪਾਰਟਮੈਂਟ ਵਿੱਚ ਗੋਲੀ ਚੱਲੀ ਸੀ ਪੁਲਿਸ ਨੇ ਉਸ ਦੀ ਤਲਾਸ਼ੀ ਦਾ ਸਰਚ ਵਾਰੰਟ ਲਿਆ ਤਾਂ ਪੁਲਿਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ. ਕਿਉਂਕਿ ਇਸ ਅਪਾਰਟਮੈਂਟ ਵਿੱਚੋਂ ਪੁਲੀਸ ਨੂੰ 40 ਬੰਦੂਕਾਂ, ਵੱਡੀ ਮਾਤਰਾ ਵਿੱਚ ਗੋਲੀ ਸਿੱਕਾ, ਧਮਾਕਾਖੇਜ਼ ਸਮੱਗਰੀ ਅਤੇ ਕੁੱਝ ਹੋਰ ਕਈ ਕਿਸਮ ਦੇ ਹਥਿਆਰ ਬਰਾਮਦ ਹੋਏ. ਇਸ ਮਾਮਲੇ ਵਿੱਚ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ . ਜਿੰਨਾ ਦੀ ਪਹਿਚਾਣ ਮਾਰਖਮ ਦੇ ਰਹਿਣ ਵਾਲੇ ਕੇਵਿਨ ਲੀ ਅਤੇ ਓਫੇਲਿਆ ਚੁੰਗ ਦੇ ਰੂਪ ਵਿੱਚ ਹੋਈ ਹੈ. ਜਿਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਗੋਲੀ ਚੱਲਣ ਕਾਰਨ ਕਿਸੇ ਵਿਅਕਤੀ ਨੂੰ ਕੋਈ ਨੁਕਸਾਨ ਨਹੀਂ ਪੁੱਜਾ

## ਗ੍ਰੇਟਰ ਟੋਰਾਂਟੋ ਏਰੀਆ 'ਚੋਂ ਚੋਰੀ ਕੀਤੀਆਂ 3.5 ਮਿਲੀਅਨ ਡਾਲਰ ਕੀਮਤ ਦੀਆਂ ਗੱਡੀਆਂ ਮਾਲਟਾ ਤੋਂ ਬਰਾਮਦ ਹੋਈਆਂ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਗਰੇਟਰ ਟੋਰਾਂਟੋ ਏਰੀਆ ਵਿੱਚ ਮਹਿੰਗੀਆਂ ਗੱਡੀਆਂ ਦੀ ਚੋਰੀ ਹੋਣਾ ਆਮ ਜਿਹੀ ਗੱਲ ਹੈ ਅਤੇ ਆਏ ਦਿਨ ਹੀ ਵੱਖ-ਵੱਖ ਢੰਗ-ਤਰੀਕਿਆਂ ਨਾਲ ਗੱਡੀਆਂ ਚੋਰੀ ਕਰਕੇ ਉਨ੍ਹਾਂ ਨੂੰ ਦੂਜੇ ਦੇਸ਼ਾਂ ਵਿੱਚ ਵੇਚਣ ਭੇਜ ਦਿੱਤਾ ਜਾਂਦਾ ਹੈ. ਇਸੇ ਤਰ੍ਹਾਂ ਕੈਨੇਡਾ ਤੋਂ ਚੋਰੀ ਕਰਕੇ ਭੇਜੀਆਂ ਗਈਆਂ ਸਾਢੇ ਤਿੰਨ ਮਿਲੀਅਨ ਡਾਲਰ ਕੀਮਤ ਦੀਆਂ 64 ਗੱਡੀਆਂ ਮਾਲਟਾ ਤੋਂ ਸ਼ਿਪਿੰਗ ਕੰਟੇਨਰ ਚੋਂ ਬਰਾਮਦ ਕੀਤੀਆਂ ਗਈਆਂ ਹਨ। ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਕੈਨੇਡਾ ਬਾਰਡਰ ਸਰਵਿਸ ਏਜੰਸੀ ਅਤੇ ਮਾਲਟਾ ਪੋਰਟ ਅਥਾਰਟੀ ਦੀ ਸਹਾਇਤਾ ਨਾਲ, ਵਾਹਨਾਂ ਨੂੰ ਵਾਪਸ ਭੇਜ ਦਿੱਤਾ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਸਾਰੇ ਵਾਹਨ ਗ੍ਰੇਟਰ ਟੋਰਾਂਟੋ ਏਰੀਆ ਦੇ ਡਰਾਈਵਵੇਅ ਤੋਂ ਕਾਰ ਚੋਰੀ ਕਰਨ ਵਾਲੇ ਗਿਰੋਹ ਦੇ ਮੈਂਬਰਾਂ ਦੁਆਰਾ ਚੋਰੀ ਕੀਤੇ ਗਏ ਸਨ ਅਤੇ ਲੰਬੇ ਸਮੇਂ ਤੋਂ "ਪ੍ਰੋਜੈਕਟ ਮੈਜੇਸਟਿਕ" ਤਹਿਤ ਇਨ੍ਹਾਂ ਚੋਰੀਆਂ ਦੀ ਜਾਂਚ ਕੀਤੀ ਜਾ ਰਹੀ ਸੀ। ਵਰਨਣਯੋਗ ਹੈ ਕਿ ਮਾਰਚ, 2021 ਵਿੱਚ ਇਸੇ ਜਾਂਚ 18 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਸਮੇਂ ਪੁਲਿਸ ਨੇ 4.5 ਮਿਲੀਅਨ ਡਾਲਰ ਦੀ ਕੀਮਤ ਦੇ 70 ਚੋਰੀ ਹੋਏ ਵਾਹਨ ਵੀ ਜ਼ਬਤ ਕੀਤੇ ਸਨ। ਪੁਲਿਸ ਨੇ ਦੱਸਿਆ ਕਿ ਚੋਰੀ ਕੀਤੇ ਵਾਹਨਾਂ ਨੂੰ ਸਿੱਧੇ ਮਾਂਟਰੀਅਲ ਦੀ ਬੰਦਰਗਾਹ ਵੱਲ ਲਿਜਾਇਆ ਗਿਆ ਜਾਂ ਟੋਰਾਂਟੋ ਵਿੱਚ ਸ਼ਿਪਿੰਗ ਕੰਟੇਨਰਾਂ ਵਿੱਚ ਲੋਡ ਕੀਤਾ ਗਿਆ ਅਤੇ ਰੇਲ ਰਾਹੀਂ ਮਾਂਟਰੀਅਲ ਲਿਜਾਇਆ ਗਿਆ। ਕੰਟੇਨਰ ਫਿਰ ਸਮੁੰਦਰੀ ਜਹਾਜ਼ਾਂ ਅਤੇ ਵਾਹਨਾਂ 'ਤੇ ਲੋਡ ਕੀਤੇ ਗਏ ਸਨ ਜੋ ਅਫਰੀਕਾ ਅਤੇ ਸੰਯੁਕਤ ਅਰਬ ਅਮੀਰਾਤ ਦੇ ਖਰੀਦਦਾਰਾਂ ਨੂੰ ਦਿੱਤੇ ਗਏ ਸਨ।

## ਐਡਮਿੰਟਨ ਅਤੇ ਮਾਂਟਰੀਅਲ ਤੋਂ ਚੋਰੀ ਦੀਆਂ 14 ਮਹਿੰਗੀਆਂ ਗੱਡੀਆਂ ਬਰਾਮਦ - 5 ਜਣੇ ਗ੍ਰਿਫਤਾਰ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਗ੍ਰੇਟ ਟਰੰਟੋ ਏਰੀਏ ਵਿੱਚੋਂ ਚੋਰੀ ਕੀਤੇ 64 ਵਾਹਨ ਮਾਲਟਾ ਤੋਂ ਬਰਾਮਦ ਕਰਕੇ ਵਾਪਸ ਲਿਆਂਦੇ ਗਏ ਹਨ। ਹੁਣ ਏਸ ਤਰ੍ਹਾਂ ਦੀ ਜਾਣਕਾਰੀ ਐਡਮਿੰਟਨ ਪੁਲਿਸ ਨੇ ਸਾਂਝੀ ਕੀਤੀ ਹ ਕਿ ਉਨ੍ਹਾਂ ਵੱਲੋਂ ਬੀਤੇ ਕੁੱਝ ਮਹੀਨਿਆਂ ਦੌਰਾਨ ਐਡਮਿੰਟਨ ਅਤੇ ਮਾਂਟਰੀਅਲ ਵਿਖੇ ਸ਼ਿਪਿੰਗ ਕੰਟੇਨਰਾਂ ਚੋਂ 14 ਹਾਈ ਐਂਡ ਗੱਡੀਆਂ ਬਰਾਮਦ ਕੀਤੀਆਂ ਗਈਆਂ ਹਨ । ਨਵੰਬਰ ਮਹੀਨੇ ਦੌਰਾਨ ਜੋ ਗੱਡੀਆਂ ਬਰਾਮਦ ਕੀਤੀਆਂ ਗਈਆਂ ਹਨ ਉਨ੍ਹਾਂ ਵਿੱਚ ਡੌਜ ਪਿਕਅੱਪ ਟਰੱਕ ਅਤੇ ਜੀਪਾਂ ਆਦਿ ਸ਼ਾਮਲ ਹਨ। ਇਨ੍ਹਾਂ ਵਿੱਚੋਂ ਦੋ ਪਿਕਅੱਪ ਟਰੱਕ ਐਡਮਿੰਟਨ ਦੇ 112 ਐਵੇਨਿਊ ਅਤੇ 224 ਸਟਰੀਟ ਦੇ ਕੋਲੋਂ ਸ਼ਿਪਿੰਗ ਕੰਟੇਨਰ ਵਿੱਚੋਂ ਬਰਾਮਦ ਹੋਏ। ਪਿਛਲੇ ਹਫਤੇ ਵੀ ਪੁਲੀਸ ਵੱਲੋਂ 107 ਐਵੇਨਿਊ ਅਤੇ 211 ਸਟਰੀਟ ਤੋਂ 4 ਵਾਹਨ ਬਰਾਮਦ ਕੀਤੇ ਗਏ । 4 ਫਰਵਰੀ ਨੂੰ ਪੁਲੀਸ ਨੇ ਪਿੱਛਾ ਕਰਦਿਆਂ ਹੋਇਆਂ ਇੱਕ ਡੌਜ ਪਿਕਅੱਪ ਟਰੱਕ ਤੇ ਜੀਪ ਬਰਾਮਦ ਕੀਤੀ ਹੈ । ਹੁਣ ਤੱਕ ਬਰਾਮਦ ਕੀਤੀਆਂ ਗਈਆਂ ਗੱਡੀਆਂ ਦੀ ਕੁੱਲ ਕੀਮਤ 1.6 ਮਿਲੀਅਨ ਡਾਲਰ ਬਣਦੀ ਹੈ। ਇਸ ਮਾਮਲੇ ਵਿੱਚ ਐਡਮਿੰਟਨ ਤੋਂ 2 ਵਿਅਕਤੀਆਂ ਅਤੇ ਮਾਂਟਰੀਅਲ ਤੋਂ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।









# ਪਹਿਲਾ ਇਕਬਾਲ ਰਾਮੂਵਾਲੀਆ ਸਿਮਰਤੀ ਪੁਰਸਕਾਰ ਧਰਮ ਕੰਮੇਆਣਾ ਨੂੰ ਭੇਟ ਕੀਤਾ



ਪਟਿਆਲਾ ( ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਿਤ ਵਰਲਡ ਪੰਜਾਬੀ ਸੈਂਟਰ ਦੇ ਸਹਿਯੋਗ ਨਾਲ ਸਵਰਗੀ ਲੇਖਕ ਇਕਬਾਲ ਰਾਮੂਵਾਲੀਆ ਦੇ ਪਰਿਵਾਰ ਵੱਲੋਂ ਪੰਜਾਬੀ ਦੇ ਬਹੁਪੱਖੀ ਲੇਖਕ ਧਰਮ ਕੰਮੇਆਣਾ ਨੂੰ ਇਕਬਾਲ ਰਾਮੂਵਾਲੀਆ ਦੀ ਯਾਦ ਵਿੱਚ ਪਹਿਲਾ ਪੁਰਸਕਾਰ ਲੇਖਕਾਂ ਦੇ ਵਿਦਵਾਨਾਂ ਦੇ ਭਰੇ ਇਕੱਠ ਵਿੱਚ ਭੇਟ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਸੈਂਟਰ ਦੇ ਡਾਇਰੈਕਟਰ ਡਾ: ਬਲਕਾਰ ਸਿੰਘ ਨੇ ਲੇਖਕ ਇਕਬਾਲ ਦੀ ਰਚਨਾ ਪ੍ਰਕਿਰਿਆ ਬਾਬਤ ਚਾਨਣਾ ਪਾਇਆ। ਪੁਰਸਕਾਰ ਕਮੇਟੀ ਦੇ ਸਲਾਹਕਾਰ ਨਿੰਦਰ ਘੁਗਿਆਣਵੀ ਨੇ ਸਵ: ਇਕਬਾਲ ਰਾਮੂਵਾਲੀਆ ਦੇ ਜੀਵਨ, ਲੇਖਣੀ ਤੇ ਵਿਅਕਤੀਤਵ ਨਾਲ ਜੁੜੀਆਂ ਯਾਦਾਂ ਸੁਣਾ ਕੇ ਲੇਖਕਾਂ ਤੇ ਪਾਠਕਾਂ ਨੂੰ ਪ੍ਰਭਾਵਿਤ ਕੀਤਾ। ਵਿਸ਼ੇਸ਼ ਮਹਿਮਾਨ ਦੇ ਤੌਰ ਉਤੇ ਆਏ ਸਾਬਕਾ ਡੀ ਆਈ ਜੀ ਹਰਿੰਦਰ ਸਿੰਘ ਚਾਹਲ ਤੇ ਸਾਬਕਾ ਆਈ ਏ ਐਸ ਹਰਕੇਸ਼ ਸਿੰਘ ਸਿੱਧੂ ਨੇ ਇਕਬਾਲ ਰਾਮੂਵਾਲੀਆ ਬਾਰੇ ਬੋਲਦਿਆਂ ਉਨਾਂ ਨੂੰ ਮੁਹੱਬਤੀ ਇਨਸਾਨ, ਦਿਲਚਸਪ ਲੇਖਕ ਤੇ ਪਿਆਰੀ ਸ਼ਖਸੀਅਤ ਕਰਾਰ ਦਿੱਤਾ। ਯੂਨੀਵਰਸਿਟੀ ਦੇ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਡਾ ਭੀਮਇੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਇਕਬਾਲ ਰਾਮੂਵਾਲੀਆ ਨਾਲ ਬਿਤਾਏ ਪਲਾਂ ਨੂੰ ਚੇਤੇ ਕਰਦਿਆਂ ਉਨਾਂ ਦੀ ਘਾਟ ਨੂੰ ਮਹਿਸੂਸ ਕੀਤਾ। ਪੁਰਸਕਾਰ ਨਾਲ ਸਨਮਾਨਿਤ ਲੇਖਕ ਧਰਮ ਕੰਮੇਆਣਾ ਦੀ ਸਾਹਿਤਕ ਤੇ ਸੱਭਿਆਚਾਰਕ ਘਾਲਣਾ ਬਾਰੇ ਡਾ: ਸੁਰਜੀਤ ਸਿੰਘ ਖੁਰਮਾ ਤੇ ਡਾ: ਹਰਨੇਕ ਢੋਟ ਨੇ ਵਿਚਾਰ ਰੱਖੇ। ਪੁਰਸਕਾਰ ਵਿੱਚ ਸਨਮਾਨ ਪੱਤਰ, ਫੁਲਕਾਰੀ, ਇਕਵੰਜਾ ਹਜਾਰ ਰੁਪਏ ਦੀ ਰਾਸ਼ੀ ਤੇ ਸਿਮਰਤੀ ਗ੍ਰੰਥ ਭੇਟ ਕੀਤੇ ਗਏ। ਕੰਮੇਆਣਾ ਨੇ ਆਪਣੀ ਕਾਵਿ ਕਲਾ ਦੇ ਵੱਖ ਵੱਖ ਪੱਖਾਂ ਨੂੰ ਛੋਹਿਆ ਤੇ ਗੀਤ ਵੀ ਗਾ ਕੇ ਸੁਣਾਇਆ। ਇਸ ਮੌਕੇ ਦੋਵਾਂ ਲੇਖਕਾਂ ਦੇ ਰਿਸ਼ਤੇਦਾਰ ਤੇ ਪਰਿਵਾਰਕ ਮੈਂਬਰ ਵੀ ਸ਼ਾਮਲ ਰਹੇ। ਇਕਬਾਲ ਰਾਮੂਵਾਲੀਆ ਦੀ ਪਤਨੀ ਸੁਖਸਾਗਰ ਕੌਰ ਗਿੱਲ ਦਾ ਧੰਨਵਾਦੀ ਸੁਨੇਹਾ ਵੀ ਪੜਿਆ ਗਿਆ। ਮੰਚ ਸੰਚਾਲਨ ਡਾ: ਕੁਲਦੀਪ ਸਿੰਘ ਦੀਪ ਨੇ ਕੀਤਾ। ਉੱਘੇ ਲੇਖਕ ਦਰਸ਼ਨ ਆਸ਼ਟ, ਡਾ: ਨਿਵੇਦਿਤਾ ਸਿੰਘ, ਡਾ: ਗੁਰਜੰਟ ਸਿੰਘ , ਗੁਰਸੇਵਕ ਲੰਬੀ, ਪ੍ਰੋ: ਰਜਿੰਦਰਪਾਲ ਬਰਾੜ, ਉਜਾਗਰ ਸਿੰਘ, ਬਲਵਿੰਦਰ ਸੰਧੂ, ਪ੍ਰੋ: ਹਰਬੰਸ ਧੀਮਾਨ, ਨਾਟਕਕਾਰ ਸਤਿੰਦਰ ਨੰਦਾ, ਚਰਨ ਬੰਬੀਹਾ, ਅਮਰਜੀਤ ਵੜੈਚ ਸਮੇਤ, ਖੋਜ ਵਿਦਿਆਰਥੀ ਅਤੇ ਹੋਰ ਵੀ ਕਈ ਹਸਤੀਆਂ ਪੁੱਜੀਆਂ ਹੋਈਆਂ ਸਨ।

## ਕੈਲਗਰੀ ਵਾਸੀ ਜਸਕੀਰਤ ਬਰਾੜ ਨੂੰ ਸਦਮਾ

# ਪਿਤਾ ਡਾ: ਸਵਰਨਜੀਤ ਸਿੰਘ ਬਰਾੜ ਅਕਾਲ ਚਲਾਣਾ ਕਰ ਗਏ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਉੱਘੇ ਬਿਜਨਿਸਮੈਨ 3 ਡੀ ਹੋਮਜ਼ ਵਾਲੇ ਜਸਕੀਰਤ ਬਰਾੜ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਹਨਾਂ ਦੇ ਸਤਿਕਾਰਯੋਗ ਪਿਤਾ ਜੀ ਡਾ: ਸਵਰਨਜੀਤ ਸਿੰਘ ਬਰਾੜ, ਮੋਗਾ ਵਿਖੇ ਅਕਾਲ ਚਲਾਣਾ ਕਰ ਗਏ । ਸਵ: ਡਾ: ਸਵਰਨਜੀਤ ਸਿੰਘ ਬਰਾੜ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ 14 ਫਰਵਰੀ 2023 ਵਾਲੇ ਦਿਨ ਬਾਦ ਦੁਪਹਿਰ ਗਾਂਧੀ ਰੋਡ ਸਮਸਾਨ ਘਾਟ ਵਿਖੇ ਪਰਿਵਾਰਕ ਮੈਂਬਰਾਂ ,ਰਿਸ਼ਤੇਦਾਰਾਂ ਅਤੇ ਉਹਨਾਂ ਨੂੰ ਚਾਹੁੰਣ ਵਾਲਿਆਂ ਦੀ ਵੱਡੀ ਗਿਣਤੀ ਵਿੱਚ ਸੇਜਲ ਅੱਖਾਂ ਦੀ ਹਾਜਰੀ ਨਾਲ ਕੀਤਾ ਗਿਆ । ਵਰਨਣਯੋਗ ਹੈ ਕਿ ਡਾ: ਸਵਰਨਜੀਤ ਸਿੰਘ ਬਰਾੜ ਕਿਸੇ ਸਮੇਂ ਜਿਲ੍ਹਾ ਆਯੁਰਵੈਦਿਕ ਅਫਸਰ ਮੋਗਾ ਰਹੇ ਸਨ । ਰਿਟਾਇਰਮੈਂਟ ਉਪਰੰਤ ਉਹ ਆਪਣੇ ਪੁੱਤਰ ਜਸਕੀਰਤ ਬਰਾੜ ਕੋਲ ਕਨੇਡਾ ਚਲੇ ਗਏ ਸਨ ਪਰ ਉਹਨਾਂ ਦਾ ਦਿਲ ਹਮੇਸ਼ਾ ਪੰਜਾਬ ਵਿੱਚ ਹੀ ਰਹਿੰਦਾ ਸੀ ਕਿਉਂਕਿ ਸਮਾਜਸੇਵੀ ਬਿਰਤੀ ਹੋਣ ਕਾਰਣ ਉਹ ਲਾਲਾ ਲਾਜਪਤ ਰਾਇ ਜਿਹੀ ਵਿਦਿਅਕ ਸੰਸਥਾ ਦੇ ਪ੍ਰਧਾਨ ਵੀ ਰਹੇ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਇੰਦਰਜੀਤ ਸਿੰਘ ਬਾਜਵਾ, ਪਰਮੀਤ ਬੋਪਾਰਇ, ਰਾਜਦੀਪ ਗਰੇਵਾਲ, ਸੁਖ ਗਿੱਲ,ਦਰਸਨ ਸਿੱਧੂ,ਚਾਰਲੀ ਸੰਘਾ,ਸੁਖਦੇਵ ਸੰਘਾ,ਅਕਾਸਦੀਪ ਹੁੰਦਲ,ਪਰਮਪਾਲ ਗਿੱਲ,ਮਨਪ੍ਰੀਤ ਥਿੰਧ,ਗੁਰਸੇਵਕ ਖੋਸਾ,ਗੁਰਲਾਲ ਮਾਣੂੰਕੇ,ਮੇਜਰ ਬਰਾੜ ਭਲੂਰ, ਕਰਮਪਾਲ ਲੰਢੇਕੇ, ਜਲੰਧਰ ਸਿੱਧੂ,ਸਵਰਨ ਸਿੱਧੂ, ਦੇ ਨਾਂ ਸਾਮਿਲ ਹਨ। ਅਦਾਰਾ ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਵੀ ਬਰਾੜ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੈ।




























## ਕਾਰ ਭਜਾਕੇ ਭੱਜੀ ਔਰਤ ਨੂੰ ਰੋਕਣ ਲਈ ਪੁਲਿਸ ਨੂੰ ਗੋਲੀ ਚਲਾਉਣੀ ਪਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਸ਼ਹਿਰ ਏਅਰਡਰੀ ਦੀ ਪੁਲਿਸ ਨੂੰ ਖਤਰਨਾਕ ਢੰਗ ਨਾਲ ਕਾਰ ਚਲਾ ਰਹੀ ਇੱਕ ਮਹਿਲਾ ਨੂੰ ਰੋਕਣ ਲਈ ਗੋਲੀ ਚਲਾਉਣੀ ਪਈ। ਜਿਸ ਕਾਰਨ ਇਹ ਮਹਿਲਾ ਬੁਰੀ ਤਰ੍ਹਾਂ ਜ਼ਖਮੀ ਹੋ ਗਈ ਜਿਸ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਆਰਸੀਐਮਪੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਲਗਰੀ ਦੇ ਪੂਰਬ ਵੱਲ ਵਹੀਟਲੈਂਡ ਕਾਊਂਟੀ ਵਿੱਚ ਇੱਕ ਮਹਿਲਾ ਖਤਰਨਾਕ ਢੰਗ ਨਾਲ ਗੱਡੀ ਚਲਾ ਰਹੀ ਸੀ ।ਜਦੋਂ ਪੁਲੀਸ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਮਹਿਲਾ ਨੇ ਕਾਰ ਭਜਾ ਲਈ ਅਤੇ ਉਲਟ ਦਿਸ਼ਾ ਵੱਲ ਹੀ ਕਾਰ ਚਲਾਉਣ ਲੱਗ ਪਾਈ। ਇਸ ਕਾਰ ਦਾ ਪਿੱਛਾ ਹੈਲੀਕਾਪਟਰ ਰਾਹੀਂ ਵੀ ਕੀਤਾ ਗਿਆ ਆਖਰ ਵਿੱਚ ਪੁਲਿਸ ਇਸ ਕਾਰ ਨੂੰ ਡੀਫਲੇਸ਼ਨ ਟੂਲ ਰਾਹੀਂ ਰੋਕਣ ਵਿੱਚ ਕਾਮਯਾਬ ਰਹੀ ਪਰ ਇਸ ਮਹਿਲਾ ਦੇ ਵਤੀਰੇ ਕਾਰਨ ਪੁਲਿਸ ਨੂੰ ਗੋਲੀ ਚਲਾਉਣੀ ਪੈ ਗਈ। ਹੁਣ ਇਸ ਮਾਮਲੇ ਦੀ ਜਾਂਚ ਆਰੰਭ ਕਰ ਦਿੱਤੀ ਗਈ ਹੈ

## ਕੈਨੇਡਾ ਨੇ ਯੂ ਕੋਨ ਸੀ ਐਫ-22 ਲੜਾਕੂ ਜਹਾਜ਼ ਰਾਹੀਂ ਡੇਗੇ ਯੂ ਐਫ ਓ ਦੇ ਮਲਬੇ ਦੀ ਫੌਜ ਵੱਲੋਂ ਤਲਾਸ਼ ਜਾਰੀ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਦਾ ਜਾਸੂਸੀ ਜੋ ਅਮਰੀਕਾ ਵਿਚ ਡੇਗਿਆ ਗਿਆ ਹੈ। ਉਹ ਕੈਨੇਡਾ ਦੇ ਆਸਮਾਨ ਉਪਰ ਵੀ ਨਜ਼ਰ ਆਇਆ ਸੀ। ਉਸ ਵਕ਼ਤ ਤਾਂ ਭਾਵੇਂ ਲਿਬਰਲ ਸਰਕਾਰ ਵੱਲੋਂ ਖੁੱਲ ਕੇ ਇਸ ਮੁੱਦੇ ਉਪਰ ਨਹੀਂ ਬੋਲੀ ਸੀ ਪਰ ਹੁਣ ਕੈਨੇਡਾ ਦੇ ਅਸਮਾਨ ਉਪਰ ਵੀ ਅਣਪਛਾਤੀ ਉੱਡਣ ਵਾਲੀ ਚੀਜ਼ ਯਾਨੀ ਯੂ ਐਫ ਓ ਨਜ਼ਰ ਆਇਆ ਜਿਸ ਨੂੰ ਕੈਨੇਡਾ ਦੇ ਲੜਾਕੂ ਜਹਾਜ਼ ਐਫ-22 ਦੁਆਰਾ ਡੇਗ ਦਿੱਤਾ ਗਿਆ। ਇਹ ਯੂ ਐਫ ਓ ਯੂਕੋਨ ਦੇ ਅਸਮਾਨ ਉਪਰ ਨਜ਼ਰ ਆਈ ਸੀ ਇਸ ਸਬੰਧੀ ਜਾਣਕਾਰੀ ਵਾਇਟ ਹੋਂਰਸ ਪਹੁੰਚੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪੱਤਰਕਾਰਾਂ ਨਾਲ ਸਾਂਝੀ ਕੀਤੀ ਗਈ ਉਨ੍ਹਾਂ ਦੱਸਿਆ ਕਿ ਹੁਣ ਕੈਨੇਡੀਅਨ ਫੋਰਸ ਵੱਲੋਂ ਇਸ ਦੇ ਮਲਬੇ ਦੀ ਤਲਾਸ਼ ਕੀਤੀ ਜਾ ਰਹੀ ਹੈ ਤਾਂ ਕਿ ਉਸ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਸਕੇ।


















# ਵਿਦੇਸ਼ਾਂ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੇ ਸੰਘਰਸ਼ ਦੀ ਕਹਾਣੀ ਅਧਾਰਿਤ ਡਾਕੂਮੈਂਟਰੀ 'ਪੌੜੀ' ਦਾ ਕੈਲਗਰੀ ਵਿੱਚ ਸਫਲ ਪ੍ਰਦਰਸ਼ਨ !

ਕੈਲਗਰੀ (ਪੰਜਾਬੀ ਅਖਬਾਰ ਬਿਊਰੋ)– 11 ਫਰਵਰੀ ਨੂੰ ਜੈਨੇਸਿਸ ਸੈਂਟਰ ਵਿੱਚ ਦਰਸ਼ਕਾਂ ਦੇ ਖਚਾ-ਖਚ ਭਰੇ ਹਾਲ ਵਿੱਚ ਨਵਲਪ੍ਰੀਤ ਰੰਗੀ ਵਲੋਂ ਡਾਇਰੈਕਟ ਕੀਤੀ ਡਾਕੂਮੈਂਟਰੀ 'ਪੌੜੀ' ਦਾ ਸਫਲ ਪ੍ਰਦਰਸ਼ਨ ਹੋਇਆ।ਦਰਸ਼ਕਾਂ ਨੇ ਬੜੀ ਨੀਝ ਨਾਲ਼ ਭਾਵੁਕ ਹੁੰਦਿਆਂ ਡਾਕੂਮੈਂਟਰੀ ਦੇਖੀ। ਬੇਸ਼ਕ ਵਿਸ਼ਾ ਬੜਾ ਗੰਭੀਰ ਸੀ ਤੇ ਅਜਿਹੇ ਵਿਸ਼ਿਆਂ ਤੇ ਪੰਜਾਬੀ ਦਰਸ਼ਕਾਂ ਵਲੋਂ ਘੱਟ ਉਤਸ਼ਾਹ ਦਿਖਾਇਆ ਜਾਂਦਾ ਹੈ। ਪਰ ਪ੍ਰਬੰਧਕਾਂ ਦੀ ਆਸ ਤੋਂ ਕਿਤੇ ਵੱਧ ਦਰਸ਼ਕਾਂ ਨੇ ਮੂਵੀ ਦੇਖਣ ਵਿੱਚ ਰੁਚੀ ਦਿਖਾਈ। ਇਸ ਸਮਾਗਮ ਦਾ ਅਯੋਜਨ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਯੰਗਸਤਾਨ ਕੈਲਗਰੀ ਵਲੋਂ ਕੀਤਾ ਗਿਆ ਸੀ। ਹਾਲ ਪੂਰਾ ਭਰ ਜਾਣ ਕਾਰਨ ਬਹੁਤ ਸਾਰੇ ਦਰਸ਼ਕਾਂ ਨੂੰ ਮੂਵੀ ਹੇਠਾਂ ਬੈਠ ਕੇ ਜਾਂ ਪਿੱਛੇ ਖੜ ਕੇ ਦੇਖਣੀ ਪਈ। ਇਹ ਡਾਕੂਮੈਂਟਰੀ ਨਾ ਸਿਰਫ ਪੰਜਾਬ ਤੋਂ ਵਿਦੇਸ਼ਾਂ ਵਿੱਚ ਆ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸੰਘਰਸ਼ ਤੇ ਤਕਲੀਫਾਂ ਨੂੰ ਬਾਖੂਬੀ ਪੇਸ਼ ਕਰਦੀ ਹੈ, ਸਗੋਂ ਪੰਜਾਬ ਵਿੱਚੋਂ ਵੱਡੀ ਪੱਧਰ ਤੇ ਵਿਦੇਸ਼ਾਂ ਵਿੱਚ ਹੋ ਰਹੇ ਪ੍ਰਵਾਸ ਦੇ ਕਾਰਨਾਂ ਨੂੰ ਲੱਭਣ ਦੇ ਯਤਨ ਦੇ ਨਾਲ਼-ਨਾਲ਼ ਅਨੇਕਾਂ ਮਸਲਿਆਂ ਨੂੰ ਵੀ ਛੂੰਹਦੀ ਹੈ। ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਾਫੀ ਗਿਣਤੀ ਵਿੱਚ ਐਕਸੀਡੈਂਟ ਤੇ ਹਾਰਟ ਅਟੈਕ ਨਾਲ਼ ਹੋ ਰਹੀਆਂ ਮੌਤਾਂ ਨੂੰ ਸਮਝਣ ਲਈ ਭਾਈਚਾਰੇ ਅੱਗੇ ਸਵਾਲ ਖੜੇ ਕਰਦੀ ਹੈ। ਇਸ ਮੌਕੇ ਤੇ ਮੂਵੀ ਦੇ ਡਾਇਰੈਕਟਰ ਨਵਲਪ੍ਰੀਤ ਰੰਗੀ ਵਲੋਂ ਦਰਸ਼ਕਾਂ ਦੇ ਰੂ-ਬ-ਰੂ ਹੁੰਦਿਆਂ, ਇਹ ਤੱਥ ਵੀ ਉਜਾਗਰ ਕੀਤਾ ਕਿ ਵਿਦਿਆਰਥੀਆਂ ਦੀਆਂ ਮੌਤਾਂ ਦੇ ਅਨੇਕਾਂ ਕਾਰਨਾਂ ਵਿੱਚੋਂ ਸਭ ਤੋਂ ਵੱਡਾ ਕਾਰਨ ਨਸ਼ਿਆਂ ਦੀ ਓਵਰਡੋਜ਼ ਹੈ। ਇਸ ਤੋਂ ਇਲਾਵਾ ਉਨੀਂਦਰਾ, ਕੰਮਾਂ ਦੀ ਸਟਰੈਸ,



ਡਿਪਰੈਸ਼ਨ, ਆਰਥਿਕ ਸਮੱਸਿਆਵਾਂ ਆਦਿ ਅਨੇਕਾਂ ਕਾਰਨ ਹਨ, ਜਿਨ੍ਹਾਂ ਨਾਲ਼ ਵਿਦਿਆਰਥੀ ਖੁਦਕੁਸ਼ੀਆਂ ਵੀ ਕਰ ਰਹੇ ਹਨ ਅਤੇ ਟਰੱਕਿੰਗ ਇੰਡਸਟਰੀ ਵਿੱਚ ਐਕਸੀਡੈਂਟਾਂ ਵਿੱਚ ਵੀ ਮਰ ਰਹੇ ਹਨ। ਮੂਵੀ ਬਣਾਉਣ ਵਿੱਚ ਸਹਿਯੋਗੀ ਨਵਲਪ੍ਰੀਤ ਰੰਗੀ ਦੀ ਪਤਨੀ ਜਸਲੀਨ ਕੌਰ ਨੇ ਵੀ ਆਪਣੇ ਵਿਚਾਰ ਦਰਸ਼ਕਾਂ ਨਾਲ਼ ਸਾਂਝੇ ਕੀਤੇ। ਇਸ ਮੌਕੇ ਤੇ 'ਹੈਲਥੀ ਲਾਈਫ ਸਟਾਈਲ ਨਾਲੇਜ਼ ਫਾਊਂਡੇਸ਼ਨ' ਦੇ ਪ੍ਰਧਾਨ ਡਾ. ਸੁਖਵਿੰਦਰ ਬਰਾੜ ਨੇ ਮਾਨਸਕਿ ਰੋਗਾਂ ਦੇ ਕਾਰਨਾਂ ਦੀ ਜਾਣਕਾਰੀ ਦੇ ਨਾਲ਼-ਨਾਲ਼ ਉਸਦੇ ਇਲਾਜ ਲਈ ਵੀ ਨੁਸਖੇ ਸਾਂਝੇ ਕੀਤੇ। ਉਨ੍ਹਾਂ ਸਮਾਜ ਵਿੱਚ ਯਾਦਸ਼ਤ ਭੁੱਲਣ, ਨਸ਼ਿਆਂ ਦੇ ਰੁਝਾਨ, ਨੌਜਵਾਨਾਂ ਵਿੱਚ ਵਧ ਰਹੀ ਹਿੰਸਾ ਬਾਰੇ ਵਿਸਥਾਰ ਵਿੱਚ ਜਾਣਕਾਰੀ




ਦਿੱਤੀ। ਉਨ੍ਹਾਂ ਤੋਂ ਇਲਾਵਾ ਰੈਡ ਐਫ ਐਮ ਰੇਡੀਉ ਤੋਂ ਸੀਨੀਅਰ ਹੋਸਟ ਰਿਸ਼ੀ ਨਾਗਰ ਨੇ ਨੌਜਵਾਨਾਂ ਵਿੱਚ ਕਨੂੰਨੀ ਤੇ ਗੈਰ-ਕਨੂੰਨੀ ਨਸ਼ਿਆਂ ਦੇ ਵਧ ਰਹੇ ਰੁਝਾਨ ਅਤੇ ਹੋ ਰਹੀਆਂ ਮੌਤਾਂ ਬਾਰੇ ਲੂੰ ਕੰਡੇ ਖੜੇ ਕਰਨ ਵਾਲ਼ੇ ਅੰਕੜੇ ਪੇਸ਼ ਕਰਦੇ ਹੋਏ ਦੱਸਿਆ ਕਿ ਸਿਰਫ ਕਨੇਡਾ ਵਿੱਚ 2016-2022 ਤੱਕ 6 ਸਾਲਾਂ ਵਿੱਚ ਨਸ਼ਿਆਂ ਦੀ ਓਵਰਡੋਜ਼ ਨਾਲ਼ 32632 ਮੌਤਾਂ ਅਤੇ ਸਾਲ 2022 ਦੇ ਪਹਿਲੇ 6 ਮਹੀਨਿਆਂ ਵਿੱਚ ਹੀ 3556 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਸਨ। ਇੱਥੇ ਵਰਨਣਯੋਗ ਹੈ ਕਿ ਨੈਸ਼ਨਲ ਇੰਸਟੀਚਿਊਟ ਆਫ ਡਰੱਗ ਅਬਿਊਜ਼ ਅਮਰੀਕਾ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ 2021 ਵਿੱਚ ਸਿਰਫ ਅਮਰੀਕਾ ਵਿੱਚ 1 ਲੱਖ 6 ਹਜ਼ਾਰ ਨੌਜਵਾਨ ਨਸ਼ਿਆਂ ਦੀ ਓਵਰਡੋਜ਼ ਨਾਲ਼ ਮੌਤ ਦੇ ਮੂੰਹ ਜਾ ਪਏ ਸਨ। ਇਸ ਸੰਸਥਾ ਦੀ ਰਿਪੋਰਟ ਅਨੁਸਾਰ ਇਨ੍ਹਾਂ ਮੌਤਾਂ ਵਿੱਚ 70% ਮਰਦ ਅਤੇ 30% ਔਰਤਾਂ ਸ਼ਾਮਿਲ ਸਨ।ਇਸ ਰਿਪੋਰਟ ਦੇ ਚੌਂਕਾ ਦੇਣ ਵਾਲ਼ੇ ਅੰਕੜਿਆਂ ਅਨੁਸਾਰ ਅਮਰੀਕਾ ਵਿੱਚ ਪਿਛਲੇ 20 ਸਾਲਾਂ ਵਿੱਚ ਇੱਕ ਮਿਲੀਅਨ ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਪੰਜਾਬ ਵਿੱਚ ਨਸ਼ਿਆਂ ਦੇ ਵਧ ਰਹੇ ਰੁਝਾਨ ਦੇ ਚੱਲਦਿਆਂ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਭੇਜ ਕੇ ਸੋਚਦੇ ਹਨ ਕਿ ਸ਼ਾਇਦ ਉਨ੍ਹਾਂ ਬੱਚੇ ਇੱਧਰ ਵੱਧ ਸੁਰੱਖਿਅਤ ਹਨ, ਪਰ ਇੱਥੇ ਨਸ਼ਿਆਂ ਦੇ ਮਾਮਲੇ ਵਿੱਚ ਹਾਲਾਤ ਪੰਜਾਬ ਤੋਂ ਕਿਤੇ ਵੱਧ ਖਰਾਬ ਹਨ। ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਤੋਂ ਕਮਲਪ੍ਰੀਤ ਪੰਧੇਰ ਵਲੋਂ 12 ਮਾਰਚ ਨੂੰ ਕੈਲਗਰੀ ਡਾਊਨਟਾਊਨ ਪਬਲਿਕ ਲਾਇਬ੍ਰੇਰੀ ਥੀਏਟਰ ਵਿੱਚ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਤੇ ਸਿੱਖ ਵਿਰਸਾ ਵਲੋਂ ਅਨੀਤਾ ਸਬਦੀਸ਼ ਦੇ ਕਰਵਾਏ ਜਾ ਰਹੇ ਸੋਲੋ ਨਾਟਕ 'ਦਿੱਲੀ ਰੋਡ ਤੇ ਇੱਕ ਹਾਦਸਾ' ਬਾਰੇ ਜਾਣਕਾਰੀ ਦਿੱਤੀ।ਇਸ ਨਾਟਕ ਦਾ ਪੋਸਟਰ ਵੀ ਪ੍ਰਬੰਧਕਾਂ ਤੇ ਮਹਿਮਾਨਾਂ ਵਲੋਂ ਜਾਰੀ ਕੀਤਾ ਗਿਆ।ਸਮਾਗਮ ਦੇ ਮੁੱਖ ਬੁਲਾਰਿਆਂ ਡਾ. ਸੁਖਵਿੰਦਰ ਬਰਾੜ, ਰਿਸ਼ੀ ਨਾਗਰ ਅਤੇ ਨਵਲਪ੍ਰੀਤ ਰੰਗੀ ਨੂੰ ਕਿਤਾਬਾਂ ਦੇ ਸੈਟ ਭੇਟ ਕਰਕੇ ਸਨਮਾਨਿਤਾ ਕੀਤਾ ਗਿਆ।

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
• Eyelash Extensions • Makeup
• Eye brow/Eyelash Tinting • Hair styling
• Eyelash Lift up • Manicure/Pedicure
• Waxing • Facials • Microdermabrasion
• Threading • Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜਿੰਦਗੀ ਨੂੰ ਕਲਾ ਵਿੱਚ ਬਦਲੋ
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਵਿਚਾਰ ਵਟਾਂਦਰਾ ਸੰਕਟ ਦੇ ਹੱਲ ਦਾ ਪਹਿਲਾਂ ਕਦਮ ਹੁੰਦਾ ਹੈ।

- ਫਿਲ ਮੈਕਗ੍ਰਾਅ

# ਭਾਰਤ ਦੀ ਨਾਗਰਿਕਤਾ ਛੱਡਦੇ ਲੋਕ

ਸਾਡੇ ਦੇਸ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਪੜ੍ਹਾਈ ਲਈ ਦੂਜੇ ਦੇਸਾਂ ਵਿੱਚ ਚਲੇ ਜਾਂਦੇ ਹਨ। ਫਿਰ ਉਹ ਕੋਈ ਨੌਕਰੀ ਕਰ ਕੇ ਉਥੇ ਹੀ ਵੱਸ ਜਾਂਦੇ ਹਨ। ਇਸੇ ਤਰ੍ਹਾਂ ਕਈ ਲੋਕ ਕਾਰੋਬਾਰ ਦੇ ਸਿਲਸਿਲੇ ਵਿਚ ਦੂਜੇ ਦੇਸਾਂ ਦੀ ਨਾਗਰਿਕਤਾ ਲੈ ਲੈਂਦੇ ਹਨ। ਕਿਸੇ ਵੀ ਦੇਸ ਲਈ ਇਹ ਚੰਗੀ ਗੱਲ ਨਹੀਂ ਮੰਨੀ ਜਾਂਦੀ ਕਿ ਉਸ ਦੇ ਨਾਗਰਿਕਾਂ ਨੂੰ ਦੂਜੇ ਦੇਸਾਂ ਦੀ ਨਾਗਰਿਕਤਾ ਲੈਣ ਲਈ ਮਜਬੂਰ ਹੋਣਾ ਪਵੇ। ਸੰਸਦ ਵਿੱਚ ਲਿਖਤੀ ਜਵਾਬ ਦਿੰਦਿਆਂ ਵਿਦੇਸ ਮੰਤਰੀ ਨੇ ਕਿਹਾ ਕਿ ਪਿਛਲੇ ਬਾਰਾਂ ਸਾਲਾਂ ਵਿੱਚ ਕੁੱਲ 16 ਲੱਖ 63 ਹਜਾਰ 440 ਲੋਕ ਭਾਰਤੀ ਨਾਗਰਿਕਤਾ ਛੱਡ ਕੇ ਦੂਜੇ ਦੇਸਾਂ ਵਿੱਚ ਵਸ ਗਏ ਹਨ। ਇਨ੍ਹਾਂ ਸਾਲਾਂ ਦੌਰਾਨ ਹਰ ਸਾਲ ਇੱਕ ਲੱਖ ਤੋਂ ਵੱਧ ਲੋਕ ਦੇਸ ਛੱਡ ਗਏ। ਵੱਧ ਤੋਂ ਵੱਧ ਪਿਛਲੇ ਸਾਲ 2.25 ਲੱਖ ਤੋਂ ਵੱਧ ਲੋਕ ਭਾਰਤੀ ਨਾਗਰਿਕਤਾ ਛੱਡ ਕੇ ਦੂਜੇ ਦੇਸਾਂ ਵਿੱਚ ਵਸ ਗਏ। ਇਨ੍ਹਾਂ ਲੋਕਾਂ ਨੇ ਕਾਰੋਬਾਰ ਜਾਂ ਨੌਕਰੀ ਲਈ ਆਪਣੇ ਦੇਸ ਦੀ ਨਾਗਰਿਕਤਾ ਛੱਡ ਦਿੱਤੀ ਸੀ ਕਿਉਂਕਿ ਸਾਡੇ ਦੇਸ ਵਿੱਚ ਦੋਹਰੀ ਨਾਗਰਿਕਤਾ ਦਾ ਕੋਈ ਪ੍ਰਬੰਧ ਨਹੀਂ ਹੈ, ਇਸ ਲਈ ਦੂਜੇ ਦੇਸਾਂ ਵਿੱਚ ਵਸਣ ਵਾਲੇ ਲੋਕ ਆਪਣੇ ਆਪ ਹੀ ਆਪਣੀ ਨਾਗਰਿਕਤਾ ਗੁਆ ਲੈਂਦੇ ਹਨ। ਪਰ ਹਕੀਕਤ ਇਹ ਵੀ ਹੈ ਕਿ ਦੂਜੇ ਦੇਸਾਂ ਦੀ ਨਾਗਰਿਕਤਾ ਲੈਣੀ ਇੰਨੀ ਸੌਖੀ ਨਹੀਂ ਹੈ ਕਿ ਜੋ ਚਾਹੇ ਉਹ ਉਨ੍ਹਾਂ ਦੇਸਾਂ ਵਿਚ ਜਾ ਕੇ ਵਸ ਸਕਦਾ ਹੈ। ਭਾਰਤ ਛੱਡਣ ਵਾਲੇ ਜ਼ਿਆਦਾਤਰ ਲੋਕਾਂ ਨੇ ਅਮਰੀਕੀ ਨਾਗਰਿਕਤਾ ਲੈ ਲਈ ਹੈ। ਲੱਖਾਂ ਭਾਰਤੀ ਉੱਥੇ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਸੰਘਰਸ ਕਰ ਰਹੇ ਹਨ, ਨੌਕਰੀਆਂ ਗੁਆਉਣ ਤੋਂ ਬਾਅਦ, ਉਨ੍ਹਾਂ ਕੋਲ ਵਾਪਸ ਆਉਣ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਬਚਿਆ ਹੈ। ਸਪੱਸਟ ਹੈ ਕਿ ਅਜਿਹੇ ਲੱਖਾਂ ਲੋਕ ਮਜਬੂਰੀ ਵੱਸ ਭਾਰਤ ਦੇ ਨਾਗਰਿਕ ਬਣੇ ਹੋਏ ਹਨ। ਅਸਲੀਅਤ ਇਹ ਹੈ ਕਿ ਸਾਡੇ ਦੇਸ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਪੜ੍ਹਾਈ ਲਈ ਦੂਜੇ ਦੇਸਾਂ ਵਿੱਚ ਜਾਂਦੇ ਹਨ। ਫਿਰ ਉਹ ਕੋਈ ਨੌਕਰੀ ਕਰ ਕੇ ਉਥੇ ਹੀ ਵੱਸ ਜਾਂਦੇ ਹਨ। ਇਸੇ ਤਰ੍ਹਾਂ ਕਈ ਲੋਕ ਕਾਰੋਬਾਰ ਦੇ ਸਿਲਸਿਲੇ ਵਿਚ ਦੂਜੇ ਦੇਸਾਂ ਦੀ ਨਾਗਰਿਕਤਾ ਲੈ ਲੈਂਦੇ ਹਨ। ਹਕੀਕਤ ਇਹ ਵੀ ਹੈ ਕਿ ਕਈ ਅਜਿਹੇ ਕਾਰੋਬਾਰੀਆਂ ਨੇ ਦੂਜੇ ਦੇਸਾਂ ਦੀ ਨਾਗਰਿਕਤਾ ਲੈ ਲਈ, ਜਿਨ੍ਹਾਂ ਦਾ ਭਾਰਤ ਵਿੱਚ ਠੋਸ ਕਾਰੋਬਾਰ ਸੀ। ਪਿਛਲੇ ਕੁਝ ਸਮੇਂ ਤੋਂ ਇਹ ਚਿੰਤਾ ਵੀ ਪ੍ਰਗਟਾਈ ਜਾ ਰਹੀ ਹੈ ਕਿ ਕਾਰੋਬਾਰੀਆਂ ਦੇ ਇਸ ਤਰ੍ਹਾਂ ਦੇ ਪਰਵਾਸ ਨਾਲ ਦੇਸ ਦੀ ਆਰਥਿਕਤਾ 'ਤੇ ਮਾੜਾ ਅਸਰ ਪਵੇਗਾ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਦੇਸ ਦੇ ਕਈ ਹਿੱਸਿਆਂ ਅਤੇ ਵਰਗਾਂ ਵਿੱਚ ਨੌਕਰੀ ਜਾਂ ਕਾਰੋਬਾਰ ਕਰਨ ਲਈ ਵਿਦੇਸ ਜਾਣਾ ਅਤੇ ਫਿਰ ਉੱਥੇ ਜਾ ਕੇ ਵੱਸਣਾ ਮਾਣ ਦੀ ਗੱਲ ਸਮਝੀ ਜਾਂਦੀ ਹੈ। ਇਹ ਵੀ ਸੱਚ ਹੈ ਕਿ ਲੱਖਾਂ ਭਾਰਤੀ ਜੋ ਨੌਕਰੀਆਂ ਲਈ ਵਿਦੇਸ ਗਏ ਹਨ, ਇੱਥੇ ਭਾਰੀ ਮਾਤਰਾ ਵਿੱਚ ਵਿਦੇਸੀ ਮੁਦਰਾ ਭੇਜਦੇ ਹਨ, ਜਿਸ ਨਾਲ ਸਰਕਾਰ ਦਾ ਖਜਾਨਾ ਭਰਦਾ ਹੈ। ਪਰ ਇਹ ਸਵਾਲ ਅਜੇ ਵੀ ਅਣਸੁਲਝਿਆ ਹੋਇਆ ਹੈ ਕਿ ਲੋਕਾਂ ਦੇ ਸਾਹਮਣੇ ਅਜਿਹੀ ਸਥਿਤੀ ਕਿਉਂ ਆ ਜਾਂਦੀ ਹੈ ਕਿ ਉਹ ਆਪਣੇ ਦੇਸ ਦੀ ਨਾਗਰਿਕਤਾ ਛੱਡ ਕੇ ਵਿਦੇਸਾਂ ਵਿਚ ਜਾ ਕੇ ਵੱਸਣਾ ਹੀ ਸੁਰੱਖਿਅਤ ਸਮਝਦੇ ਹਨ। ਦਰਅਸਲ, ਹਰ ਸਾਲ ਲੱਖਾਂ ਵਿਦਿਆਰਥੀ ਸਿੱਖਿਆ ਅਤੇ ਰੁਜਗਾਰ ਦੇ ਉਚਿਤ ਮੌਕੇ ਨਾ ਮਿਲਣ ਕਾਰਨ ਦੇਸ ਛੱਡਣ ਲਈ ਮਜਬੂਰ ਹੁੰਦੇ ਹਨ। ਅੰਕੜੇ ਇਸ ਗੱਲ ਦੇ ਗਵਾਹ ਹਨ ਕਿ ਤਕਨੀਕੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਹਰ ਸਾਲ ਭਾਰਤੀ ਅਦਾਰਿਆਂ ਤੋਂ ਪਾਸ ਆਊਟ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚੋਂ ਸਾਇਦ ਹੀ ਇੱਕ ਤਿਹਾਈ ਨੂੰ ਇੱਜਤ ਵਾਲੀ ਨੌਕਰੀ ਮਿਲਦੀ ਹੈ। ਤਨਖਾਹ ਆਦਿ ਦੇ ਮਾਮਲੇ ਵਿੱਚ ਵੀ ਇੱਥੋਂ ਦੇ ਮੁਲਾਜਮਾਂ ਦੀ ਹਾਲਤ ਤਸੱਲੀਬਖਸ ਨਹੀਂ ਹੈ। ਅਜਿਹੇ 'ਚ ਵਿਦੇਸ 'ਚ ਪੜ੍ਹਾਈ ਕਰਨ ਗਏ ਵਿਦਿਆਰਥੀ ਇੱਥੇ ਵਾਪਸ ਨਹੀਂ ਆਉਣਾ ਚਾਹੁੰਦੇ। ਕਾਰੋਬਾਰੀਆਂ ਦਾ ਵੀ ਇਹੀ ਹਾਲ ਹੈ। ਸਰਕਾਰ ਭਾਵੇਂ ਵਪਾਰ ਲਈ ਅਨੁਕੂਲ ਹਾਲਾਤ ਪੈਦਾ ਕਰਨ ਦੀ ਕਿੰਨੀ ਵੀ ਕੋਸ਼ਿਸ਼ ਕਰੇ ਪਰ ਅਸਲੀਅਤ ਇਹ ਹੈ ਕਿ ਨਿਵੇਸ ਅਤੇ ਆਮਦਨ ਦਾ ਅਨੁਪਾਤ ਹਮੇਸਾ ਅਨਿਸਚਿਤ ਹੀ ਰਹਿੰਦਾ ਹੈ। ਜੇਕਰ ਕਾਰੋਬਾਰ ਲਈ ਸੁਰੱਖਿਅਤ ਮਾਹੌਲ ਹੁੰਦਾ ਤਾਂ ਉਹ ਕਦੇ ਵੀ ਆਪਣਾ ਦੇਸ ਨਹੀਂ ਛੱਡਦੇ। ਇਸ ਲਈ ਇਸ ਤਰ੍ਹਾਂ ਲੋਕਾਂ ਦਾ ਆਪਣੇ ਦੇਸ ਦੇ ਵਸੀਲਿਆਂ ਦੀ ਵਰਤੋਂ ਕਰਕੇ ਹੁਨਰ ਹਾਸਲ ਕਰਕੇ ਦੂਜੇ ਦੇਸਾਂ ਵਿਚ ਜਾਣਾ ਸਰਕਾਰ ਨੂੰ ਇਸ ਦਿਸਾ ਵਿਚ ਨਵੇਂ ਸਿਰੇ ਤੋਂ ਸੋਚਣ ਦੀ ਲੋੜ ਨੂੰ ਉਜਾਗਰ ਕਰਦਾ ਹੈ।

**ਸੁਖਜਿੰਦਰ ਸਮਰਾ**
ਮੋ. 1 780 300 2000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਚਣੌਤੀ ਬਣਿਆ ਪੰਜਾਬ ਦੇ ਪਿੰਡਾਂ ਦਾ ਵਿਕਾਸ



**ਗੁਰਮੀਤ ਸਿੰਘ ਪਲਾਹੀ**
-9815802070

ਪੰਜਾਬ 'ਚ ਜਦੋਂ ਵੀ ਕਿਸੇ ਸਿਆਸੀ ਧਿਰ ਦੀ ਸਰਕਾਰ ਹੋਂਦ ਵਿੱਚ ਆਉਂਦੀ ਹੈ, ਉਸ ਵਲੋਂ ਪਿੰਡਾਂ ਦੇ ਵਿਕਾਸ ਦੀ ਗੱਲ ਕੀਤੀ ਜਾਂਦੀ ਹੈ। ਮੌਜੂਦਾ ਸਰਕਾਰ ਨੇ 500 "ਸਮਾਰਟ ਵਿਲੇਜ" ਬਣਾਕੇ ਪੰਜਾਬ ਨੂੰ 'ਰੰਗਲਾ ਪੰਜਾਬ' ਬਨਾਉਣ ਦਾ ਟੀਚਾ ਮਿਥਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਹਰ ਬਲਾਕ ਦੇ ਪੰਜ-ਪੰਜ ਪਿੰਡਾਂ 'ਚ ਸਿਹਤ, ਸਿੱਖਿਆ, ਖੇਡਾਂ, ਸੈਨੀਟੇਸ਼ਨ ਅਤੇ ਪੀਣ ਵਾਲੇ ਸ਼ੁੱਧ ਪਾਣੀ ਦੀ ਸਹੀ ਵਿਵਸਥਾ ਕੀਤੀ ਜਾਵੇਗੀ। ਸਰਕਾਰ ਵਲੋਂ ਪਿੰਡਾਂ 'ਚ ਛੋਟੇ ਸੂਚਨਾ ਕੇਂਦਰ ਸਥਾਪਤ ਕੀਤੇ ਜਾਣ ਦੀ ਵੀ ਯੋਜਨਾ ਹੈ ਤਾਂ ਕਿ ਪੇਂਡੂ ਨੌਜਵਾਨ ਰੁਜ਼ਗਾਰਤ ਹੋ ਸਕਣ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਨੇ ਇਸ ਮੰਤਵ ਲਈ "ਮੇਰਾ ਪਿੰਡ ਮੇਰੀ ਰੂਹ" ਮੁਹਿੰਮ ਆਰੰਭੀ ਹੈ। ਸਰਕਾਰ ਨੇ 9 ਟੀਚੇ ਮਿੱਥੇ ਹਨ। ਪਿੰਡ 'ਚ ਹਰੇਕ ਨੂੰ ਰੋਟੀ ਮਿਲੇ, ਪਿੰਡ ਸਿਹਤਮੰਦ ਬਣੇ, ਬੱਚਿਆਂ ਦੀ ਸਿਹਤ ਸੰਭਾਲ ਪਿੰਡ 'ਚ ਚੰਗੀ ਹੋਵੇ, ਪਿੰਡ 'ਚ ਸਾਫ਼ ਸੁਥਰਾ ਪਾਣੀ ਮਿਲੇ, ਪਿੰਡ ਸਾਫ਼ ਸੁਥਰਾ ਅਤੇ ਹਰਿਆ ਭਰਿਆ ਹੋਵੇ, ਪਿੰਡ 'ਚ ਆਪਣਾ ਭਰਵਾਂ ਬੁਨਿਆਦੀ ਢਾਂਚਾ ਹੋਵੇ, ਪਿੰਡ 'ਚ ਸਮਾਜਿਕ ਨਿਆਂ ਮਿਲੇ, ਪਿੰਡਾਂ 'ਚ ਪ੍ਰਬੰਧਕੀ ਢਾਂਚਾ ਮਜ਼ਬੂਤ ਹੋਵੇ ਅਤੇ ਖ਼ਾਸ ਕਰਕੇ ਔਰਤਾਂ ਸੁਰੱਖਿਅਤ ਹੋਣ। ਇਹ ਸਾਰੇ ਕੰਮ ਪਿੰਡ ਪੰਚਾਇਤਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਜ਼ੁੰਮੇ ਲਾਏ ਗਏ ਹਨ, ਜਿਹਨਾ ਨੂੰ ਹਦਾਇਤ ਕੀਤੀ ਗਈ ਹੈ ਕਿ ਹਾੜੀ, ਸਾਉਣੀ ਉਹ ਪਿੰਡਾਂ 'ਚ ਗ੍ਰਾਮ ਸਭਾ ਦਾ ਇਜਲਾਸ ਕਰਕੇ ਪਿੰਡਾਂ ਦੇ ਕੀਤੇ ਜਾਣ ਵਾਲੇ ਕੰਮਾਂ ਦੀ ਪਹਿਲ ਨਿਰਧਾਰਤ ਕਰਨ ਅਤੇ ਲੋਕਾਂ ਦੇ ਸਹਿਯੋਗ ਨਾਲ ਕੰਮ ਕਰਨ।

ਪਿੰਡਾਂ ਦੇ ਵਿਕਾਸ ਦੀ ਜ਼ੁੰਮੇਵਾਰੀ ਪਿੰਡ ਪੰਚਾਇਤ 'ਤੇ ਹੈ, ਜਿਸ ਨੂੰ ਪਿੰਡ ਦੀ ਇਕਾਈ ਗ੍ਰਾਮ ਸਭਾ (ਪਿੰਡ ਦੇ ਸਮੂਹ ਵੋਟਰਾਂ ਦੀ ਸੰਸਥਾ) ਚੁਣਦੀ ਹੈ। ਮੌਜੂਦਾ ਸਮੇਂ 'ਚ ਸਰਪੰਚ ਦੀ ਸਿੱਧੀ ਚੋਣ ਤੋਂ ਇਲਾਵਾ ਵਾਰਡ ਬੰਦੀ ਨਾਲ ਪੰਚ ਚੁਣੇ ਜਾਂਦੇ ਹਨ। ਇਹ ਪੰਜ ਸਾਲਾਂ ਲਈ ਚੁਣੀ ਹੋਈ ਪੰਚਾਇਤ, ਪਿੰਡ ਦੇ ਵਿਕਾਸ ਲਈ ਜ਼ੁੰਮੇਵਾਰ ਹੁੰਦੀ ਹੈ। ਪਰ ਪਿਛਲੇ ਕੁਝ ਸਮੇਂ ਤੋਂ ਪਿੰਡ ਪੰਚਾਇਤਾਂ 'ਚ ਉੱਚ ਵਿਕਾਸ ਪੰਚਾਇਤ ਅਧਿਕਾਰੀਆਂ ਦੇ ਮਜ਼ਬੂਤ ਸ਼ਿਕੰਜੇ ਨੇ ਪੰਚਾਇਤਾਂ ਦਾ ਸਥਾਨਕ ਸਰਕਾਰ ਦਾ ਬਿੰਬ ਬੁਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਚੁਣੀਆਂ ਪੰਚਾਇਤਾਂ ਨੂੰ ਬਲਾਕ ਵਿਕਾਸ ਪੰਚਾਇਤ ਅਫ਼ਸਰਾਂ, ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ, ਮਨਰੇਗਾ ਅਫ਼ਸਰਾਂ ਉਤੇ ਪੂਰੀ ਤਰ੍ਹਾਂ ਨਿਰਭਰ ਬਣਾ ਦਿੱਤਾ ਗਿਆ ਹੈ। ਮੌਜੂਦਾ ਸਮੇਂ 'ਚ ਹਾਲਤ ਇਥੋਂ ਤੱਕ ਬਦਤਰ ਹਨ, ਕਿ ਪੰਚਾਇਤ ਸਕੱਤਰਾਂ, ਬਲਾਕ ਵਿਕਾਸ ਅਫ਼ਸਰਾਂ ਦੀ ਕਮੀ ਹੈ, ਦੋ-ਦੋ ਦਰਜਨ ਦੇ ਲਗਭਗ ਪਿੰਡਾਂ ਨੂੰ ਇੱਕ ਪੰਚਾਇਤ ਸਕੱਤਰ ਕੰਟਰੋਲ ਕਰਦਾ ਹੈ, ਜੋ ਵਿਕਾਸ ਦੇ ਕੰਮਾਂ ਲਈ ਮਤਾ ਪਾਉਂਦਾ ਹੈ, ਬੈਂਕਾਂ ਦਾ ਹਿਸਾਬ ਕਿਤਾਬ ਰੱਖਦਾ ਹੈ, ਪੰਚਾਇਤਾਂ ਦੀਆਂ ਮੀਟਿੰਗਾਂ ਤੇ ਇਜਲਾਸ ਕਰਵਾਉਂਦਾ ਹੈ। ਕੀ ਇਸ ਸਥਿਤੀ 'ਚ ਕੋਈ ਪੰਚਾਇਤ ਆਪਣੇ ਤੌਰ 'ਤੇ ਕੋਈ ਸਾਰਥਕ ਕੰਮ ਚਲਾ ਸਕਦੀ ਹੈ? ਪੰਜਾਬ ਦੇ ਜ਼ਿਲਾ ਕਪੂਰਥਲਾ ਦੇ ਫਗਵਾੜਾ ਦੇ 91 ਪਿੰਡ ਹਨ। ਇਹਨਾ 91 ਪਿੰਡਾਂ ਦੀਆਂ ਪੰਚਾਇਤਾਂ ਦੇ ਕੰਮ ਚਲਾਉਣ ਲਈ ਸਿਰਫ਼ ਤਿੰਨ ਪੰਚਾਇਤ ਸਕੱਤਰ ਹਨ, ਫਗਵਾੜਾ 'ਚ ਕੋਈ ਪੱਕਾ ਬਲਾਕ ਵਿਕਾਸ 'ਤੇ ਪੰਚਾਇਤ ਅਫ਼ਸਰ ਨਹੀਂ। ਸੁਲਤਾਨਪੁਰ ਲੋਧੀ ਦਾ ਵਿਕਾਸ ਅਤੇ ਪੰਚਾਇਤ ਅਫ਼ਸਰ ਇਥੋਂ ਦਾ ਕੰਮ ਕਦੇ ਕਦਾਈ ਆ ਕੇ ਕੰਮ ਵੇਖਦਾ ਹੈ, ਜਿਸ ਕੋਲ ਇੱਕ ਹੋਰ ਜ਼ਿਲੇ ਜਲੰਧਰ ਦੇ ਇੱਕ ਬਲਾਕ ਦਾ ਵੀ ਚਾਰਜ ਹੈ। ਕੀ ਤਿੰਨ ਵਿਕਾਸ ਬਲਾਕਾਂ ਨੂੰ ਇੱਕ ਅਫ਼ਸਰ ਚਲਾ ਸਕਦਾ ਹੈ? ਕੀ ਨਿਰਧਾਰਤ ਟੀਚੇ ਪੂਰੇ ਕਰ ਸਕਦਾ ਹੈ?

ਪੰਚਾਇਤ ਦੇ ਆਮਦਨ ਦੇ ਸਾਧਨ ਸੀਮਤ ਹਨ। ਕੁਝ ਰਕਮ ਪੰਚਾਇਤ ਨੂੰ ਆਪਣੀ ਸਾਮਲਾਟ ਦੇ ਜ਼ਮੀਨੀ ਹਾਲੇ ਤੋਂ ਪ੍ਰਾਪਤ ਹੁੰਦੀ ਹੈ। ਕੁਝ ਰਕਮ ਕੇਂਦਰ ਸਰਕਾਰ ਤੋਂ । ਇਸ ਸਮੇਂ 13ਵੇਂ ਅਤੇ 14ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਤੋਂ ਵਿਕਾਸ ਕੰਮਾਂ ਲਈ ਪ੍ਰਾਪਤ ਹੁੰਦੀ ਹੈ ਅਤੇ ਵਿਕਾਸ ਅਤੇ ਪੰਚਾਇਤ ਦੇ ਕੁਝ ਵਿਕਾਸ ਕਾਰਜ ਮਗਨਰੇਗਾ ਸਕੀਮ ਅਧੀਨ ਕੀਤੇ ਜਾਂਦੇ ਹਨ ਅਤੇ ਕੁਝ ਸੂਬਾ ਸਰਕਾਰ ਦੇ ਪੇਂਡੂ ਵਿਕਾਸ ਫੰਡ ਤੋਂ ਪਰਾਪਤ ਫੰਡਾਂ ਰਾਹੀਂ ਕਰਦੀ ਹੈ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਦੀ ਇੱਕ ਰਿਪੋਰਟ ਮੁਤਾਬਕ ਸੂਬੇ ਭਰ 'ਚ ਪੰਚਾਇਤ ਦੀ 6.68 ਲੱਖ ਏਕੜ ਪੰਚਾਇਤ ਸ਼ਾਮਲਾਟ ਜ਼ਮੀਨ ਹੈ, ਜਿਸ ਵਿਚੋਂ 4.98 ਲੱਖ ਏਕੜ ਵਾਹੀ ਯੋਗ ਨਹੀਂ ਹੈ, ਇਸ ਜ਼ਮੀਨ ਵਿੱਚ ਵਣ, ਸੜਕਾਂ, ਸਕੂਲ, ਡਿਸਪੈਂਸਰੀਆਂ, ਛੱਪੜ ਆਦਿ ਹਨ, ਸਿਰਫ਼ 1.70 ਲੱਖ ਏਕੜ ਪੰਚਾਇਤੀ ਜ਼ਮੀਨ ਵਾਹੀਯੋਗ ਹੈ। ਇਸਨੂੰ ਪੰਚਾਇਤ ਮਹਿਕਮਾ ਪੰਚਾਇਤਾਂ ਰਾਹੀਂ ਬੋਲੀ 'ਤੇ ਖੇਤੀ ਲਈ ਦੇਂਦਾ ਹੈ ਅਤੇ ਪਿਛਲੇ ਸਾਲ ਇਸਨੂੰ 384 ਕਰੋੜ ਦੀ ਕਮਾਈ ਹੋਈ। ਪਰ ਇਸ ਵਿੱਚੋਂ 18412 ਏਕੜ ਜ਼ਮੀਨ ਉਤੇ ਲੋਕਾਂ ਪ੍ਰਾਈਵੇਟ ਸੰਸਥਾਵਾਂ ਆਦਿ ਨਜਾਇਜ਼ ਕਬਜ਼ੇ ਹਨ। ਇਹਨਾ ਕਬਜ਼ਿਆਂ ਨੂੰ ਛੁਡਾਉਣ ਲਈ ਕਈ ਥਾਈਂ ਕਾਨੂੰਨੀ ਚਾਰਾਜੋਈ ਹੋਈ ਹੈ, ਪਰ ਦਹਾਕਿਆਂ ਤੋਂ ਇਹ ਕੇਸ ਲੰਬਿਤ ਹੋਣ ਕਾਰਨ 3893 ਏਕੜ ਜ਼ਮੀਨ ਛੁਡਵਾਈ ਨਹੀਂ ਜਾ ਸਕੀ। ਕਾਨੂੰਨ ਅਨੁਸਾਰ ਪੰਚਾਇਤ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਅਦਾਲਤ 'ਚ ਨਜਾਇਜ਼ ਕਬਜ਼ਾ ਛੁਡਾਉਣ ਲਈ ਕੇਸ ਦਾਇਰ ਕਰਦੀਆਂ ਹਨ, ਜਿਸਦੀ 6 ਮਹੀਨੇ 'ਚ ਸੁਣਵਾਈ ਤੇ ਫੈਸਲਾ ਜ਼ਰੂਰੀ ਹੁੰਦਾ ਹੈ, ਪਰ ਇਹ ਕੇਸ ਸਿਆਸੀ ਸਰਪ੍ਰਸਤੀ ਕਾਰਨ ਸਾਲਾਂ ਬੱਧੀ ਲਟਕਦੇ ਹਨ, ਉਪਰੰਤ ਡਾਇਰੈਕਟਰ ਪੰਚਾਇਤਾਂ ਕੋਲ ਅਪੀਲ ਅਤੇ ਫਿਰ ਪੰਜਾਬ ਹਰਿਆਣਾ ਹਾਈ ਕੋਰਟ 'ਚ ਅਪੀਲਾਂ ਕਾਰਨ ਪੰਚਾਇਤ ਦੀ ਆਮਦਨ ਦੇ ਵਸੀਲਿਆਂ ਵਾਲੀ ਜ਼ਮੀਨ ਨਜਾਇਜ਼ ਕਬਜ਼ਾ ਧਾਰੀਆਂ ਕੋਲ ਪਈ ਰਹਿੰਦੀ ਹੈ। ਇੱਕ ਸਰਕਾਰੀ ਅੰਦਾਜ਼ੇ ਅਨੁਸਾਰ ਨਜਾਇਜ਼ ਕਬਜ਼ਾਧਾਰੀਆਂ ਨੇ ਪੰਚਾਇਤਾਂ ਦੀ 2000 ਕਰੋੜ ਮੁੱਲ ਦੀ ਜ਼ਮੀਨ ਤੇ ਕਬਜ਼ੇ ਕੀਤੇ ਹੋਏ ਹਨ, ਜਿਸ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਇਹ ਕਬਜ਼ੇ ਸਿਆਸੀ ਸ਼ਹਿ ਕਾਰਨ ਸਮਾਜ ਦੇ ਧੱਕੇ ਧੌਂਸ ਵਾਲੇ ਲੋਕਾਂ ਵਲੋਂ ਕੀਤੇ ਗਏ ਹੋਏ ਹਨ।

ਪਿੰਡਾਂ ਦੇ ਵਿਕਾਸ ਲਈ ਮਗਨਰੇਗਾ ਸਕੀਮ ਨੂੰ ਦੇਸ਼ ਭਰ 'ਚ ਪੇਂਡੂ ਵਿਕਾਸ ਅਤੇ ਪੇਂਡੂ ਰੁਜ਼ਗਾਰ ਲਈ ਵੱਡੀ ਯੋਜਨਾ ਮੰਨਿਆ ਜਾ ਰਿਹਾ ਹੈ। ਪੰਜਾਬ 'ਚ ਵੀ ਇਹ ਲਾਗੂ ਹੈ। ਪਰ ਮਗਨਰੇਗਾ ਦਾ ਪੰਜਾਬ 'ਚ ਜੋ ਹਾਲ ਹੈ ਜਾਂ ਕਿੰਨਾ ਕੁ ਵਿਕਾਸ 'ਚ ਯੋਗਦਾਨ ਹੈ, ਉਹ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਇੱਕ ਰਿਪੋਰਟ ਤੋਂ ਵੇਖਿਆ-ਪੜ੍ਹਿਆ ਜਾ ਸਕਦਾ ਹੈ। ਅੰਕੜੇ ਦੱਸਦੇ ਹਨ ਕਿ ਵਿੱਤੀ ਵਰ੍ਹੇ 2022-23 'ਚ ਪੰਜਾਬ ਨਰੇਗਾ ਨੇ 1.52 ਲੱਖ ਕੰਮ (ਪਹਿਲੇ ਸਾਲਾਂ ਦੇ ਅਤੇ ਇਸ ਸਾਲ ਦੇ) ਉਲੀਕੇ ਸਨ, ਜਿਸ ਵਿੱਚੋਂ 8 ਮਹੀਨਿਆਂ 'ਚ (ਨਵੰਬਰ 2022) ਤੱਕ ਸਿਰਫ਼ 18.78 ਫ਼ੀਸਦੀ ਹੀ ਪੂਰੇ ਕੀਤੇ ਗਏ। ਸੂਬੇ ਨੇ ਸਕੀਮ ਅਧੀਨ 1500 ਕਰੋੜ ਖ਼ਰਚਣੇ ਸਨ ਜਿਸ ਵਿੱਚ 853.46 ਕਰੋੜ ਹੀ ਖ਼ਰਚੇ (56.9 ਫ਼ੀਸਦੀ)। ਕੁਲ ਮਿਲਾਕੇ ਪੰਜਾਬ 'ਚ 153 ਵਿਕਾਸ ਬਲਾਕ ਹਨ। ਜਿਹਨਾ ਅਧੀਨ 13,326 ਗ੍ਰਾਮ ਪੰਚਾਇਤਾਂ ਹਨ। ਇਹਨਾ ਵਿਚੋਂ 654 ਪੰਚਾਇਤਾਂ ਇਹੋ ਜਿਹੀਆਂ ਹਨ, ਜਿਹਨਾ 'ਚ ਮਗਨਰੇਗਾ ਸਕੀਮ ਅਧੀਨ ਇੱਕ ਵੀ ਪੈਸਾ ਨਹੀਂ ਖਰਚਿਆ ਗਿਆ। ਮਗਨਰੇਗਾ ਸਕੀਮ ਅਧੀਨ 60 ਫ਼ੀਸਦੀ ਮਜ਼ਦੂਰੀ ਅਤੇ 40 ਫੀਸਦੀ ਮਟੀਰੀਅਲ (ਸਮਾਨ) ਤੇ ਖਰਚਿਆ ਜਾਣਾ ਹੁੰਦਾ ਹੈ। ਇਸ ਰਕਮ ਵਿਚੋਂ 25 ਫ਼ੀਸਦੀ ਸੂਬੇ ਦਾ ਹਿੱਸਾ ਹੁੰਦਾ ਹੈ। ਇਸ ਵਰ੍ਹੇ 'ਚ ਲੇਬਰ ਦਾ ਹਿੱਸਾ ਤਾਂ 71 ਫ਼ੀਸਦੀ ਖ਼ਰਚ ਦਿੱਤਾ ਗਿਆ ਪਰ ਮਟੀਰੀਅਲ ਦਾ ਹਿੱਸਾ ਸਿਰਫ਼ 28.56 ਖਰਚਿਆ ਗਿਆ। ਜਿਸਦਾ ਸਿੱਧਾ ਭਾਵ ਇਹ ਹੈ ਕਿ ਵਰਕਰਾਂ ਦੇ ਸਲਾਨਾ 100 ਦਿਨ ਦਾ ਰੁਜ਼ਗਾਰ ਪੈਦਾ ਕਰਨ ਲਈ ਸੜਕਾਂ, ਛੱਪੜ ਆਦਿ ਸਾਫ਼ ਕਰਨ ਉਤੇ ਹੀ ਮਜ਼ਦੂਰੀ ਕਰਵਾ ਦਿੱਤੀ ਗਈ, ਵਿਕਾਸ ਦੇ ਕੰਮਾਂ ਦੀ ਅਣਦੇਖੀ ਹੋਈ। ਜਿਸਦਾ ਸਿੱਧਾ ਕਾਰਨ ਸੂਬੇ ਵਿੱਚ ਰੇਤਾ, ਬਜਰੀ ਅਤੇ ਹੋਰ ਸਮਾਨ ਦੀ ਕਮੀ ਜਾਂ ਵੱਧ ਰੇਟਾਂ 'ਤੇ ਮਿਲਣਾ ਹੈ, ਕਿਉਂਕਿ ਇਮਾਰਤੀ ਮਟੀਰੀਅਲ ਨਾ ਮਿਲਣ ਕਾਰਨ ਪੇਂਡੂ ਵਿਕਾਸ ਦੇ ਕੰਮ ਠੱਪ ਪਏ ਹਨ ਅਤੇ ਬਹੁਤੇ ਥਾਈਂ ਪੰਚਾਇਤਾਂ ਦੇ ਖ਼ਾਤਿਆਂ 'ਚ ਫੰਡ ਤਾਂ ਹਨ, ਪਰ ਖ਼ਰਚੇ ਨਹੀਂ ਜਾ ਰਹੇ। ਉਂਜ ਵੀ ਮਗਨਰੇਗਾ 'ਚ ਕੋਈ ਵੀ ਨਵਾਂ ਪ੍ਰਾਜੈਕਟ ਆਨਲਾਈਨ ਦਾਖ਼ਲ ਹੁੰਦਾ ਹੈ, ਜਿਸ 'ਚ ਨਿਰਧਾਰਤ ਇਮਾਰਤੀ ਮਟੀਰੀਅਲ ਦਾ ਭਾਅ ਨੀਅਤ ਹੈ। ਭਾਵ ਜੇਕਰ ਕੋਈ ਉਸਾਰੀ ਕਰਨੀ ਹੈ ਤਾਂ ਸੀਮਿੰਟ ਪਰਤੀ ਬੋਰਾ ਦੀ ਕੀਮਤ 300 ਰੁਪਏ ਪ੍ਰਤੀ ਬੋਰਾ ਹੈ, ਪਰ ਮਾਰਕੀਟ 'ਚ 400 ਰੁਪਏ ਤੋਂ ਉਪਰ ਹੈ ਤਾਂ ਇਸ ਰੇਟ ਦਾ ਫ਼ਰਕ ਕਿਹੜੀ ਪੰਚਾਇਤ ਜਾਂ ਅਧਿਕਾਰੀ ਚੁੱਕੇਗਾ? ਉਂਜ ਵੀ ਜਿਵੇਂ ਮਾਰਕੀਟ ਵਿੱਚ ਮਜ਼ਦੂਰੀ ਦਾ ਪ੍ਰਤੀ ਦਿਨ ਰੇਟ 400 ਰੁਪਏ ਤੋਂ 500 ਰੁਪਏ ਹੈ ਜਦਕਿ ਮਗਨਰੇਗਾ 'ਚ ਇਹ ਰੇਟ 250 ਤੋਂ 300 ਰੁਪਏ ਪ੍ਰਤੀ ਦਿਹਾੜੀ ਹੈ।

ਭਾਰਤੀ ਸੰਵਿਧਾਨ ਵਿੱਚ 73ਵੀਂ ਸੋਧ ਜੋ 1992 'ਚ ਪਾਸ ਕੀਤੀ ਗਈ। ਅਤੇ ਅਪ੍ਰੈਲ 1993 'ਚ ਇਹ ਸੋਧ ਲਾਗੂ ਹੋਈ, ਇਸ ਵਿੱਚ ਪੰਚਾਇਤੀ ਸੰਸਥਾਵਾਂ ਨੂੰ ਜ਼ਮੀਨੀ ਪੱਧਰ 'ਤੇ ਸੂਬਾਈ ਅਤੇ ਕੇਂਦਰੀ ਸਕੀਮਾਂ ਲਾਗੂ ਕਰਨ ਲਈ ਵੱਧ ਅਧਿਕਾਰ ਮਿਲੇ। ਗ੍ਰਾਮ ਸਭਾ ਦੀ ਸਥਾਪਨਾ ਹੋਈ। ਪੰਚਾਇਤਾਂ ਅਧੀਨ 29 ਮਹਿਕਮੇ ਲਿਆਂਦੇ ਗਏ। ਪਰ ਇਹ ਅਧਿਕਾਰ ਧਰੇ ਧਰਾਏ ਰਹਿ ਗਏ, ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਨੇ ਪੰਚਾਇਤਾਂ ਨੂੰ ਇਹਨਾ ਅਧਿਕਾਰਾਂ ਦੀ ਵਰਤੋਂ ਕਰਨ ਹੀ ਨਾ ਦਿੱਤੀ। ਪੰਚਾਇਤਾਂ ਨੂੰ ਦਿੱਤੇ ਜਾਂਦੇ ਫੰਡਾਂ ਨੂੰ ਵੀ ਅਤੇ ਇਸ ਦੇ ਖ਼ਰਚ ਨੂੰ ਵੀ ਸੂਬਿਆਂ ਦੀਆਂ ਸਰਕਾਰਾਂ ਨੇ "ਫੰਡ ਨਿਯਮਿਤ" ਕਰਨ ਦੇ ਨਾਮ ਉਤੇ ਲਗਭਗ ਆਪਣੇ ਅਧੀਨ ਕਰ ਲਿਆ। ਹੁਣ ਸਥਿਤੀ ਇਹ ਹੈ ਕਿ ਪੰਚਾਇਤਾਂ ਸਥਾਨਕ ਸਰਕਾਰਾਂ ਵਜੋਂ ਨਹੀਂ, ਸਗੋਂ ਸੂਬਾ ਸਰਕਾਰ ਦੇ ਇੱਕ ਮਹਿਕਮੇ ਦੇ ਅੰਗ ਵਜੋਂ ਹੀ ਚਲਦੀਆਂ ਦਿਸਦੀਆਂ ਹਨ। ਉਂਜ ਵੀ ਪੰਚਾਇਤਾਂ ਨੂੰ ਮਿਲਣ ਵਾਲੇ ਫੰਡਾਂ ਦੀ ਕਮੀ ਵੀ ਪੇਂਡੂ ਵਿਕਾਸ ਦੇ ਆੜੇ ਆ ਰਹੀ ਹੈ।

ਪੰਜਾਬ 'ਚ ਪਿੰਡਾਂ ਦੇ ਵਿਕਾਸ ਲਈ ਪਹਿਲੀਆਂ ਸਰਕਾਰਾਂ ਵਲੋਂ ਵੀ ਟੀਚੇ ਮਿੱਥੇ ਜਾਂਦੇ ਰਹੇ ਹਨ, ਕਦੇ ਮਾਡਲ ਸਕੀਮ ਬਣਾਈ ਗਈ, ਕਦੇ ਕੋਈ ਹੋਰ ਸਕੀਮ, ਚੁਣੇ ਪਿੰਡਾਂ ਲਈ ਲੱਖਾਂ-ਕਰੋੜਾਂ ਦੀਆਂ ਸਰਕਾਰੀ ਗ੍ਰਾਂਟਾਂ ਸਿਆਸੀ ਅਧਾਰ 'ਤੇ ਦਿੱਤੀਆਂ ਗਈਆਂ, ਕਈ ਪਿੰਡਾਂ 'ਚ ਪ੍ਰਵਾਸੀ ਪੰਜਾਬੀਆਂ ਨੇ ਪਿੰਡਾਂ ਦੇ ਸੁਧਾਰ ਲਈ ਬੁਨਿਆਦੀ ਢਾਂਚਾ ਬਣਾਇਆ, ਖੇਡ ਸਟੇਡੀਅਮ, ਸਕੂਲ ਇਮਾਰਤਾਂ ਆਦਿ ਦੀ ਉਸਾਰੀ ਕੀਤੀ, ਪਰ ਪਿੰਡਾਂ ਦੇ ਸਮੂਹਿਕ ਵਿਕਾਸ ਲਈ ਪਿੰਡ ਪੱਧਰੀ ਜਾਂ ਬਲਾਕ ਪੱਧਰੀ ਕੋਈ ਵੀ ਪਲਾਨਿੰਗ (ਯੋਜਨਾ) ਦੀ ਅਣਹੋਂਦ ਰਹੀ। ਬਹੁਤੇ ਪਿੰਡ 'ਚ ਬੇਲੋੜਾ ਬੁਨਿਆਦੀ ਢਾਂਚਾਂ ਉਸਾਰਿਆ ਗਿਆ ਅਤੇ ਪਿੰਡ 'ਚ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਨਾ ਕੀਤੀਆਂ ਗਈਆਂ। ਆਮ ਤੌਰ 'ਤੇ ਗਲੀਆਂ,ਨਾਲੀਆਂ ਪੱਕੀਆਂ ਕਰਨ, ਗੰਦੇ ਪਾਣੀ ਦੇ ਨਿਕਾਸ ਆਦਿ ਤੱਕ ਹੀ ਪਿੰਡਾਂ ਦਾ ਵਿਕਾਸ ਸੀਮਤ ਕਰ ਦਿੱਤਾ ਗਿਆ।

ਲੋੜ ਤਾਂ ਇਸ ਗੱਲ ਦੀ ਸੀ ਕਿ ਪੰਚਾਇਤਾਂ ਨੂੰ ਸਥਾਨਕ ਸਰਕਾਰ ਵਜੋਂ ਵਿਕਸਤ ਕੀਤਾ ਜਾਂਦਾ । ਹਰ ਪਿੰਡ ਅਤੇ ਫਿਰ ਹਰ ਦਸ ਪਿੰਡਾਂ ਦੇ ਕਲਸਟਰ ਬਣਾਕੇ ਪਿੰਡਾਂ ਦੇ ਵਿਕਾਸ ਦੀ ਰੂਪ ਰੇਖਾ ਤਿਆਰ ਹੁੰਦੀ। ਬਲਾਕ ਪੱਧਰ 'ਤੇ ਸਮੂਹਿਕ ਪੇਂਡੂ ਵਿਕਾਸ ਲਈ ਯੋਜਨਾਵਾਂ ਬਣਦੀਆਂ। ਕਿਥੇ ਹਸਪਤਾਲ ਖੋਲ੍ਹਣਾ ਹੈ, ਕਿਥੇ ਲੋੜ ਅਨੁਸਾਰ ਹਾਈ, ਪ੍ਰਾਈਮਰੀ ਸਕੂਲ ਖੋਲ੍ਹਿਆ ਜਾਣਾ ਹੈ, ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਹੈ, ਨੌਜਵਾਨਾਂ ਲਈ ਵੋਕੇਸ਼ਨਲ ਸੈਂਟਰ ਖੋਲ੍ਹਣੇ ਹਨ, ਵੱਡੇ ਖੇਡ ਮੈਦਾਨ ਦੀ ਵਿਵਸਥਾ ਕਿਥੇ ਹੋਵੇ ਅਤੇ ਫੰਡਾਂ ਦੀ ਵਿਵਸਥਾ ਸੂਬਾ ਅਤੇ ਕੇਂਦਰ ਸਰਕਾਰ ਸਿਆਸੀ ਪੱਧਰ 'ਤੇ ਨਹੀਂ ਸਗੋਂ ਇਲਾਕੇ ਦੀਆਂ ਲੋੜਾਂ ਅਨੁਸਾਰ ਕਰੇ।

ਪਰ ਇਹ ਸਭ ਕੁਝ ਸਿਆਸੀ ਰੌਲੇ ਰੱਪੇ, ਪੇਂਡੂ ਧੜੇ ਬੰਦੀ, ਅਨਪੜ੍ਹਤਾ, ਅਗਿਆਨਤਾ ਦੀ ਭੇਂਟ ਚੜ੍ਹ ਗਿਆ। ਇਸ ਵੇਲੇ ਪੰਜਾਬ ਦਾ ਪੰਚਾਇਤੀ ਢਾਂਚਾ ਤਾਂ ਬੁਰੀ ਤਰ੍ਹਾਂ ਇਸ ਲਪੇਟ ਵਿੱਚ ਹੈ। ਜਦੋਂ ਗ੍ਰਾਂਟ ਇਹ ਤਹਿ ਕਰਕੇ ਦੇਣ ਦੀ ਪਿਰਤ ਹੋਵੇ ਕਿ ਕਿਸ ਪਿੰਡ ਤੇ ਕਿਸ ਪੰਚਾਇਤ ਨੇ ਵੋਟਾਂ ਕਿਸ ਸਿਆਸੀ ਧਿਰ ਨੂੰ ਪਾਈਆਂ ਹਨ ਅਤੇ ਸਿਆਸਤਦਾਨ ਹਾਕਮ ਵੀ ਇਹ ਲਿਸਟਾਂ ਚੁੱਕੀ ਫਿਰਨ ਅਤੇ ਥਾਣੇ ਕਚਿਹਰੀ ਪੰਚਾਇਤਾਂ ਜਾਂ ਉਹਨਾ ਨਾਲ ਜੁੜੇ ਲੋਕਾਂ ਨੂੰ ਖ਼ਜਲ ਕਰਨ ਤਾਂ ਫਿਰ ਵੱਧ ਅਧਿਕਾਰ, ਪਿੰਡ ਦਾ ਵਿਕਾਸ ਤਾਂ ਕਿਵੇਂ ਵੀ ਸੰਭਵ ਨਹੀਂ ਹੋ ਸਕਦਾ।

ਪੰਜਾਬ ਦਾ ਪਿੰਡ, ਪੰਜਾਬ ਦਾ ਪੰਚਾਇਤੀ ਸਿਸਟਮ ਸਿਆਸੀ ਚੁੰਗਲ 'ਚ ਫਸ ਚੁੱਕਾ ਹੈ, ਸੁਚੇਤ ਲੋਕ ਹੀ ਗ੍ਰਾਮ ਸਭਾਵਾਂ ਨੂੰ ਜਾਗਰਿਤ ਕਰਕੇ, ਪੰਜਾਬ ਦੀ ਵਿਰਾਸਤ ਪੰਚ-ਪ੍ਰਧਾਨੀ ਸਿਸਟਮ ਨੂੰ ਮੁੜ ਸਥਾਪਿਤ ਕਰ ਸਕਦੇ ਹਨ।

# ਕੀ ਢਾਈ ਗ੍ਰਾਮ ਗ਼ੈਰ-ਕਾਨੂੰਨੀ ਨਸ਼ਾ ਆਪਣੇ ਕੋਲ ਰੱਖਣ ਨੂੰ ਅਪਰਾਧ-ਮੁਕਤ ਕਰਾਰ ਦੇਣਾ ਸਹੀ ਫੈਸਲਾ ਹੈ?

ਐਲਬਰਟਾ ਦੇ ਨਾਲ ਲੱਗਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਫੈਡਰਲ ਸਰਕਾਰ ਦੀ ਮਨਜ਼ੂਰੀ ਮਿਲਣ ਮਗਰੋਂ ਇਸੇ ਸਾਲ ਪਹਿਲੀ ਫਰਬਰੀ ਤੋਂ ਆਪਣੀ ਨਿਜੀ ਵਰਤੋਂ ਵਾਸਤੇ ਢਾਈ ਗ੍ਰਾਮ ਗ਼ੈਰ-ਕਾਨੂੰਨੀ ਨਸ਼ੀਲਾ ਪਦਾਰਥ ਰੱਖਣ ਨੂੰ ਅਪਰਾਧ-ਮੁਕਤ ਕਰ ਦਿੱਤਾ ਗਿਆ ਹੈ। ਅਜਿਹਾ ਕਰਨ ਨੂੰ




ਕਾਨੂੰਨੀ ਮਾਨਤਾ ਨਹੀਂ ਦਿੱਤੀ ਗਈ ਹੈ। ਅਜੇ ਵੀ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥ ਦੀ ਵਿਕਰੀ, ਖ਼ਰੀਦਾਰੀ, ਉਸ ਨੂੰ ਵਪਾਰਕ ਤੌਰ 'ਤੇ ਲਿਆਉਣਾ-ਲੈ ਜਾਣਾ ਆਦਿ ਗ਼ੈਰ-ਕਾਨੂੰਨੀ ਹੈ ਤੇ ਅਜਿਹਾ ਕਰਦੇ ਸਮੇਂ ਫੜੇ ਜਾਣ 'ਤੇ ਸਜ਼ਾ ਹੋਵੇਗੀ। ਪਰ ਜੇ ਕਿਸੇ ਵਿਅਕਤੀ ਦੀ ਉਮਰ 18 ਸਾਲ ਤੋਂ ਉੱਪਰ ਹੈ ਅਤੇ ਉਸ ਨੇ ਆਪਣੀ ਵਰਤੋਂ ਵਾਸਤੇ ਇਹ ਨਸ਼ੀਲਾ ਪਦਾਰਥ ਆਪਣੇ ਕੋਲ ਰੱਖਿਆ ਹੈ ਅਤੇ ਫੜੇ ਜਾਣ 'ਤੇ ਉਸ ਵਿਰੁੱਧ ਕਾਰਵਾਈ ਨਹੀਂ ਹੋਵੇਗੀ। ਕਈ ਲੋਕ ਇਸ ਨੂੰ 'ਕਾਨੂੰਨੀ ਕਰ ਦਿੱਤਾ ਗਿਆ' ਕਹਿ ਰਹੇ ਹਨ ਪਰ ਇਹ ਸੱਚ ਨਹੀਂ ਹੈ।

ਬ੍ਰਿਟਿਸ਼ ਕੋਲੰਬੀਆ ਵਿੱਚ ਸਾਲ 2021 ਵਿੱਚ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਓਵਰਡੋਜ਼ ਕਾਰਨ 2200 ਲੋਕ ਮਾਰੇ ਗਏ ਸਨ। ਕੈਨੇਡਾ ਦੇ ਫੈਡਰਲ ਸਰਕਾਰੀ ਅੰਕੜਿਆਂ ਮੁਤਾਬਕ ਹਰ ਰੋਜ਼ 11 ਵਿਅਕਤੀਆਂ ਦੀ ਜਾਨ ਨਸ਼ੀਲੇ ਪਦਾਰਥਾਂ ਦੀ ਓਵਰਡੋਜ਼ ਕਾਰਨ ਹੋ ਰਹੀ ਹੈ ਤੇ ਇਹ ਸਿਲਸਿਲਾ ਸਾਲ 2016 ਤੋਂ ਜਾਰੀ ਹੈ। 15 ਤੋਂ 24 ਸਾਲ ਦੀ ਉਮਰ ਦੇ ਨੌਜਵਾਨਾਂ ਨੂੰ ਇਹਨਾਂ ਨਸ਼ਿਆਂ ਕਾਰਨ ਹਸਪਤਾਲਾਂ ਵਿੱਚ ਲੈ ਜਾਣਾ ਪੈ ਰਿਹਾ ਹੈ ਤੇ ਇਹ ਰੁਝਾਣ ਲਗਾਤਾਰ ਵਧ ਰਿਹਾ ਹੈ। ਸਿਰਫ਼ ਪਿਛਲੇ ਵਰ੍ਹੇ ਜਨਵਰੀ ਤੋਂ ਜੂਨ ਦਰਮਿਆਨ 3556 ਲੋਕਾਂ ਦੀ ਜਾਨ ਇਹਨਾਂ ਨਸ਼ਿਆਂ ਕਰਕੇ ਜਾ ਚੁੱਕੀ ਸੀ। ਸਾਲ 2016 ਤੋਂ ਲੈ ਕੇ 16 ਹਜ਼ਾਰ ਤੋਂ ਜ਼ਿਆਦਾ ਲੋਕ ਹੁਣ ਤੱਕ ਇਹਨਾਂ ਨਸ਼ਿਆਂ ਦੀ ਭੇਂਟ ਚੜ੍ਹ ਚੁੱਕੇ ਹਨ।

ਨਸ਼ੀਲੇ ਪਦਾਰਥਾਂ ਪ੍ਰਤੀ ਲੋਕਾਂ ਅਤੇ ਸਰਕਾਰਾਂ ਦਾ ਰਵਈਆ ਕੀ ਹੈ, ਇਹ ਜਾਣਨ ਲਈ ਇਕ ਪੁਰਾਣੀ ਕਹਾਣੀ ਚੇਤੇ ਕਰਦੇ ਹਾਂ। ਅੱਖਾਂ ਤੋਂ ਦੇਖ਼ ਨਾ ਸਕਣ ਵਾਲੇ ਕੁਝ ਵਿਅਕਤੀਆਂ ਨੂੰ ਹਾਥੀ ਦੀ ਵਿਆਖਿਆ ਕਰਨ ਨੂੰ ਕਿਹਾ ਗਿਆ। ਜਿਸ ਦੇ ਹੱਥ ਸੁੰਡ ਲੱਗੀ, ਉਸ ਦਾ ਕਹਿਣਾ ਸੀ ਹਾਥੀ ਇਕ ਮੋਟੇ ਸੱਪ ਵਰਗਾ ਹੈ। ਜਿਸ ਦਾ ਹੱਥ ਹਾਥੀ ਦੇ ਕੰਨ ਨੂੰ ਪਿਆ, ਉਸ ਦਾ ਕਹਿਣਾ ਸੀ ਕਿ ਹਾਥੀ, ਕੱਪੜੇ ਦੇ ਵੱਡੇ ਪੱਖੇ ਵਰਗਾ ਹੈ; ਲੱਤ ਫੜਣ ਵਾਲੇ ਦਾ ਕਹਿਣਾ ਸੀ ਕਿ ਦਰਖ਼ਤ ਦੇ ਤਣੇ ਵਰਗਾ ਹਾਥੀ ਹੁੰਦਾ ਹੈ। ਠੀਕ ਉਸੇ ਤਰ੍ਹਾਂ, ਨਸ਼ੀਲੇ ਪਦਾਰਥਾਂ ਦੀ ਸਮਸਿਆ ਨੂੰ ਵੇਖਿਆ ਜਾ ਰਿਹਾ ਹੈ। ਹਰੇਕ ਦਾ ਆਪਣਾ ਨਜ਼ਰੀਆ ਹੈ ਤੇ ਕੋਈ ਵੀ ਇਕ ਰਾਇ ਨਹੀਂ ਬਣ ਰਹੀ ਹੈ।

ਜਦੋਂ ਵਿਅਕਤੀ ਨਸ਼ੀਲੇ ਪਦਾਰਥ ਦੀ ਦਲਦਲ ਵਿੱਚ ਫਸ ਜਾਂਦਾ ਹੈ ਤਾਂ ਉਹ ਨਸ਼ਾ ਨਾ ਮਿਲਣ 'ਤੇ ਚਿੰਤਾ, ਦਰਦ, ਤਣਾਅ, ਉਦਾਸੀ (ਅਵਸਾਦ) ਵਿੱਚ ਆ ਜਾਂਦੇ ਹਨ ਤੇ ਫਿਰ ਨਸ਼ਾ ਹੀ ਉਹਨਾਂ ਨੂੰ ਇਹਨਾਂ ਸਭ ਅਲਾਮਤਾਂ (ਸਿੰਪਟਮਜ਼, ਲੱਛਣਾਂ) ਤੋਂ ਆਰਾਮ ਦਿੰਦਾ ਹੈ। ਨਸ਼ਾ ਛੁਡਾਉਣ ਲਈ ਹੋਰ ਨਸ਼ੀਲੀ ਦਵਾਈ ਦਿੱਤੀ ਜਾਂਦੀ ਹੈ ਜਿਹੜੀ ਇਸ ਬੰਧਨ ਨੂੰ ਤੋੜਦੀ ਨਹੀਂ।



ਕੈਨੇਡਾ ਵਿੱਚ ਨਸ਼ਿਆਂ ਦੇ ਰੁਝਾਣ ਨੂੰ ਸ਼ੁਰੂ ਕਰਨ ਵਾਸਤੇ ਫਾਰਮਾਸਿਉਟਿਕਲ ਕੰਪਨੀਆਂ ਅਤੇ ਡਾਕਟਰ ਜ਼ਿੰਮੇਦਾਰ ਹਨ। ਡਾਕਟਰ ਆਪਣੀ ਗ਼ਲਤੀ ਮੰਨ ਰਹੇ ਹਨ ਪਰ ਫਾਰਮਾਸਿਟਿਕਲ ਕੰਪਨੀਆਂ ਨਹੀਂ।

ਡਾਕਟਰਾਂ ਨੇ ਜਦੋਂ ਕਿਸੇ ਵਿਅਕਤੀ ਨੂੰ ਸੱਟ ਲੱਗਣ ਕਰਕੇ ਹੋਣ ਵਾਲੇ ਦਰਦ ਤੋਂ ਛੁਟਕਾਰਾ ਦੇਣ ਲਈ ਨਸ਼ੀਲੀਆਂ ਦਵਾਈਆਂ ਦਿੱਤੀਆਂ ਤਾਂ ਉਦੋਂ ਤੱਕ ਉਹਨਾਂ ਨੂੰ ਇਹ ਨਹੀਂ ਪਤਾ ਸੀ ਕਿ ਮਰੀਜ਼ ਉਸ ਦੇ ਆਦੀ ਹੋ ਜਾਣਗੇ ਪਰ ਫਾਰਮਾ ਕੰਪਨੀਆਂ ਨੂੰ ਇਸ ਗੱਲ ਦਾ ਪਤਾ ਸੀ। ਡਾਕਟਰ ਇਹ ਦਵਾਈਆਂ ਲਗਾਤਾਰ ਦਿੰਦੇ ਰਹੇ ਤੇ ਮਰੀਜ਼ ਇਹਨਾਂ ਦੇ ਆਦੀ ਹੁੰਦੇ ਗਏ। ਜਦੋਂ ਉਹਨਾਂ ਇਹ ਦਵਾਈਆਂ ਲਿਖਣੀਆਂ ਬੰਦ ਕੀਤੀਆਂ ਤਾਂ ਉਸ ਸਮੇਂ ਤੱਕ ਕਾਫੀ ਦੇਰ ਹੋ ਚੁੱਕੀ ਸੀ।

ਇਸੇ ਮੌਕੇ ਗ਼ੈਰ-ਕਾਨੂੰਨੀ ਬਾਜ਼ਾਰ ਖੁਲ੍ਹ ਗਿਆ। ਨਸ਼ਿਆਂ ਦੇ ਸੌਦਾਗਰਾਂ ਨੂੰ ਮੌਕਾ ਮਿਲ ਗਿਆ। ਗੋਲੀਆਂ ਤੋਂ ਹੈਰੋਇਨ ਦਾ ਸਿਲਸਿਲਾ ਚੱਲ ਪਿਆ। ਹੈਰੋਇਨ ਤੋਂ ਫੈਂਟਾਨਿਲ ਅਤੇ ਫਿਰ ਕਾਰਫੈਂਟਾਨਿਲ। ਇਸ ਮਗਰੋਂ ਹੈਰੋਇਨ ਵਿੱਚ ਪਹਿਲਾਂ ਫੈਨਟਾਨਿਲ ਮਿਕਸ ਹੋਣ ਲੱਗੀ ਤੇ ਫਿਰ ਕਾਰਫੈਨਟਾਨਿਲ ਮਿਕਸ ਹੋ ਕੇ ਆਉਣ ਲੱਗ ਪਈ। ਸਿਰਫ਼ ਇਕ ਵਾਰ ਹੀ ਇਸ ਦੀ ਵਰਤੋਂ ਵਿਅਕਤੀ ਨੂੰ ਇਸ ਦਾ ਆਦੀ ਬਣਾ ਦਿੰਦੀ ਹੈ।

ਕਾਰਫੈਂਟਾਨਿਲ ਵਰਗਾ ਨਸ਼ੀਲਾ ਪਦਾਰਥ ਹਾਥੀਆਂ, ਗੈਂਡਿਆਂ ਅਤੇ ਦਰਿਆਈ ਘੋੜਿਆਂ ਵਰਗੇ ਵੱਡ-ਅਕਾਰੀ ਜਾਨਵਰਾਂ ਨੂੰ ਬੇਹੋਸ਼ ਕਰਨ ਵਾਸਤੇ ਵਰਤਿਆ ਜਾਂਦਾ ਹੈ ਤੇ ਸੋਚਿਆ ਜਾ ਸਕਦਾ ਹੈ ਕਿ ਇਸ ਦਾ ਅਸਰ ਕਿੰਨਾ ਜ਼ਿਆਦਾ ਹੋਵੇਗਾ।

ਸਾਲ 2006 ਵਿੱਚ ਅਮੈਰਿਕਾ ਦੇ ਜਸਟਿਸ ਡਿਪਾਰਟਮੈਂਟ ਨੇ ਆਪਣੀ ਇਕ ਰਿਪੋਰਟ ਵਿੱਚ ਦੱਸਿਆ ਕਿ 'ਪਰਕੋਸੈਟ' ਅਤੇ 'ਔਕਸਿਕੋਂਟਿਨ' (Percocet and OxyContin) ਬਣਾਉਣ ਵਾਲੀਆਂ ਕੰਪਨੀਆਂ ਨੂੰ ਚੰਗੀ ਤਰ੍ਹਾਂ ਪਤਾ ਹੋਣ ਦੇ ਬਾਵਜੂਦ ਉਹਨਾਂ ਨੇ ਇਸ ਨੂੰ ਬਜ਼ਾਰ ਵਿੱਚ ਭੇਜਣਾ ਜਾਰੀ ਰੱਖਿਆ।

ਕੈਨੇਡਾ ਦੀਆਂ ਸੂਬਾਈ ਅਤੇ ਫੈਡਰਲ ਸਰਕਾਰਾਂ ਨੇ ਸਾਲ 2022 ਵਿੱਚ ਪਰਡਿਊ ਫਾਰਮਾ ਕੰਪਨੀ ਨਾਲ 150 ਮਿਲੀਅਨ ਡਾਲਰ ਵਿੱਚ ਸਮਝੌਤਾ ਕਰ ਲਿਆ ਤੇ 40 ਹੋਰ ਨਸ਼ੀਲੀਆਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੇ ਖਿਲਾਫ਼ ਕਾਨੂੰਨੀ ਚਾਰਾਜੋਈ ਕੀਤੀ ਜਾ ਰਹੀ ਹੈ।

ਇਕ ਵਾਰ ਨਸ਼ੇ ਦੀ ਲਤ ਲੱਗ ਜਾਣ ਮਗਰੋਂ ਇਹ ਮਾਨਿਸਕ ਸਿਹਤ ਦੀ ਸਮੱਸਿਆ ਬਣ ਜਾਂਦੀ ਹੈ। ਇਸੇ ਨੂੰ ਸਮਝਣ ਵਿੱਚ ਗ਼ਲਤੀ ਹੁੰਦੀ ਹੈ ਤੇ ਲੋਕ ਸਹੀ ਨਤੀਜੇ 'ਤੇ ਨਹੀਂ ਪਹੁੰਚਦੇ।

> ਨਸ਼ੀਲੇ ਪਦਾਰਥਾਂ ਪ੍ਰਤੀ ਲੋਕਾਂ ਅਤੇ ਸਰਕਾਰਾਂ ਦਾ ਰਵਈਆ ਕੀ ਹੈ, ਇਹ ਜਾਣਨ ਲਈ ਇਕ ਪੁਰਾਣੀ ਕਹਾਣੀ ਚੇਤੇ ਕਰਦੇ ਹਾਂ। ਅੱਖਾਂ ਤੋਂ ਦੇਖ਼ ਨਾ ਸਕਣ ਵਾਲੇ ਕੁਝ ਵਿਅਕਤੀਆਂ ਨੂੰ ਹਾਥੀ ਦੀ ਵਿਆਖਿਆ ਕਰਨ ਨੂੰ ਕਿਹਾ ਗਿਆ। ਜਿਸ ਦੇ ਹੱਥ ਸੁੰਡ ਲੱਗੀ, ਉਸ ਦਾ ਕਹਿਣਾ ਸੀ ਹਾਥੀ ਇਕ ਮੋਟੇ ਸੱਪ ਵਰਗਾ ਹੈ। ਜਿਸ ਦਾ ਹੱਥ ਹਾਥੀ ਦੇ ਕੰਨ ਨੂੰ ਪਿਆ, ਉਸ ਦਾ ਕਹਿਣਾ ਸੀ ਕਿ ਹਾਥੀ, ਕੱਪੜੇ ਦੇ ਵੱਡੇ ਪੱਖੇ ਵਰਗਾ ਹੈ; ਲੱਤ ਫੜਣ ਵਾਲੇ ਦਾ ਕਹਿਣਾ ਸੀ ਕਿ ਦਰਖ਼ਤ ਦੇ ਤਣੇ ਵਰਗਾ ਹਾਥੀ ਹੁੰਦਾ ਹੈ। ਠੀਕ ਉਸੇ ਤਰ੍ਹਾਂ, ਨਸ਼ੀਲੇ ਪਦਾਰਥਾਂ ਦੀ ਸਮਸਿਆ ਨੂੰ ਵੇਖਿਆ ਜਾ ਰਿਹਾ ਹੈ। ਹਰੇਕ ਦਾ ਆਪਣਾ ਨਜ਼ਰੀਆ ਹੈ ਤੇ ਕੋਈ ਵੀ ਇਕ ਰਾਇ ਨਹੀਂ ਬਣ ਰਹੀ ਹੈ

ਕਈ ਲੋਕ ਇਸ ਗੱਲ ਦਾ ਵਿਰੋਧ ਕਰ ਰਹੇ ਹਨ ਕਿ ਬ੍ਰਿਟਿਸ਼ ਕੋਲੰਬੀਆ ਨੇ ਢਾਈ ਗ੍ਰਾਮ ਗ਼ੈਰ-ਕਾਨੂੰਨੀ ਨਸ਼ੀਲਾ ਪਦਾਰਥ ਨੋਜੀ ਵਰਤੋਂ ਵਾਸਤੇ ਰੱਖਣ ਨੂੰ ਅਪਰਾਧ-ਮੁਕਤ ਕਰ ਕੇ ਗ਼ਲਤ ਫੈਸਲਾ ਲਿਆ ਹੈ। ਇਸ ਨੂੰ ਹੋਰ ਨਜ਼ਰੀਏ ਤੋਂ ਵੇਖਦੇ ਹਾਂ।

ਸ਼ਰਾਬ ਅਤੇ ਭੰਗ ਵੀ ਨਸ਼ੀਲੇ ਪਦਾਰਥ ਹਨ। ਇਹਨਾਂ ਦੀ ਖ਼ਰੀਦੋ-ਫ਼ਰੋਖ਼ਤ ਵੀ ਕਾਨੂੰਨੀ ਹੈ ਤੇ ਵਰਤੋਂ ਵੀ ਤੇ ਇਸ ਨੂੰ ਆਪਣੇ ਕੋਲ ਰੱਖਣਾ ਵੀ। ਇਹਨਾਂ ਨੂੰ ਵਰਤਣ (ਖਾਣ-ਪੀਣ) ਵਾਸਤੇ ਅਹਾਤੇ (ਰਸਟੋਰੈਂਟ, ਬਾਰ ਆਦਿ) ਵੀ ਖੁਲ੍ਹੇ ਹੋਏ ਹਨ। ਦੂਜੇ ਸ਼ਬਦਾਂ ਵਿੱਚ ਅਸੀਂ ਇਹਨਾਂ ਨੂੰ 'ਸੁਪਰਵਾਇਜ਼ਡ ਕੰਜ਼ੰਪਸ਼ਨ ਸਾਇਟਸ' ਵੀ ਕਹਿ ਸਕਦੇ ਹਾਂ। ਇਹ ਸਾਨੂੰ ਸਭ ਨੂੰ ਠੀਕ ਲੱਗਦਾ ਹੈ।

ਜਦੋਂ ਸਰਕਾਰ ਦੂਜੇ ਨਸ਼ਿਆਂ ਵਾਸਤੇ ਸੁਪਰਵਾਇਜ਼ਡ ਕੰਜ਼ੰਪਸ਼ਨ ਸਾਇਟਸ' ਖੋਲ੍ਹਣ ਦੀ ਗੱਲ ਕਰਦੀ ਹੈ ਤਾਂ ਅਸੀਂ ਇਸ ਦਾ ਵਿਰੋਧ ਸ਼ੁਰੂ ਕਰ ਦਿੰਦੇ ਹਾਂ। ਸਵਾਲ ਇਹ ਹੈ ਕਿ ਇਸ ਦਾ ਵਿਰੋਧ ਕਿਉਂ? ਇਸ ਪਿੱਛੇ ਕੋਈ ਠੋਸ ਤਰਕ ਨਹੀਂ ਹੈ।

ਹੁਣ ਜਦੋਂ ਗ਼ੈਰ-ਕਾਨੂੰਨੀ ਨਸ਼ਿਆਂ ਦੀ ਢਾਈ ਗ੍ਰਾਮ ਮਾਤਰਾ ਨਾਲ ਕੋਈ ਬੰਦ ਫੜਿਆ ਜਾਵੇ ਤਾਂ ਉਸ ਖਿਲਾਫ਼ ਪਰਚਾ ਹੋ ਜਾਂਦਾ ਹੈ ਤੇ ਉਸ ਨੂੰ ਗ਼ਿਰਫ਼ਤਾਰ ਕਰ ਲਿਆ ਜਾਂਦਾ ਹੈ। ਉਸ ਨੂੰ ਫੜਣ ਤੋਂ ਲੈ ਕੇ ਤਹਿਕੀਕਾਤ ਕਰਨ ਅਤੇ ਅਦਾਲਤੀ ਪ੍ਰਕਿਰਿਆ ਤੱਕ ਪਹੁੰਚਾਉਣ ਵਾਸਤੇ ਇਕ ਤੋਂ ਦੋ ਮਹੀਨੇ ਲੱਗ ਜਾਂਦੇ ਹਨ। ਅਦਾਲਤ ਫੈਸਲਾ ਸੁਣਾਉਂਦੀ ਹੈ ਕਿ ਇਸ ਨੂੰ ਅੰਦਰ ਕਰ ਦਿੱਤਾ ਜਾਵੇ। ਉਹ ਵਿਅਕਤੀ ਨਸ਼ਿਆਂ ਦਾ ਟੁੱਟਿਆ ਹਸਪਤਾਲ ਜਾ ਪਹੁੰਚਦਾ ਹੈ। ਉਥ ਉਸ ਨੂੰ ਫਿਰ ਨਸ਼ਾ ਦੇ ਕੇ ਸੁਲਾ ਦਿੱਤਾ ਜਾਂਦਾ ਹੈ ਤੇ ਸਜ਼ਾ ਪੂਰੀ ਕਰਕੇ ਉਹ ਬਾਹਰ ਆ ਜਾਂਦਾ ਹੈ। ਇਸ ਸਮੁੱਚੇ ਸਿਸਟਮ ਉੱਪਰ ਹਜ਼ਾਰਾਂ ਡਾਲਰ ਦਾ ਖ਼ਰਚਾ ਆਉਂਦਾ ਹੈ ਪਰ ਨਤੀਜਾ – ਸਿਫ਼ਰ! ਨਾ ਉਹ ਨਸ਼ਿਆਂ ਤੋਂ ਬਚਿਆ, ਨਾ ਨਸ਼ਾ ਵਿਕਣ ਤੋਂ ਹਟਿਆ; ਅਦਾਲਤੀ, ਪੁਲਿਸ ਤੇ ਹਸਪਤਾਲੀ ਖ਼ਰਚਾ ਹੋਇਆ ਸੋ ਵੱਖਰਾ!

ਹਰ ਢਾਈ-ਢਾਈ ਗ੍ਰਾਮ ਨਸ਼ੀਲੇ ਪਦਾਰਥ ਨਾਲ 'ਲੈਸ' ਵਿਅਕਤੀ ਨੂੰ ਫੜ ਕੇ ਜੇਲ ਅੰਦਰ ਸੁੱਟ ਦੇਣ ਨਾਲ ਕੁਝ ਨਹੀਂ ਹੋਣਾ। ਉਸ ਦੀ ਮਾਨਸਿਕ ਸਿਹਤ ਵੱਲ ਧਿਆਨ ਦਿੱਤੇ ਜਾਣ ਦੀ ਵੱਧ ਲੋੜ ਹੈ। ਇਸ ਤੋਂ ਵੀ ਵੱਧ, ਗ਼ੈਰ-ਕਾਨੂੰਨੀ ਨਸ਼ੇ ਦੇ 'ਕਾਰੋਬਾਰੀਆਂ' ਵਿਰੁਧ ਵੀ ਸਖ਼ਤ ਕਾਰਵਾਈ ਕਰਨ ਦੀ ਜ਼ਰੂਰਤ ਹੈ। ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਵਿੱਚ ਲੱਗੇ ਲੋਕਾਂ ਨੂੰ ਨੱਥ ਪਾਉਣ ਦੇ ਨਾਲ ਨਾਲ ਸੀਮਾ ਪਾਰ ਤੋਂ ਆਉਣ ਵਾਲੇ ਇਹਨਾਂ ਨਸ਼ੀਲੇ ਪਦਾਰਥਾਂ ਨੂੰ ਰੋਕਣ ਅਤੇ ਉਹਨਾਂ ਇਧਰ ਭੇਜਣ ਵਾਲਿਆਂ ਵਾਲਿਆਂ ਦੇ ਮੁਲਕਾਂ ਨਾਲ ਬਿਹਤਰ ਤਾਲਮੇਲ ਬਣਾ ਕੇ ਕੰਮ ਕਰਨ ਦੀ ਲੋੜ ਹੈ।

ਯੂਨਿਵਰਸਿਟੀ ਔਫ਼ ਬ੍ਰਿਟਿਸ਼ ਕੋਲੰਬੀਆ ਦੇ ਪੌਪੁਲੇਸ਼ਨ ਐਂਡ ਪਬਲਿਕ ਹੈਲਥ ਵਿਭਾਗ ਦੀ ਮਾਹਿਰ ਡਾ. ਆਇਐਨੀਆ ਓਵਿਐਡੋ ਜੋਕੀਜ਼ ਦਾ ਕਹਿਣਾ ਹੈ ਕਿ ਕਿਸੇ ਵੀ ਇਕ ਢੰਗ ਨਾਲ ਨਸ਼ੀਲੇ ਪਦਾਰਥਾਂ ਦੀ ਓਵਰਡੋਜ਼ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਸਭ ਤੋਂ ਵੱਧ ਚੁਣੌਤੀ ਵਾਲਾ ਕੰਮ ਮੈਂਟਲ ਹੈਲਥ ਇਸ਼ੂਜ਼ ਵੱਲ ਧਿਆਨ ਦੇਣਾ ਹੈ। ਉਹਨਾਂ ਦਾ ਕਹਿਣਾ ਹੈ ਕਿ ਇਸ ਥੋੜ੍ਹੀ ਮਾਤਰਾ ਨੂੰ ਅਪਰਾਧ ਮੁਕਤ ਕਰਨਾ ਇਸ ਦਿਸ਼ਾ ਵੱਲ ਸਹੀ ਕਦਮ ਹੈ ਪਰ ਇਹੀ ਕਾਫੀ ਨਹੀਂ ਹੈ। ਸੇਫ਼ ਇੰਜੈਕਸ਼ਨ ਸਾਇਟਸ ਦੀ ਸਥਾਪਨਾ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਡਾ. ਆਇਐਨੀਆ ਓਵਿਐਡੋ ਜੋਕੀਜ਼ ਦੇ ਮੁਤਾਬਕ ਪਰਿਵਾਰ ਅਤੇ ਮਿੱਤਰ ਇਸ ਗੱਲ ਵੱਲ ਧਿਆਨ ਦੇਣ ਕਿ ਉਹਨਾਂ ਦੇ ਬੱਚੇ, ਦੋਸਤ ਜਾਂ ਰਿਸ਼ਤੇਦਾਰ ਕਿਤੇ ਇਸ ਸਮਸਿਆ ਵਿੱਚ ਤਾਂ ਨਹੀਂ ਘਿਰ ਰਹੇ। ਉਹਨਾਂ ਨਾਲ ਨਫ਼ਰਤ ਨਹੀਂ, ਪਿਆਰ ਅਤੇ ਹਮਦਰਦੀ ਨਾਲ ਨਜਿਠੇ ਜਾਣ ਦੀ ਲੋੜ ਹੈ। ਤੁਹਾਡੇ ਡਾਕਟਰ ਇਸ ਵਿੱਚ ਤੁਹਾਡੀ ਵੱਡੀ ਮਦਦ ਕਰ ਸਕਦੇ ਹਨ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com



**Edmonton**
Parminder Singh Balluana
780-258-5800
780 599 2000
Email: balluana.parminder@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜਾਬ ਦੀ ਤਲਾਸ਼



## ਪੰਜਾਬ ਤੇ ਪੰਜਾਬੀਅਤ



ਡਾ. ਜੇ.ਐੱਸ. ਗਰੇਵਾਲ

ਤੀਜਾ ਤੇ ਅੰਤਿਮ ਭਾਗ

ਪੰਜਾਬ ਵਿਚ ਰਹਿਣ ਵਾਲੇ ਕੁਝ ਪੰਜਾਬੀ ਵੀ, ਜੋ ਵੱਧ ਨਹੀਂ ਤਾਂ ਇੰਨੀ ਹੀ ਗਿਣਤੀ ਵਿਚ ਆਪਣੀ ਭਾਸ਼ਾ ਨੂੰ ਮੰਨਣ ਤੋਂ ਇਨਕਾਰੀ ਹਨ। ਇਉਂ ਇਲਾਕੇ ਦੇ ਘਟਣ ਨਾਲ ਵੀ ਸਮਾਜਿਕ ਸੱਭਿਆਚਾਰਕ ਇਕਸੁਰਤਾ ਸਥਾਪਤ ਨਹੀਂ ਹੋ ਸਕੀ। ਮੌਜੂਦਾ ਪੰਜਾਬ ਅਜਿਹੀ ਰਾਜਨੀਤਕ ਪ੍ਰਸ਼ਾਸਨਿਕ ਇਕਾਈ ਨਜ਼ਰ ਆਉਂਦਾ ਹੈ ਜੋ ਅੰਦਰੋਂ ਵੰਡਿਆ ਹੋਇਆ ਹੈ।

* * *

ਪੰਜਾਬ ਦੇ ਇਤਿਹਾਸ ਅਤੇ ਇਸ ਦੀ ਇਤਿਹਾਸਕਾਰੀ ਨਾਲ ਸਬੰਧਤ ਇਕ ਪੱਖ ਹੋਰ ਵੀ ਹੈ ਜਿਹੜਾ ਖ਼ਾਸ ਤੌਰ 'ਤੇ ਇਸ ਇਲਾਕੇ ਦੀ ਵਿਸ਼ੇਸ਼ਤਾ ਹੈ। ਅਸੀਂ ਪਹਿਲੋਂ ਹੀ ਇਸ ਦੇ ਇਤਿਹਾਸ ਵਿਚ ਸਿੱਖ ਲਹਿਰ ਦੀ ਭੂਮਿਕਾ ਦੇ ਮਹੱਤਵ ਦਾ ਜ਼ਿਕਰ ਕਰ ਚੁੱਕੇ ਹਾਂ। ਇਹੀ ਕਾਰਨ ਹੈ ਕਿ ਪੰਜਾਬ ਦੀ ਇਤਿਹਾਸਕਾਰੀ ਦੇ ਖੇਤਰ ਦਾ ਮੁੱਢ ਬੱਝਣ ਵੇਲੇ ਸਿੱਖਾਂ ਬਾਰੇ ਇਤਿਹਾਸਕ ਲਿਖਤਾਂ ਦਾ ਵਿਕਾਸ ਹੋ ਚੁੱਕਿਆ ਸੀ। ਈਸਟ ਇੰਡੀਆ ਕੰਪਨੀ ਦੇ ਰਾਜਨੀਤਕ ਹਿੱਤਾਂ ਨੇ ਇਸ ਦੇ ਪ੍ਰਸ਼ਾਸਕਾਂ ਅਤੇ ਨੀਤੀਵਾਨਾਂ ਨੂੰ ਸਿੱਖਾਂ ਵੱਲ ਧਿਆਨ ਆਕਰਸ਼ਿਤ ਕਰਨ ਦੀ ਪ੍ਰੇਰਣਾ ਜਗਾ ਦਿੱਤੀ ਸੀ ਜਿਹੜੇ 19ਵੀਂ ਸਦੀ ਦੇ ਅਖੀਰ ਵਿਚ ਇਕ ਰਾਜਨੀਤਕ ਸ਼ਕਤੀ ਵਜੋਂ ਉਭਰੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਉਭਾਰ ਅਤੇ ਈਸਟ ਇੰਡੀਆ ਕੰਪਨੀ ਨਾਲ ਕੀਤੇ ਗਏ ਉਸ ਦੇ ਸਮਝੌਤਿਆਂ ਨੇ ਸਾਰੇ ਸਿੱਖਾਂ ਨੂੰ ਅੰਗਰੇਜ਼ਾਂ ਦੀਆਂ ਨਜ਼ਰਾਂ ਵਿਚ ਵਧੇਰੇ ਮਹੱਤਵਪੂਰਨ ਬਣਾ ਦਿੱਤਾ ਸੀ। ਇਨ੍ਹਾਂ ਸਥਿਤੀਆਂ ਵਿਚ ਸਿੱਖਾਂ ਬਾਰੇ ਵੱਡੀ ਗਿਣਤੀ ਵਿਚ ਇਤਿਹਾਸਕ ਲਿਖਤਾਂ ਸਾਹਮਣੇ ਆਈਆਂ ਜਿਸ ਦਾ ਸਿਖਰ 1949 ਵਿਚ ਲਿਖੀ ਗਈ ਜੇ.ਡੀ. ਕਨਿੰਘਮ ਦੀ ਰਚਨਾ 'ਹਿਸਟਰੀ ਆਫ ਦਿ ਸਿਖਸ' ਸੀ। ਇਹ ਉਹ ਵਰ੍ਹਾ ਸੀ ਜਦੋਂ ਲਾਹੌਰ ਦੇ ਰਾਜ ਨੂੰ ਬਰਤਾਨਵੀ ਸਾਮਰਾਜ ਵਿਚ ਮਿਲਾ ਦਿੱਤਾ ਗਿਆ। ਪੰਜਾਬ ਉਪਰ ਕਬਜ਼ੇ ਤੋਂ ਬਾਅਦ ਅੰਗਰੇਜ਼ ਸਿੱਖਾਂ ਦੇ ਅਤੀਤ ਬਾਰੇ ਬਹੁਤੀ ਗੰਭੀਰ ਦਿਲਚਸਪੀ ਨਹੀਂ ਰੱਖਦੇ ਸਨ। ਉਹ ਤਾਂ ਪੰਜਾਬ ਦੇ ਅਤੀਤ ਪ੍ਰਤੀ ਵੀ ਬਹੁਤੀ ਦਿਲਚਸਪੀ ਨਹੀਂ ਰੱਖਦੇ ਸਨ।

ਭਾਰਤੀ ਇਤਿਹਾਸਕਾਰਾਂ ਨੇ ਸਿੱਖਾਂ ਬਾਰੇ ਇਤਿਹਾਸ ਲੇਖਣ ਦੀ ਪਰੰਪਰਾ ਨੂੰ ਪ੍ਰਪੱਕ ਕੀਤਾ। ਇਸ ਸਬੰਧ ਵਿਚ ਇਕ ਦਿਲਚਸਪ ਤੱਥ ਇਹ ਹੈ ਕਿ ਇਸ ਵਿਸ਼ੇ ਨਾਲ ਸਬੰਧ ਰੱਖਣ ਵਾਲੀਆਂ ਮੁੱਢਲੀਆਂ ਪ੍ਰਕਾਸ਼ਨਾਵਾਂ ਵਿਚੋਂ ਦੋ ਲਿਖਤਾਂ ਗ਼ੈਰ ਸਿੱਖ ਪੰਜਾਬੀਆਂ ਦੇ ਡਾਕਟਰੇਟ ਪੱਧਰ ਦੇ ਖੋਜ-ਪ੍ਰਬੰਧਾਂ ਉਪਰ ਆਧਾਰਿਤ ਸਨ। ਇਹ ਸਨ ਜੀ.ਸੀ. ਨਾਰੰਗ ਦੀ ਪੁਸਤਕ 'ਟਰਾਂਸਫਰਮੇਸ਼ਨ ਆਫ ਸਿੱਖਿਜ਼ਮ' ਅਤੇ ਜੀ.ਐਲ. ਚੋਪੜਾ ਦੀ ਪੁਸਤਕ 'ਪੰਜਾਬ ਐਜ਼ ਏ ਸੌਵਰੇਨ ਸਟੇਟ'। ਗ਼ੈਰ-ਪੰਜਾਬੀ 'ਰਾਸ਼ਟਰਵਾਦੀ' ਇਤਿਹਸਾਕਾਰਾਂ ਨੇ ਵੀ ਸਿੱਖਾਂ ਬਾਰੇ ਲਿਖਿਆ, ਜਿਵੇਂ ਇੰਦੂ ਭੂਸ਼ਨ ਬੈਨਰਜੀ ਨੇ ਆਪਣੀ ਪੁਸਤਕ 'ਐਵੋਲੂਸ਼ਨ ਆਫ ਦਿ ਖਾਲਸਾ' ਵਿਚ ਅਤੇ ਐਨ.ਕੇ. ਸਿਨਹਾ ਨੇ ਆਪਣੀਆਂ ਪੁਸਤਕਾਂ 'ਰਾਈਜ਼ ਆਫ ਦਿ ਸਿੱਖ ਪਾਵਰ' ਅਤੇ 'ਰਣਜੀਤ ਸਿੰਘ' ਵਿਚ ਕੀਤਾ। ਇਸ ਤੋਂ ਇਲਾਵਾ ਸਿੰਘ ਸਭਾ ਲਹਿਰ ਬਰਤਾਨਵੀ ਰਾਜ ਸਮੇਂ ਉਭਰਨ ਵਾਲੀ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ ਅਤੇ ਸਿੱਖ ਇਤਿਹਾਸ ਵਿਚ ਇਸ ਲਹਿਰ ਦੀ ਦਿਲਚਸਪੀ ਤਾਂ ਇਸ ਦਾ ਜ਼ਰੂਰੀ ਅੰਗ ਸੀ। ਇਸ ਦਾ ਚਿਰ ਸਥਾਈ ਪ੍ਰਭਾਵ ਡਾ. ਗੰਡਾ ਸਿੰਘ ਅਤੇ ਪ੍ਰੋ. ਹਰਬੰਸ ਸਿੰਘ ਦੀ ਸਿੱਖ ਇਤਿਹਾਸ ਨਾਲ ਜੀਵਨ ਭਰ ਦੀ ਪ੍ਰਤੀਬੱਧਤਾ ਵਿਚ ਦੇਖਿਆ ਜਾ ਸਕਦਾ ਹੈ। ਇਉਂ ਪੰਜਾਬ ਅਤੇ ਦੇਸ਼ ਦੇ ਇਤਿਹਾਸ ਵਿਚ ਸਿੱਖਾਂ ਦੀ ਅਹਿਮੀਅਤ ਨੇ ਸਿੱਖ ਅਤੇ ਗ਼ੈਰ-ਸਿੱਖ, ਦੋਹਾਂ ਤਰ੍ਹਾਂ ਦੇ ਇਤਿਹਾਸਕਾਰਾਂ ਦਾ ਧਿਆਨ ਆਕਰਸ਼ਿਤ ਕੀਤਾ। ਸਿੱਖ ਇਤਿਹਾਸ ਅਕਾਦਮਿਕ ਖੋਜ ਦਾ ਵਿਸ਼ਾ ਬਣ ਗਿਆ ਜਿਸ ਦਾ ਸਬੂਤ ਮਿਸਾਲ ਦੇ ਤੌਰ 'ਤੇ ਹਰੀ ਰਾਮ ਗੁਪਤਾ ਦੇ ਵੱਡ ਅਕਾਰੀ ਖੋਜ ਕਾਰਜ ਤੋਂ ਵੀ ਮਿਲ ਸਕਦਾ ਹੈ। ਭਾਵੇਂ ਉਹ 'ਸਿੱਖ' ਇਤਿਹਾਸਕਾਰ ਨਹੀਂ ਹੈ। ਇਸ ਤੋਂ ਇਕ ਗੱਲ ਤਾਂ ਸਿੱਧ ਹੁੰਦੀ ਹੀ ਹੈ ਕਿ ਸਿੱਖਾਂ ਬਾਰੇ ਇਤਿਹਾਸ ਲੇਖਣ ਦੀ ਪਰੰਪਰਾ ਪੰਜਾਬ ਬਾਰੇ ਇਤਿਹਾਸ ਲੇਖਣ ਨਾਲੋਂ ਲੰਮੀ ਵੀ ਹੈ ਅਤੇ ਤਕੜੀ ਵੀ।

ਪੰਜਾਬ ਜਿਹੜਾ ਇਕ ਸੁਨਿਸ਼ਚਿਤ ਭੂਗੋਲਿਕ ਖਿੱਤੇ ਨਾਲ ਸਮਾਨਤਾ ਰੱਖਦਾ ਸੀ, ਹੁਣ ਪੰਜਾਬ ਤੇ ਹਰਿਆਣਾ, ਕੇਂਦਰ ਪ੍ਰਸ਼ਾਸਿਤ ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਦੇ ਹਿੱਸਿਆਂ ਅਤੇ ਪਾਕਿਸਤਾਨੀ ਪੰਜਾਬ ਵਿਚ ਵੰਡਿਆ ਗਿਆ ਹੈ। ਇਸੇ ਕਾਰਨ ਇਸ ਨੂੰ ਅਧਿਐਨ ਦੀ ਇਕ ਇਕਾਈ ਵਜੋਂ, ਖ਼ਾਸ ਤੌਰ 'ਤੇ ਸਮਕਾਲੀ ਇਤਿਹਾਸ ਦੇ ਪ੍ਰਸੰਗ ਵਿਚ ਰੱਖ ਕੇ ਵਾਚਣ ਦੀ ਪ੍ਰਮਾਣਿਕਤਾ ਅਤੇ ਉਪਯੋਗਤਾ ਬਾਰੇ ਸ਼ੰਕੇ ਪੈਦਾ ਹੋਣੇ ਸੁਭਾਵਕ ਹੀ ਹਨ। ਫਿਰ ਵੀ ਇਤਿਹਾਸਕਾਰ ਲਈ ਕੋਈ ਖਿੱਤਾ ਅਪਰਿਵਰਤਨਸ਼ੀਲ ਤੇ ਸਮਰੂਪ ਹਕੀਕਤ ਨਹੀਂ ਹੁੰਦਾ। ਇਹ ਤਾਂ ਇਕ ਘੜਿਆ ਹੋਇਆ ਸੰਕਲਪ ਹੁੰਦਾ ਹੈ ਜੋ ਵਿਹਾਰਕ ਜੀਵਨ ਦੀਆਂ ਹਕੀਕਤਾਂ ਦਾ ਸ਼ੀਸ਼ਾ ਨਹੀਂ ਹੁੰਦਾ, ਭਾਵੇਂ ਇਹ ਉਨ੍ਹਾਂ ਹਕੀਕਤਾਂ ਨਾਲੋਂ ਵਿਛੁੰਨਿਆ ਹੋਇਆ ਵੀ ਨਹੀਂ ਹੁੰਦਾ।

ਨਤੀਜੇ ਵਜੋਂ ਕਈ ਲੋਕ ਸਿੱਖ ਇਤਿਹਾਸ ਨੂੰ ਪੰਜਾਬ ਦੇ ਇਤਿਹਾਸ ਨਾਲ ਇਕਮਿਕ ਕਰਦੇ ਦੇਖਦੇ ਹਨ ਅਤੇ ਅਜਿਹਾ ਕੇਵਲ ਸਿੱਖ ਪਰੰਪਰਾ ਵਿਚ ਸ਼ਰਧਾ ਰੱਖਣ ਵਾਲੇ ਹੀ ਨਹੀਂ ਸਗੋਂ ਹੋਰ ਲੋਕ ਵੀ ਕਰਦੇ ਹਨ। ਫਿਰ ਵੀ ਕਿਸੇ ਇਕ ਅੰਗ ਦੇ ਇਤਿਹਾਸ ਨੂੰ ਸਮੁੱਚੇ ਖਿੱਤੇ ਦੇ ਇਤਿਹਾਸ ਨਾਲ ਰਲਗੱਡ ਨਹੀਂ ਕੀਤਾ ਜਾ ਸਕਦਾ। ਇਲਾਕਾਈ ਇਤਿਹਾਸਕਾਰ ਦੇ ਸਾਹਮਣੇ ਸਮੱਸਿਆ ਇਹ ਹੈ ਕਿ ਉਹ ਸਿੱਖ ਇਤਿਹਾਸ ਨੂੰ ਪੰਜਾਬ ਦੇ ਇਤਿਹਾਸ ਨਾਲ ਅਜਿਹੇ ਕਿਹੜੇ ਢੰਗ ਨਾਲ ਸੁਮੇਲ ਕੇ ਪੇਸ਼ ਕਰੇ ਕਿ ਦੋਹਾਂ ਵਿਚੋਂ ਕਿਸੇ ਵੀ ਮਹੱਤਵ ਨਾਲ ਬੇਇਨਸਾਫ਼ੀ ਨਾ ਹੋਵੇ।

ਮੋੜਵੀਂ ਝਾਤ ਪਾਉਂਦਿਆਂ ਅਸੀਂ ਆਖ ਸਕਦੇ ਹਾਂ ਕਿ ਪੰਜਾਬ ਦਾ ਵਿਸ਼ੇਸ਼ਣ ਸ਼ੁਰੂ-ਸ਼ੁਰੂ ਵਿਚ ਇਕ ਅਜਿਹੀ ਰਾਜਨੀਤਕ ਪ੍ਰਸ਼ਾਸਨਿਕ ਇਕਾਈ ਲਈ ਵਰਤਿਆ ਜਾਂਦਾ ਸੀ ਜਿਸ ਦੇ ਕੁਝ ਵਿਸ਼ੇਸ਼ ਭੂਗੋਲਿਕ ਲੱਛਣ ਤਾਂ ਸਨ ਪਰ ਸਮੁੱਚੇ ਤੌਰ 'ਤੇ ਉਹ ਭੂਗੋਲਿਕ ਖਿੱਤਾ ਨਹੀਂ ਸੀ। ਇਹ ਪਛਾਣ ਇਸ ਨੂੰ ਉਦੋਂ ਪ੍ਰਾਪਤ ਹੋਈ ਜਦੋਂ ਕੁਝ ਮਹੱਤਵਪੂਰਨ ਸਮਾਜਿਕ-ਸੱਭਿਆਚਾਰਕ ਗਤੀਵਿਧੀਆਂ ਹੋ ਰਹੀਆਂ ਸਨ। ਆਮ ਲੋਕਾਂ ਵੱਲੋਂ ਬੋਲੀ ਜਾਣ ਵਾਲੀ ਭਾਸ਼ਾ ਨੇ ਇਨ੍ਹਾਂ ਗਤੀਵਿਧੀਆਂ ਵਿਚ ਅਹਿਮ ਭੂਮਿਕਾ ਨਿਭਾਈ, ਖ਼ਾਸ ਤੌਰ 'ਤੇ ਉਸ ਮਗਰੋਂ ਜਦੋਂ ਇਹ ਭਾਸ਼ਾ ਸਾਹਿਤਕ ਭਾਸ਼ਾ ਬਣਨੀ ਸ਼ੁਰੂ ਹੋਈ। ਇਸ ਇਲਾਕੇ ਨੂੰ ਮਿਲੀ ਪਛਾਣ ਨੇ ਇੱਥੋਂ ਦੀ ਭਾਸ਼ਾ ਅਤੇ ਇੱਥੋਂ ਦੇ ਲੋਕਾਂ ਨੂੰ ਵੀ ਪਛਾਣ ਦੇ ਦਿੱਤੀ। ਭਾਸ਼ਾ ਦੀਆਂ ਫੈਲੀਆਂ ਹੋਈਆਂ ਸਰਹੱਦਾਂ ਨੇ 'ਪੰਜਾਬੀ' ਖਿੱਤੇ ਦੇ ਫੈਲਾਉ ਦੀ ਸੰਭਾਵਨਾ ਵੀ ਪੈਦਾ ਕਰ ਦਿੱਤੀ। ਆਮ ਲੋਕਾਂ ਦੇ ਹੱਥ ਹਕੂਮਤ ਆ ਜਾਣ ਨਾਲ ਅਤੇ ਉਸ ਹਕੂਮਤ ਦੇ ਰਾਜਨੀਤਕ ਸੁਭਾਅ ਨੇ 'ਪੰਜਾਬੀ' ਖਿੱਤੇ ਦੇ ਫੈਲਾਉ ਦੀ ਸਥਿਤੀ ਨੂੰ ਇਕ ਨਵਾਂ ਪਾਸਾਰ ਪ੍ਰਦਾਨ ਕੀਤਾ। ਇਨ੍ਹਾਂ ਸਮੁੱਚੀਆਂ ਗਤੀਵਿਧੀਆਂ ਨੇ ਵੱਧ ਤੋਂ ਵੱਧ ਲੋਕਾਂ ਨੂੰ ਆਪਣੀ ਇਲਾਕਾਈ ਪਛਾਣ ਬਾਰੇ ਸੁਚੇਤ ਕਰ ਦਿੱਤਾ ਸੀ। ਬਰਤਾਨਵੀ ਪੰਜਾਬ ਦੇ ਹੋਂਦ ਵਿਚ ਆਉਣ ਨਾਲ ਇਸ ਦੀ ਪ੍ਰੀਭਾਸ਼ਾ ਅਤੇ ਇਸ ਦੇ ਖੇਤਰ ਦਾ ਹੋਰ ਵਿਸਥਾਰ ਹੋਇਆ। ਪੰਜਾਬ ਹੁਣ ਕਿਸੇ ਹੱਦ ਤੱਕ ਇਕ ਭੂਗੋਲਿਕ ਖਿੱਤੇ ਦਾ ਸਮਾਨਅਰਥਕ ਬਣ ਗਿਆ ਜਿਸ ਵਿਚਲਾ ਇਲਾਕਾ ਹਿਮਾਲਿਆ ਅਤੇ ਥਾਰ ਮਾਰੂਥਲ ਅਤੇ ਸਿੰਧ ਤੇ ਜਮਨਾ ਵਿਚਕਾਰ ਪੈਂਦਾ ਸੀ। ਸਮਾਜਿਕ ਸਭਿਆਚਾਰਕ ਤੌਰ 'ਤੇ ਇਹ ਇਕਸਾਰਤਾ ਵਾਲਾ ਖਿੱਤਾ ਨਹੀਂ ਸੀ। ਪੰਜਾਬ ਦੀ ਬਹੁਗਿਣਤੀ ਵਸੋਂ ਇਕ ਸਾਂਝੀ ਪਛਾਣ ਨੂੰ ਪ੍ਰਵਾਨ ਕਰਦੀ ਸੀ। ਪੰਜਾਬ ਇਕ ਅਜਿਹਾ ਸੰਕਲਪ ਬਣ ਗਿਆ ਸੀ ਜੋ ਇਤਿਹਾਸਕਾਰਾਂ ਦੀ ਇਸ ਖਿੱਤੇ ਦੇ ਪ੍ਰਾਚੀਨਤਮ ਕਾਲ ਦਾ ਇਤਿਹਾਸ ਲਿਖਣ ਵਿਚ ਵੀ ਮਦਦ ਕਰਦਾ ਸੀ।

ਪੰਜਾਬ ਜਿਹੜਾ ਇਕ ਸੁਨਿਸ਼ਚਿਤ ਭੂਗੋਲਿਕ ਖਿੱਤੇ ਨਾਲ ਸਮਾਨਤਾ ਰੱਖਦਾ ਸੀ, ਹੁਣ ਪੰਜਾਬ ਤੇ ਹਰਿਆਣਾ, ਕੇਂਦਰ ਪ੍ਰਸ਼ਾਸਿਤ ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਦੇ ਹਿੱਸਿਆਂ ਅਤੇ ਪਾਕਿਸਤਾਨੀ ਪੰਜਾਬ ਵਿਚ ਵੰਡਿਆ ਗਿਆ ਹੈ। ਇਸੇ ਕਾਰਨ ਇਸ ਨੂੰ ਅਧਿਐਨ ਦੀ ਇਕ ਇਕਾਈ ਵਜੋਂ, ਖ਼ਾਸ ਤੌਰ 'ਤੇ ਸਮਕਾਲੀ ਇਤਿਹਾਸ ਦੇ ਪ੍ਰਸੰਗ ਵਿਚ ਰੱਖ ਕੇ ਵਾਚਣ ਦੀ ਪ੍ਰਮਾਣਿਕਤਾ ਅਤੇ ਉਪਯੋਗਤਾ ਬਾਰੇ ਸ਼ੰਕੇ ਪੈਦਾ ਹੋਣੇ ਸੁਭਾਵਕ ਹੀ ਹਨ। ਫਿਰ ਵੀ ਇਤਿਹਾਸਕਾਰ ਲਈ ਕੋਈ ਖਿੱਤਾ ਅਪਰਿਵਰਤਨਸ਼ੀਲ ਤੇ ਸਮਰੂਪ ਹਕੀਕਤ ਨਹੀਂ ਹੁੰਦਾ। ਇਹ ਤਾਂ ਇਕ ਘੜਿਆ ਹੋਇਆ ਸੰਕਲਪ ਹੁੰਦਾ ਹੈ ਜੋ ਵਿਹਾਰਕ ਜੀਵਨ ਦੀਆਂ ਹਕੀਕਤਾਂ ਦਾ ਸ਼ੀਸ਼ਾ ਨਹੀਂ ਹੁੰਦਾ, ਭਾਵੇਂ ਇਹ ਉਨ੍ਹਾਂ ਹਕੀਕਤਾਂ ਨਾਲੋਂ ਵਿਛੁੰਨਿਆ ਹੋਇਆ ਵੀ ਨਹੀਂ ਹੁੰਦਾ। ਇਸੇ ਲਈ 'ਪੰਜਾਬ' ਇਲਾਕਾਈ ਇਤਿਹਾਸ ਦੇ ਅਧਿਐਨ ਲਈ ਲਾਹੇਵੰਦਾ ਸੰਕਲਪ ਬਣ ਸਕਦਾ ਹੈ, ਖ਼ਾਸ ਤੌਰ 'ਤੇ ਜੇ ਅਸੀਂ ਇਸ ਦੀਆਂ ਰਾਜਨੀਤਕ ਤੇ ਸਮਾਜਿਕ ਸਭਿਆਚਾਰਕ ਗਤੀਵਿਧੀਆਂ ਦਾ ਵਡੇਰੇ ਭੂਗੋਲਿਕ ਦ੍ਰਿਸ਼ ਵਿਚ ਰੱਖ ਕੇ ਅਧਿਐਨ ਕਰਨਾ ਚਾਹੁੰਦੇ ਹਾਂ ਅਤੇ ਇਸ ਦੇ ਉਪ-ਖਿੱਤਿਆਂ ਅਤੇ ਇਸ ਦੀ ਆਲੇ-ਦੁਆਲੇ ਦੇ ਸੰਸਾਰ ਨਾਲ ਅੰਤਰ-ਕਿਰਿਆ ਵੱਲ ਵੀ ਉਤਨਾ ਹੀ ਧਿਆਨ ਦੇਣਾ ਚਾਹੀਦਾ ਹੈ।

(ਡਾਇਰੈਕਟਰ, ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼, ਸ਼ਿਮਲਾ)

# ਹਿੰਸਕ ਗਾਇਕੀ ਨੂੰ ਪਵੇਗੀ ਠੱਲ੍ਹ!

ਹਨੀ ਸੋਢੀ

ਪੰਜਾਬੀ ਸੱਭਿਆਚਾਰ ਵਿਚ ਗੀਤ-ਸੰਗੀਤ ਦੀ ਪ੍ਰੰਪਰਾ ਬਹੁਤ ਪੁਰਾਣੀ ਏ ਪਰ ਅਜੋਕੇ ਪੰਜਾਬੀ ਸੱਭਿਆਚਾਰ 'ਤੇ ਪੱਛਮੀ ਸੱਭਿਆਚਾਰ ਪੂਰੀ ਤਰ੍ਹਾਂ ਭਾਰੂ ਹੋ ਗਿਐ ਤੇ ਸਾਡਾ ਪੰਜਾਬੀ ਸੰਗੀਤ ਆਪਣੀਆਂ ਲੀਹਾਂ ਤੋਂ ਪੂਰੀ ਤਰ੍ਹਾਂ ਉਤਰ ਚੁੱਕਿਐ। ਅੱਜ ਜਿਹੜੇ ਹਾਲਾਤਾਂ 'ਚੋਂ ਸਾਡਾ ਪੰਜਾਬੀ ਸੰਗੀਤ ਗੁਜ਼ਰ ਰਿਹਾ, ਦੇਖ ਕੇ ਤਾਂ ਇਉਂ ਜਾਪਦਾ ਕਿ ਇਸ ਦਾ ਕੋਈ ਵਾਲੀ-ਵਾਰਿਸ ਹੀ ਨਹੀਂ ਹੈ। ਦਿਨੋਂ-ਦਿਨ ਪੰਜਾਬੀ ਸੰਗੀਤ ਵਿਚ ਅਸ਼ਲੀਲ ਗਾਇਕੀ 'ਅਮਰ ਵੇਲ' ਵਾਂਗ ਵੱਧਦੀ ਜਾ ਰਹੀ ਹੈ, ਜਿਸ ਲਈ ਸਭ ਤੋਂ ਵੱਧ ਜ਼ਿੰਮੇਵਾਰ ਹਾਂ ਅਸੀਂ, ਜੋ ਇਹ ਸਭ ਕੁਝ ਚੁੱਪ-ਚਾਪ ਸੁਣੀਂ-ਦੇਖੀ ਜਾ ਰਹੇ ਹਾਂ, ਕਲਾਕਾਰਾਂ ਨੂੰ ਉਤਸ਼ਾਹਿਤ ਕਰ ਰਹੇ ਹਾਂ ਤੇ ਇਨ੍ਹਾਂ ਫਨਕਾਰਾਂ ਦੇ ਹੌਸਲੇ ਓਨੇ ਹੀ ਬੁਲੰਦ ਹੋ ਰਹੇ ਹਨ।

### ਅਜੋਕੀ ਗਾਇਕੀ ਦਾ ਦੌਰ ਕਿਸੇ ਤੋਂ ਲੁਕਿਆ ਨਹੀਂ

ਪਿਛਲੇ ਕੁਝ ਅਰਸੇ ਤੋਂ ਕੁਝ ਐਸੇ ਮਾਰਧਾੜ ਵਾਲੇ ਗੀਤ ਸਾਹਮਣੇ ਆਏ, ਜਿਨ੍ਹਾਂ ਵਿਚ ਪੰਜਾਬੀਆਂ ਦੀ ਬਹਾਦਰੀ ਦੀ ਬਜਾਇ ਨਾਂਹ-ਪੱਖੀ ਕਿਰਦਾਰ ਹੀ ਸਾਹਮਣੇ ਆਇਆ। ਇਨ੍ਹਾਂ ਗੀਤਾਂ ਦਾ ਨਤੀਜਾ ਵੀ ਕਈ ਵਾਰ ਸਟੇਜਾਂ ਉਤੇ ਗਾਇਕਾਂ ਨੂੰ ਖ਼ੁਦ ਹੀ ਭੁਗਤਣਾ ਪੈਂਦਾ। ਅਜੋਕੀ ਗਾਇਕੀ ਨੂੰ ਦੇਖਦਿਆਂ ਇੰਝ ਲੱਗ ਰਿਹਾ, ਜਿਵੇਂ ਜੱਟ, ਪਿਸਟਲ, ਕੁੜੀ ਦੇ ਵਿਸ਼ੇ ਬਿਨਾਂ ਕੋਈ ਗੀਤ ਹਿੱਟ ਹੀ ਨਾ ਹੋਣਾ ਹੋਵੇ।

ਵੈਸੇ ਹਥਿਆਰ ਤੇ ਸੰਗੀਤ ਦਾ ਕੀ ਮੇਲ? ਹਥਿਆਰ ਰੂਹ ਨੂੰ ਤੰਗ ਕਰਦਾ ਤੇ ਸੰਗੀਤ ਰੂਹ ਨੂੰ ਸਕੂਨ ਦਿੰਦਾ ਹੈ। ਲੋੜ ਹੈ ਜਿੱਥੇ ਪੰਜਾਬੀ ਗਾਇਕੀ ਵਿਚ ਵੀ ਸੈਂਸਰ ਬੋਰਡ ਦੀ, ਉੱਥੇ ਇਨ੍ਹਾਂ ਗਾਇਕਾਂ-ਗੀਤਕਾਰਾਂ ਦਾ ਵੀ ਫ਼ਰਜ਼ ਬਣਦੈ ਕਿ ਇਹ ਵੀ ਆਪਣੇ ਗੀਤਾਂ ਦੇ ਵਿਸ਼ਿਆਂ ਦੀ ਇਹੋ ਜਿਹੀ ਚੋਣ ਕਰਨ, ਜਿਸ ਨਾਲ ਸਾਡਾ ਪੰਜਾਬੀ ਸੱਭਿਆਚਾਰ ਅਮੀਰ ਰਹੇ। ਖ਼ੁਦ ਕਲਾਕਾਰ ਹੋਣ ਦੇ ਬਾਵਜੂਦ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਿਆਨ ਤੋਂ ਬਾਅਦ ਗਾਇਕਾਂ-ਗੀਤਾਂ 'ਤੇ ਜੋ ਨਕੇਲ ਪਾਈ ਗਈ ਹੈ ਤੇ ਸੋਸ਼ਲ ਮੀਡੀਆ 'ਤੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਵਾਲਿਆਂ 'ਤੇ ਪਰਚ ਦਰਜ ਕੇ ਜੋ ਸਖ਼ਤੀ ਦਿਖਾਈ ਗਈ ਹੈ, ਇਹ ਸਖ਼ਤੀ ਕੁਝ ਕੁ ਦਿਨਾਂ-ਮਹੀਨਿਆਂ ਲਈ ਰਹਿੰਦੀ ਹੈ ਜਾਂ ਇਨ੍ਹਾਂ ਕੁਝ ਕੁ ਜਣਿਆਂ ਉੱਤੇ ਹੋਏ ਪਰਚਿਆਂ ਨੂੰ ਦੇਖ ਕੇ ਬਾਕੀ ਵੀ ਸਬਕ ਸਿੱਖਣਗੇ, ਇਹ ਭਵਿੱਖ ਦੇ ਗਰਭ 'ਚ ਹੈ।

ਗੱਲ ਇਹ ਵੀ ਬਿਲਕੁਲ ਸੱਚ ਏ ਕਿ ਜੋ ਉਹ ਗਾਉਂਦੇ ਹਨ, ਅਸੀਂ ਉਨ੍ਹਾਂ ਗੀਤਾਂ ਨੂੰ ਅੰਬਰੀਂ ਹੀ ਏਨਾ ਕੁ ਚਾੜ੍ਹ ਦਿੰਦੇ ਕਿ ਸੋਸ਼ਲ ਮੀਡੀਆ 'ਤੇ ਦੋ-ਚਾਰ ਦਿਨਾਂ ਮਗਰੋਂ ਇਨ੍ਹਾਂ ਕਲਾਕਾਰਾਂ ਦੀ ਪੋਸਟ ਹੁੰਦੀ ਕਿ ਇੰਨੇ ਮਿਲੀਅਨ ਵਿਊ ਹੋ ਗਏ, ਇਹ ਸਿਰਫ਼ ਤੁਹਾਡੇ ਪਿਆਰ ਸਦਕਾ ਹੀ ਏ। ਅਜੋਕੀ ਪੰਜਾਬੀ ਗਾਇਕੀ ਦਾ ਚੱਲ ਰਿਹਾ ਦੌਰ ਕਿਸੇ ਕੋਲੋਂ ਲੁਕਿਆ ਹੋਇਆ ਨਹੀਂ। ਅਜੋਕੇ ਕਥਿਤ ਗਾਇਕ ਤੇ ਗੀਤਕਾਰ ਦੋਵੇਂ ਹੀ ਨਾ ਤਾਂ ਸੱਭਿਆਚਾਰਕ ਤੌਰ 'ਤੇ ਸੁਚੇਤ ਹਨ ਤੇ ਨਾ ਹੀ ਘਟੀਆ ਗਾਇਕੀ-ਗੀਤਕਾਰੀ ਕਾਰਨ ਗਿਰ ਰਹੀਆਂ ਕਦਰਾਂ-ਕੀਮਤਾਂ ਪ੍ਰਤੀ ਫ਼ਿਕਰਮੰਦ ਹਨ। ਅੱਜ ਇਸੇ ਗੰਨ ਕਲਚਰ ਕਰਕੇ ਸਾਡੇ ਪੰਜਾਬੀ ਸੱਭਿਆਚਾਰ ਨੂੰ ਖੋਰਾ ਲੱਗ ਰਿਹਾ।

### ਪਹਿਲਾਂ ਗੀਤਾਂ 'ਚ ਦਿਸਦੀਆਂ ਸਨ ਤੂੰਬੀਆਂ

ਜਦੋਂ ਹਥਿਆਰਾਂ ਵਾਲੇ ਗੀਤ ਸੁਣਦਾ ਤਾਂ ਸੋਚਦਾਂ ਕਿ ਗਾਇਕਾਂ ਨੂੰ ਕੋਈ ਪਰਵਾਹ ਨਹੀਂ ਹੁੰਦੀ ਕਿ ਲੋਕ ਵਿਰੋਧ ਕਰਨਗੇ? ਪਹਿਲਾਂ ਗੀਤਾਂ 'ਚ ਗਾਇਕਾਂ ਦੇ ਹੱਥ ਵਿਚ ਤੂੰਬੀਆਂ ਦਿਸਦੀਆਂ ਸਨ ਤੇ ਹੁਣ ਬੰਦੂਕਾਂ, ਰਿਵਾਲਵਰ ਦਿਸਦੇ ਹਨ। ਕਦੋਂ ਮੁੱਕਣਗੇ ਪੰਜਾਬੀ ਗਾਇਕੀ 'ਚੋਂ ਅਜਿਹੇ 'ਨਦੀਨ'। ਇਨ੍ਹਾਂ ਗੀਤਾਂ ਨਾਲ ਸਾਡੇ ਸੱਭਿਆਚਾਰ 'ਤੇ ਜੋ ਪ੍ਰਭਾਵ ਪਿਆ, ਉਸ ਤੋਂ ਅਸੀਂ ਸਭ ਭਲੀਭਾਂਤ ਵਾਕਿਫ਼ ਹਾਂ, ਕੁਝ ਵੀ ਲੁਕਿਆ ਨਹੀਂ। ਇਹੀ ਕਾਰਨ ਹੈ ਕਿ ਅਜੋਕੀ ਨੌਜਵਾਨੀ ਅੱਜ ਇਨ੍ਹਾਂ ਕਲਾਕਾਰਾਂ ਨੂੰ ਆਪਣਾ ਰੋਲ ਮਾਡਲ ਮੰਨ ਕੁਰਾਹੇ ਪਈ ਹੋਈ ਹੈ। ਸਮਾਜ 'ਚ ਅਜਿਹਾ ਬਹੁਤ ਕੁਝ ਹੋ-ਵਾਪਰ ਰਿਹਾ, ਜੋ ਉਚੇਚੇ ਧਿਆਨ ਦੀ ਮੰਗ ਕਰਦਾ। ਨਿੱਤ ਦਿਨ ਚੱਲਦੀਆਂ ਗੋਲੀਆਂ ਦੀਆਂ ਘਟਨਾਵਾਂ ਨੇ ਖ਼ੌਫ ਪੈਦਾ ਕੀਤਾ ਹੋਇਆ, ਤਾਂ ਇਹੋ ਗੀਤ ਜ਼ਿਹਨ 'ਚ ਆਉਂਦਾ 'ਪਿੰਡ ਪਿਆ ਸਾਰਾ ਗੈਂਗਲੈਂਡ ਬਣਿਆ।' ਕੁਝ ਸਮਾਂ ਪਹਿਲਾਂ ਸ਼ੁੱਭਦੀਪ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਨੇ ਸਾਰਿਆਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਮਾਪਿਆਂ ਦਾ 'ਕੱਲਾ-'ਕੱਲਾ ਪੁੱਤ ਗੈਂਗਸਟਰਾਂ ਨੇ ਖੋਹ ਲਿਆ। ਉਦੋਂ ਪੰਜਾਬੀ ਗਾਇਕਾਂ ਦੇ ਗੈਂਗਸਟਰੀ ਰੂਪ ਦੀ ਚਰਚਾ ਮੁੜ ਛਿੜੀ। ਗੀਤਾਂ 'ਚ ਸ਼ਰੇਆਮ ਹਥਿਆਰਾਂ ਨੂੰ ਪ੍ਰਮੋਟ ਕੀਤਾ ਜਾ ਰਿਹਾ। ਇਹ ਸਭ ਕੁਝ ਦੇਖ-ਸੁਣ ਸੋਚੀਂ ਪੈ ਜਾਂਦਾ ਕਿ ਪੰਜਾਬ ਦੀ ਜਵਾਨੀ ਕਿਹੜੇ ਰਾਹੇ ਤੁਰੀ ਹੋਈ ਹੈ, ਜਦੋਂਕਿ ਨੌਜਵਾਨ ਪੀੜ੍ਹੀ ਨੂੰ ਚਾਹੀਦਾ ਤਾਂ ਇਹ ਕਿ ਇਹੋ ਜਿਹੇ ਰਾਹ 'ਤੇ ਬਿਲਕੁਲ ਜਾਵੇ ਹੀ ਨਾ, ਜਿੱਥੇ ਜੰਮਣ ਵਾਲਿਆਂ ਦੀ ਜਾਨ ਹਮੇਸ਼ਾ ਕੁੜਿੱਕੀ 'ਚ ਫਸੀ ਰਹੇ।

### ਕਲਾਕਾਰਾਂ ਦਾ ਕੰਮ ਹੁੰਦੈ ਲੋਕਾਂ ਨੂੰ ਪਰਚਾਉਣਾ

ਮੇਰੇ ਵਰਗੇ ਬਹੁਤਿਆਂ ਨੂੰ ਤਾਂ ਹਥਿਆਰਾਂ ਦੇ ਨਾਂ ਵੀ ਨਹੀਂ ਪਤਾ ਹੋਣਾ ਪਰ ਹੁਣ ਗੀਤਾਂ 'ਚ ਹਥਿਆਰਾਂ ਦੇ ਨਵੇਂ-ਨਵੇਂ ਨਾਂ ਸੁਣਨ ਨੂੰ ਮਿਲਦੇ ਨੇ। ਬੜੀ ਤ੍ਰਾਸਦੀ ਕਿ ਸਾਡੀ ਨੌਜਵਾਨ ਪੀੜ੍ਹੀ ਇਨ੍ਹਾਂ ਗਾਇਕਾਂ ਨੂੰ ਆਪਣਾ ਰੋਲ ਮਾਡਲ ਮੰਨ ਉਹੀ ਸਭ ਕੁਝ ਕਰ ਰਹੀ, ਜੋ ਕੁਝ ਇਨ੍ਹਾਂ ਗੀਤਾਂ 'ਚ ਦੇਖ ਰਹੇ। ਅਸਲ 'ਚ ਹਥਿਆਰਾਂ ਦੀ ਮਹਿਮਾ ਗਾਉਣ ਵਾਲੇ ਇਹ ਲੋਕ ਗਵੱਈਏ ਕਹਾਉਣ ਦੇ ਹੱਕਦਾਰ ਨਹੀਂ। ਕਲਾਕਾਰ ਦਾ ਕੰਮ ਦੁਖੀ ਲੋਕਾਂ ਨੂੰ ਹਸਾਉਣਾ, ਸਮਝਾਉਣਾ ਤੇ ਪਰਚਾਉਣਾ ਹੁੰਦਾ। ਜੇ ਹੁਣ ਕਲਾਕਾਰ ਹੀ ਲੋਕਾਂ ਮੂਹਰੇ ਬੰਦੂਕਾਂ ਲੈ ਕੇ ਜਾਵੇਗਾ ਤਾਂ ਲੋਕ ਗਵੱਈਆ ਨਹੀਂ ਫੁਕਰਾ ਕਹਿਣਗੇ।



### ਵਿਆਹਾਂ 'ਚ ਫਾਇਰ ਕਰਨੇ ਕੋਈ ਨਵੀਂ ਗੱਲ ਨਹੀਂ

ਇਹ ਕੋਈ ਨਵੀਂ ਗੱਲ ਨਹੀਂ, ਜਦੋਂ ਵਿਆਹਾਂ 'ਚ ਗੋਲੀਆਂ ਚਲਾਈਆਂ ਜਾਂਦੀਆਂ। ਜਦੋਂ ਕੋਈ ਅਣਹੋਣੀ ਵਾਪਰ ਜਾਂਦੀ ਤਾਂ ਇਕ-ਦੋ ਦਿਨ ਸੁਰਖੀਆਂ 'ਚ ਰਹਿਣ ਪਿੱਛੋਂ ਗੱਲ ਫਿਰ ਖ਼ਬਰ ਹੀ ਰਹਿ ਜਾਂਦੀ। ਪਿੱਛੇ ਜਿਹੇ ਬਟਾਲਾ ਸਾਈਡ ਇਕ ਸਮਾਗਮ 'ਚ ਤਿੰਨ ਮੁੰਡਿਆਂ ਨੇ ਇਕ ਔਰਤ ਨਾਲ ਛੇੜਖਾਨੀ ਕੀਤੀ, ਜਦੋਂ ਔਰਤ ਨੇ ਵਿਰੋਧ ਕੀਤਾ ਤਾਂ ਉਸ ਨੂੰ ਗੋਲੀ ਮਾਰ ਦਿੱਤੀ। ਕੁਝ ਸਾਲ ਪਹਿਲਾਂ ਜਲੰਧਰ ਦਾ ਇਕ ਮੰਚ ਸੰਚਾਲਕ ਅੰਮ੍ਰਿਤਸਰ 'ਚ ਇਸ ਫੁਕਰਪੁਣੇ ਦਾ ਸ਼ਿਕਾਰ ਹੋਇਆ। ਸਕੂਨ ਦਿੰਦੀ ਗਾਇਕੀ ਹੁਣ ਬਦਮਾਸ਼ੀ ਤੇ ਫੁਕਰਪੁਣੇ 'ਚ ਬਦਲ ਗਈ ਹੈ। ਪ੍ਰਵਚਨ ਕਰਦੇ ਸਾਧ-ਸਾਧਵੀਆਂ ਵੀ ਰੱਬ ਨਾਲ ਲਿਵ ਜੋੜਦੇ-ਜੋੜਦੇ ਸਿੱਧੇ ਰੱਬ ਕੋਲ ਪਹੁੰਚਾ ਦਿੰਦੇ ਹਨ। ਕਰਨਾਲ ਦੀ ਇਕ ਘਟਨਾ ਯਾਦ ਆਈ, ਜਿੱਥੇ ਵਿਆਹ 'ਚ ਸਾਧਵੀ ਵਿਆਹ ਸਮਾਗਮ 'ਚ ਸਾਥੀਆਂ ਨਾਲ ਪਹੁੰਚੀ। ਡੀਜੇ 'ਤੇ ਚੱਕਵਾਂ ਗਾਣਾ 'ਮਿੱਤਰਾਂ ਨੂੰ ਸ਼ੌਕ ਗੋਲੀਆਂ ਚਲਾਉਣ ਦਾ' ਵੱਜ ਰਿਹਾ ਸੀ। ਸਾਧਵੀ ਅਧਿਆਤਮਕ ਚੱਕਰ 'ਚੋਂ ਬਾਹਰ ਨਿਕਲ ਕੇ ਗੋਲੀਆਂ ਚਲਾਉਣ ਲੱਗ ਪਈ। ਨਾਲ ਆਏ ਸਾਥੀ ਵੀ ਫਾਇਰ 'ਤੇ ਫਾਇਰ ਕਰਨ ਲੱਗੇ। ਲਾੜੇ ਦੀ ਮਾਸੀ ਮਾਰ ਦਿੱਤੀ ਤੇ ਪੰਜ ਜਣੇ ਹੋਰ ਜ਼ਖ਼ਮੀ ਕਰ ਦਿੱਤੇ। ਸਾਧਵੀ ਭਾਵੇਂ 'ਜਾਣ' ਵਾਲੀ ਔਰਤ ਬਾਰੇ ਕੁਝ ਵੀ ਕਹੇ ਕਿ ਰੱਬ ਦੀ ਮਰਜ਼ੀ ਹੀ ਇਉਂ ਸੀ ਪਰ ਸ਼ਾਇਦ ਹੁਣ ਉਹ ਪੁਲਿਸ ਦੀ ਮਰਜ਼ੀ ਅਨੁਸਾਰ ਸਲਾਖਾਂ ਪਿੱਛੇ 'ਪ੍ਰਵਚਨ' ਜ਼ਰੂਰ ਕਰਦੀ ਹੋਵੇਗੀ। ਹੁਣ ਕੁਝ ਕੁ ਦਿਨ ਪਹਿਲਾਂ ਵੀ ਇਸ ਫੁਕਰਪੁਣੇ ਨੇ ਵਿਆਹ 'ਚ ਇਕ ਹੋਰ ਮਾਂ ਦਾ ਪੁੱਤ ਹਮੇਸ਼ਾ ਲਈ ਉਸ ਦੀਆਂ ਅੱਖਾਂ ਤੋਂ ਦੂਰ ਕਰ ਦਿੱਤਾ। ਇਸ ਤਰ੍ਹਾਂ ਗੋਲੀਆਂ ਚਲਾਉਣ ਲਈ ਉਕਸਾਉਂਦਾ ਕੌਣ? ਇਹ ਸਭ ਕੁਝ ਉਨ੍ਹਾਂ ਗਾਇਕਾਂ-ਅਦਾਕਾਰਾਂ ਦੀ ਮਿਹਰਬਾਨੀ, ਜੋ ਆਪਣੇ ਗੀਤਾਂ 'ਚ ਸਰੇਆਮ ਹਥਿਆਰਾਂ ਨਾਲ ਫਾਇਰ ਕਰਦੇ ਦਿਖਾਉਂਦੇ, ਜਿਨ੍ਹਾਂ ਨੂੰ ਦੇਖ ਕੇ ਨੌਜਵਾਨਾਂ ਦੇ ਹੌਸਲੇ ਬੁਲੰਦ ਹੁੰਦੇ। ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਨਿੱਤ ਦਿਨ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ, ਜਦੋਂ ਕਿਤੇ ਵਿਆਹਾਂ-ਸ਼ਾਦੀਆਂ 'ਤੇ ਫਾਇਰ ਕਰਦਿਆਂ ਕਈ ਨਿਰਦੋਸ਼ ਲੋਕਾਂ ਦੀ ਜਾਨ ਚਲੀ ਜਾਂਦੀ।

### ਚੰਗੀ ਗਾਇਕੀ ਦੀ ਬੱਝੀ ਆਸ

ਕੌਣ ਜ਼ਿੰਮੇਵਾਰ ਹੈ ਇਸ ਸਭ ਲਈ? ਕੁਝ ਸਮਾਂ ਪਹਿਲਾਂ ਵੀ ਪੰਜਾਬ ਦੇ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨੇ ਗਾਇਕਾਂ-ਗੀਤਕਾਰਾਂ ਨਾਲ ਚੰਗੀ ਗਾਇਕੀ ਨੂੰ ਪ੍ਰਫੁੱਲਤ ਕਰਨ ਲਈ ਮੀਟਿੰਗਾਂ ਕੀਤੀਆਂ ਸਨ ਪਰ ਉਹ ਸਿਰਫ਼ ਮੀਟਿੰਗਾਂ ਤਕ ਸੀਮਤ ਰਹੀਆਂ। ਉਦੋਂ ਦੇਖਣ 'ਚ ਇਹ ਆਇਆ ਕਿ ਹਿੰਸਕ, ਮਾਰਧਾੜ ਵਾਲੇ ਗੀਤ ਗਾਉਣ ਵਾਲੇ ਗਾਇਕ ਤਾਂ ਇਨ੍ਹਾਂ ਮੀਟਿੰਗਾਂ 'ਚ ਆਏ ਹੀ ਨਹੀਂ। ਹੁਣ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਨੇ ਗੰਨ ਕਲਚਰ ਨੂੰ ਪ੍ਰਮੋਟ, ਮਾਰਧਾੜ ਤੇ ਹਿੰਸਕ ਗੀਤ ਗਾਉਣ ਵਾਲੇ ਗਾਇਕਾਂ ਤੇ ਸੋਸ਼ਲ ਮੀਡੀਆ 'ਤੇ ਹਥਿਆਰਾਂ ਦਾ ਪ੍ਰਦਰਸ਼ਨ ਕਰਨ ਵਾਲਿਆਂ 'ਤੇ ਸਖ਼ਤ ਕਾਰਵਾਈ ਕਰਨ ਦੀ ਗੱਲ ਆਖੀ। ਉਨ੍ਹਾਂ ਦਾ ਇਹ ਉਪਰਾਲਾ ਚੰਗਾ ਲੱਗਿਆ। ਆਸ ਜਾਗੀ ਕਿ ਹੁਣ ਮਾੜੀ ਗਾਇਕੀ ਨੂੰ ਠੱਲ੍ਹ ਪਵੇਗੀ। ਜਿਹੜੇ ਮਾੜਾ ਗਾਉਂਦੇ ਨੇ, ਉਹ ਚੰਗਾ ਗਾਉਣ ਦੀ ਕੋਸ਼ਿਸ਼ ਕਰਨਗੇ। ਹਾਲ ਹੀ 'ਚ ਇਕ ਗਵੱਈਏ 'ਤੇ ਅਜਿਹਾ ਗੀਤ ਰਿਲੀਜ਼ ਕਰਨ 'ਤੇ ਪਰਚਾ ਵੀ ਹੋਇਆ ਤੇ ਸੋਸ਼ਲ ਮੀਡੀਆ 'ਤੇ ਵੀ ਜਿਹੜੇ ਫਾਈਰਿੰਗ, ਹਥਿਆਰਾਂ ਦੀ ਪ੍ਰਦਰਸ਼ਨੀ ਕਰਦੇ ਦਿਸੇ, ਉਨ੍ਹਾਂ 'ਤੇ ਵੀ ਪਰਚੇ ਦਰਜ ਹੋਏ। ਅਸਲ 'ਚ ਹਥਿਆਰਾਂ ਦੀ ਮਹਿਮਾ ਕਰਨ ਵਾਲੇ ਇਹ ਲੋਕ ਕਲਾਕਾਰ ਕਹਾਉਣ ਦੇ ਹੱਕਦਾਰ ਹੀ ਨਹੀਂ।

### ਹਥਿਆਰ ਤੇ ਸੰਗੀਤ ਦਾ ਕੀ ਮੇਲ

ਵੈਸੇ ਹਥਿਆਰ ਤੇ ਸੰਗੀਤ ਦਾ ਕੀ ਮੇਲ? ਹਥਿਆਰ ਰੂਹ ਨੂੰ ਤੰਗ ਕਰਦਾ ਤੇ ਸੰਗੀਤ ਰੂਹ ਨੂੰ ਸਕੂਨ ਦਿੰਦਾ ਹੈ। ਲੋੜ ਹੈ ਜਿੱਥੇ ਪੰਜਾਬੀ ਗਾਇਕੀ ਵਿਚ ਵੀ ਸੈਂਸਰ ਬੋਰਡ ਦੀ, ਉੱਥੇ ਇਨ੍ਹਾਂ ਗਾਇਕਾਂ-ਗੀਤਕਾਰਾਂ ਦਾ ਵੀ ਫ਼ਰਜ਼ ਬਣਦੈ ਕਿ ਇਹ ਵੀ ਆਪਣੇ ਗੀਤਾਂ ਦੇ ਵਿਸ਼ਿਆਂ ਦੀ ਇਹੋ ਜਿਹੀ ਚੋਣ ਕਰਨ, ਜਿਸ ਨਾਲ ਸਾਡਾ ਪੰਜਾਬੀ ਸੱਭਿਆਚਾਰ ਅਮੀਰ ਰਹੇ। ਖ਼ੁਦ ਕਲਾਕਾਰ ਹੋਣ ਦੇ ਬਾਵਜੂਦ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਿਆਨ ਤੋਂ ਬਾਅਦ ਗਾਇਕਾਂ-ਗੀਤਾਂ 'ਤੇ ਜੋ ਨਕੇਲ ਪਾਈ ਗਈ ਹੈ ਤੇ ਸੋਸ਼ਲ ਮੀਡੀਆ 'ਤੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਵਾਲਿਆਂ '+ਤੇ ਪਰਚ ਦਰਜ ਕੇ ਜੋ ਸਖ਼ਤੀ ਦਿਖਾਈ ਗਈ ਹੈ, ਇਹ ਸਖ਼ਤੀ ਕੁਝ ਕੁ ਦਿਨਾਂ-ਮਹੀਨਿਆਂ ਲਈ ਰਹਿੰਦੀ ਹੈ ਜਾਂ ਇਨ੍ਹਾਂ ਕੁਝ ਕੁ ਜਣਿਆਂ ਉੱਤੇ ਹੋਏ ਪਰਚਿਆਂ ਨੂੰ ਦੇਖ ਕੇ ਬਾਕੀ ਵੀ ਸਬਕ ਸਿੱਖਣਗੇ, ਇਹ ਭਵਿੱਖ ਦੇ ਗਰਭ 'ਚ ਹੈ।



# ਖ਼ੁਸ਼ ਰਹਿਣ ਦੇ 10 ਤਰੀਕੇ



ਹਰ ਕੋਈ ਖ਼ੁਸ਼ ਮਹਿਸੂਸ ਕਰਨਾ ਪਸੰਦ ਕਰਦਾ ਹੈ ਪਰ ਇਹ ਕਹਿਣਾ ਸੌਖਾ ਹੈ. ਸਾਡੇ ਸਾਰਿਆਂ ਵਿੱਚ ਉਤਰਾਅ-ਚੜ੍ਹਾਅ ਹੁੰਦੇ ਹਨ ਅਤੇ ਕੁਝ ਦਿਨ ਦੂਜਿਆਂ ਨਾਲੋਂ ਬਿਹਤਰ ਹੁੰਦੇ ਹਨ। ਜੇ ਤੁਸੀਂ ਨਿਰਾਸ਼, ਅਸਥਿਰ ਮਹਿਸੂਸ ਕਰ ਰਹੇ ਹੋ, ਤੁਹਾਨੂੰ ਉਤਸ਼ਾਹਿਤ ਕਰਨ ਲਈ ਕੁਝ ਵਿਚਾਰਾਂ ਦੀ ਜ਼ਰੂਰਤ ਹੈ ਜਾਂ ਆਪਣੇ ਦਿਨ 'ਤੇ ਇੱਕ ਨਵਾਂ ਦ੍ਰਿਸ਼ਟੀਕੋਣ ਲੈਣਾ ਚਾਹੁੰਦੇ ਹੋ, ਤਾਂ ਖ਼ੁਸ਼ ਰਹਿਣ ਦੇ 10 ਤਰੀਕਿਆਂ ਬਾਰੇ ਇਸ ਪੋਸਟ ਨੂੰ ਦੇਖੋ!

ਇੱਕ ਧੰਨਵਾਦੀ ਸੂਚੀ ਲਿਖੋ

ਸ਼ੁਕਰਗੁਜ਼ਾਰੀ ਸਾਡੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਸਾਡੀ ਸਭ ਤੋਂ ਸ਼ਕਤੀਸ਼ਾਲੀ ਮਾਨਸਿਕਤਾ ਅਤੇ ਸਾਧਨਾਂ ਵਿੱਚੋਂ ਇੱਕ ਹੈ । ਇਸਦਾ ਨਿਯਮਤ ਅਭਿਆਸ ਤੁਹਾਨੂੰ ਉਤਸ਼ਾਹਿਤ ਕਰਦਾ ਹੈ ਕਿ ਤੁਹਾਡੇ ਕੋਲ ਕੀ ਹੈ, ਉਸ ਦੀ ਬਜਾਏ ਜੋ ਤੁਹਾਡੇ ਕੋਲ ਨਹੀਂ ਹੈ।

ਡਾਇਰੀ ਲਿਖਣਾ

ਮੈਂ ਦੇਖ ਸਕਦਾ ਹਾਂ ਕਿ ਜਦੋਂ ਮੇਰੇ ਉਲਝੇ ਹੋਏ ਵਿਚਾਰ ਕਾਗਜ਼ 'ਤੇ ਆਕਾਰ ਲੈਂਦੇ ਹਨ ਤਾਂ ਇਹ ਮੈਨੂੰ ਇਹ ਜਾਣਨ ਵਿੱਚ ਮਦਦ ਕਰਦਾ ਹੈ ਕਿ ਮੈਂ ਅਸਲ ਵਿੱਚ ਕੀ ਸੋਚ ਰਿਹਾ/ਰਹੀ ਹਾਂ ਅਤੇ ਮੈਨੂੰ ਇਸ ਬਾਰੇ ਕੀ ਕਰਨ ਦੀ ਲੋੜ ਹੈ। ਜਦੋਂ ਤੁਸੀਂ ਕਿਸੇ ਕਾਰਨ ਕਰਕੇ ਨਿਰਾਸ਼ ਮਹਿਸੂਸ ਕਰ ਰਹੇ ਹੋ ਤਾਂ ਜਰਨਲਿੰਗ ਯਕੀਨੀ ਤੌਰ 'ਤੇ ਸਕਾਰਾਤਮਕ ਵਾਈਬਸ ਨੂੰ ਉਤਸ਼ਾਹਿਤ ਕਰਨ ਦਾ ਇੱਕ ਤਰੀਕਾ ਹੈ ।

ਸਿਹਤਮੰਦ ਰੁਟੀਨ ਬਣਾਓ

ਛੋਟੀਆਂ-ਛੋਟੀਆਂ ਚੀਜ਼ਾਂ ਜੋ ਅਸੀਂ ਹਰ ਰੋਜ਼ ਕਰਨਾ ਚਾਹੁੰਦੇ ਹਾਂ ਉਸਦੀ ਲਿਸਟ ਬਣਾਓ । ਇਸ ਵਿਚ ਘਰ ਦੇ ਕੰਮ, ਤੰਦਰੁਸਤ ਰਹਿਣਾ ਅਤੇ ਸਿਹਤਮੰਦ ਖਾਣਾ , ਕਿਸੇ ਦੋਸਤ ਨੂੰ ਫ਼ੋਨ ਕਰਨ, ਡਾਇਰੀ ਲਿਖਣਾ ਆਦਿ ਹੋ ਸਕਦਾ ਹੈ।

ਇੱਕ ਪ੍ਰੇਰਨਾਦਾਇਕ ਪੋਡਕਾਸਟ ਸੁਣੋ

ਕੁਝ ਸਮੇਂ ਲਈ ਕਿਸੇ ਵੀ ਨਕਾਰਾਤਮਕ ਵਿਚਾਰਾਂ ਨੂੰ ਪਾਸੇ ਕਰਨ ਦੀ ਕੋਸ਼ਿਸ਼ ਕਰੋ ਅਤੇ ਆਪਣੇ ਦਿਮਾਗ ਨੂੰ ਪ੍ਰੇਰਿਤ, ਉਤਸ਼ਾਹਜਨਕ ਅਤੇ ਦਿਲਚਸਪ ਜਾਣਕਾਰੀ ਨਾਲ ਭਰੋ ਤਾਂ ਜੋ ਤੁਹਾਨੂੰ ਵਧੇਰੇ ਸਕਾਰਾਤਮਕ ਅਤੇ ਵਧੇਰੇ ਖੁਸ਼ੀ ਮਹਿਸੂਸ ਹੋ ਸਕੇ।

ਆਪਣੇ ਆਪ 'ਤੇ ਮਾਣ ਕਰੋ

ਜ਼ਿੰਦਗੀ ਦੀਆਂ ਆਪਣੀਆਂ 5 ਸਭ ਤੋਂ ਵੱਡੀਆਂ ਪ੍ਰਾਪਤੀਆਂ ਲਿਖੋ ਅਤੇ ਇਹ ਲਿਖੋ ਕਿ ਤੁਹਾਨੂੰ ਉਨ੍ਹਾਂ 'ਤੇ ਕਿਉਂ ਮਾਣ ਹੈ। ਤੁਸੀਂ ਦੇਖੋਗੇ ਕਿ ਤੁਸੀਂ ਬਹੁਤ ਵਧੀਆ ਮਹਿਸੂਸ ਕਰੋਗੇ ।

ਕਿਸੇ ਦੀ ਤਾਰੀਫ਼ ਕਰੋ

ਕਿਸੇ ਹੋਰ ਨੂੰ ਚੰਗਾ ਮਹਿਸੂਸ ਕਰਵਾਓ ਅਤੇ ਤੁਸੀਂ ਦੇਖੋਗੇ ਕਿ ਤੁਸੀਂ ਆਪ ਬਿਹਤਰ ਮਹਿਸੂਸ ਕਰੋਗੇ। ਜਿੰਨੀ ਖੁਸ਼ੀ ਤੋਹਫ਼ੇ ਦੇਣ ਵਿੱਚ ਹੁੰਦੀ ਹੈ ਓਨੀ ਹੀ ਇਸ ਨੂੰ ਪ੍ਰਾਪਤ ਕਰਨ ਵਿੱਚ ਹੁੰਦੀ ਹੈ।

ਵਰਤਮਾਨ ਵਿੱਚ ਜੀਓ

ਇਹ ਹਮੇਸ਼ਾ ਵੱਡੀਆਂ ਚੀਜ਼ਾਂ ਨਹੀਂ ਹੁੰਦੀਆਂ ਜੋ ਸਾਨੂੰ ਖੁਸ਼ ਮਹਿਸੂਸ ਕਰਦੀਆਂ ਹਨ। ਜ਼ਿੰਦਗੀ ਦੀਆਂ ਛੋਟੀਆਂ – ਛੋਟੀਆਂ ਗੱਲਾਂ ਸਾਨੂੰ ਵੀ ਖ਼ੁਸ਼ੀ ਦੇ ਸਕਦੀਆਂ ਹਨ।

ਨਿੱਜੀ ਵਿਕਾਸ ਨੂੰ ਤਰਜੀਹ ਦਿਓ

ਆਪਣੇ ਮਾਨ ਨੂੰ ਵਧਾਉਣ, ਨਵੀਆਂ ਚੀਜ਼ਾਂ ਸਿੱਖਣ ਅਤੇ ਨਵੇਂ ਮੌਕਿਆਂ ਦਾ ਅਨੁਭਵ ਕਰਨ ਦੇ ਤਰੀਕਿਆਂ ਬਾਰੇ ਸੋਚੋ।

ਛੋਟੀਆਂ ਜਿੱਤਾਂ ਦਾ ਜਸ਼ਨ ਮਨਾਓ

ਆਪਣੀਆਂ ਛੋਟੀਆਂ ਜਿੱਤਾਂ ਦਾ ਜਸ਼ਨ ਮਨਾਓ

ਕਿਸੇ ਦੋਸਤ ਨੂੰ ਫ਼ੋਨ ਕਰੋ

ਕਿਸੇ ਅਜਿਹੇ ਵਿਅਕਤੀ ਨਾਲ ਗੱਲਬਾਤ ਕਰਨਾ ਅਤੇ ਹੱਸਣਾ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ, ਤੁਹਾਡੀ ਆਤਮਾ ਨੂੰ ਖੁਸ਼ੀ ਨਾਲ ਭਰ ਦਿੰਦਾ ਹੈ | ਦੋਸਤ ਸਾਡੀਆਂ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹਨ, ਸਾਡੇ ਨਾਲ ਵਾਪਰੀਆਂ ਮਜ਼ਾਕੀਆ ਗੱਲਾਂ 'ਤੇ ਹੱਸਦੇ ਹਨ, ਸਾਡੇ ਵਿਚ ਆਤਮਵਿਸ਼ਵਾਸ ਪੈਦਾ ਕਰਦੇ ਹਨ ।

# ਤਵਿਆਂ ਤੋਂ ਸਿਨਮੇ ਤੱਕ ਪੁੱਜੀ ਪੰਜਾਬੀ ਗਾਇਕੀ

ਸੁਰਜੀਤ ਜੱਸਲ
ਫਿਲਮੀ ਮਨੋਰੰਜਨ
9814607737



.ਜਿਸ ਤਰ੍ਹਾਂ ਹਰ ਖੇਤਰ ਦੀ ਮੰਜਲ-ਏ-ਮਕਸੂਦ ਤੱਕ ਪਹੁੰਚਣ ਦੇ ਰਾਹ ਵਿਚ ਵੱਖ-ਵੱਖ ਪੜਾਅ ਹੁੰਦੇ ਹਨ ਜਾਂ ਇੰਝ ਕਹਿ ਲਈਏ ਕਿ ਛੱਤ 'ਤੇ ਚੜ੍ਹਣ ਲਈ ਇੱਕ ਤੋਂ ਉਪਰ ਦੂਜਾ,ਫੇਰ ਤੀਜਾ



ਡੰਡਾ ਹੁੰਦਾ ਹੈ। ਇਸੇ ਤਰ੍ਹਾਂ ਗਾਇਕੀ ਦੀ ਟੀਸੀ 'ਤੇ ਪਹੁੰਚਣ ਲਈ ਵੀ ਵੱਖ-ਵੱਖ ਪੜਾਅ ਹੁੰਦੇ ਹਨ। ਹਰ ਨਵੇਂ ਬਣਨ ਵਾਲੇ ਗਾਇਕ ਦੀ ਦਿਲੀ ਇੱਛਾ ਹੁੰਦੀ ਹੈ ਕਿ ਕਿਸੇ ਪ੍ਰਸਿੱਧ ਗਾਇਕ ਦੇ ਦੇ ਅਖਾੜੇ ਵਿੱਚ ਇੱਕ ਗੀਤ ਗਾਉਣ ਦਾ ਮੌਕਾ ਮਿਲ ਜਾਵੇ। ਉਹ ਸੋਚਾਂ ਦੀ ਤਾਣੀ ਬੁਣਦਾ ਹੈ ਕਿ ਉਸ ਨੂੰ ਕੋਈ ਨਾਮਵਰ ਗਾਇਕ ਜਾਂ ਸੰਗੀਤਕਾਰ ਆਪਣਾ ਚੇਲਾ ਬਣਾ ਲਵੇ। ਇਸ ਤੋਂ ਬਾਅਦ ਉਸ ਦੀ ਇੱਛਾ ਹੁੰਦੀ ਹੈ ਕਿ ਉਸ ਦਾ ਗਾਣਾ ਕਿਸੇ ਰੇਡੀਓ ਜਾਂ ਟੀ.ਵੀ.'ਤੇ ਆ ਜਾਵੇ(ਪਾਠਕੋ,ਇਥੇ ਗੱਲ ਵੀਹ ਸਾਲ ਪੁਰਾਣੇ ਦੌਰ ਦੀ ਕਰ ਰਿਹਾ ਹਾਂ,ਅੱਜ ਤਾਂ ਚੈਨਲਾਂ ਨੇ ਗਧੇ ਵੀ 'ਸੁਰ' ਚ ਹਿਣਕਣ ਲਾ ਦਿੱਤੇ ਹਨ) ਕੈਸਟਾਂ ਆਉਣ,ਅਖਾੜੇ ਲੱਗਣ। ਇੱਕੱਲੀ-ਇੱਕਲੀ ਪੌੜੀ ਚੜ੍ਹਦਿਆਂ ਬਿਨਾਂ ਸ਼ੱਕ ਉਸ ਦੀ ਆਖਰੀ ਮੰਜ਼ਿਲ ਪੰਜਾਬੀ ਫ਼ਿਲਮਾਂ 'ਚ ਪਿੱਠਵਰਤੀ ਗਾਇਕ ਬਣਨ ਦੀ ਹੁੰਦੀ ਹੈ । ਜੇਕਰ ਉਸਦਾ ਗਾਇਆ ਗਾਣਾ ਉਸੇ 'ਤੇ ਫ਼ਿਲਮਾਇਆ ਜਾਵੇ ਤਾਂ ਗੱਲ 'ਸੋਨੇ ਤੇ ਸੁਹਾਗੇ' ਵਾਲੀ ਹੋ ਜਾਂਦੀ ਸੀ। ਹਰ ਗਾਇਕ ਦੀ ਆਵਾਜ਼ ਪਿੱਠਵਰਤੀ ਗਾਣੇ ਲਈ ਢੁਕਵੀਂ ਨਹੀਂ ਹੁੰਦੀ। ਕਿਸੇ ਵੀ ਗਾਇਕ ਦੀ ਕੈਸਿਟ ਜਾਂ ਰਿਕਾਰਡ ਨੂੰ ਘਰ ਜਾਂ ਕਿਤੇ ਹੋਰ ਸੁਣਦਿਆਂ ਆਪਣਾ ਸਾਰਾ ਧਿਆਨ ਸਾਜ਼ ਅਤੇ ਆਵਾਜ਼ 'ਤੇ ਕੇਂਦਰਿਤ ਨਹੀਂ ਕਰ ਸਕਦੇ। ਚੰਗੇ ਗਾਇਕ ਦੀਆਂ ਲਾਈਆਂ ਗਰਾਰੀਆਂ ਜਾਂ ਕਿਸੇ ਬੇਸੁਰੇ ਦੀਆਂ ਚੀਕਾਂ ਸਾਇਦ ਤੁਸੀ ਸ਼ੋਰ ਪ੍ਰਦੂਸ਼ਣ 'ਚ ਨਾ ਸਮਝ ਸਕੋ।ਸਿਨੇਮੇ ਦੇ ਸਾਉਂਡਪਰੂਫ਼ ਬੰਦ ਹਾਲ ਵਿੱਚ ਤੁਹਾਡਾ 100ਧਿਆਨ ਤਸਵੀਰ ਅਤੇ ਆਂਵਾਜ਼ 'ਤੇ ਕੇਂਦਰਿਤ ਹੁੰਦਾ ਹੈ।ਉੱਥੇ ਹਰ ਗਾਇਕ ਦੀ ਰੇਂਜ ਦਾ ਨਤੀਜਾ ਤੁਹਾਡੇ ਸਾਹਮਣੇ ਹੁੰਦਾ ਹੈ। 5 % ਸਰੋਤਿਆਂ ਛੱਡ ਕੇ ਜੋ ਕਿ ਆਪਣੀਆਂ ਕੈਸਿਟਾਂ ਦੀ ਲਾਇਬ੍ਰੇਰੀ ਨੂੰ ਬੜੇ ਪਿਆਰ ਨਾਲ ਸੰਭਾਲ ਕੇ ਰੱਖਦੇ ਹਨ। ਬਾਕੀ ਦੇ 95%ਸਰੋਤੇ ਕਿਸੇ ਵੀ ਹਿੱਟ ਕੈਸਿਟ ਦਾ 2-4 ਮਹੀਨਿਆਂ ਵਿੱਚ ਕਬਾੜਾ ਕਰ ਦਿੰਦੇ ਹਨ ਪ੍ਰੰਤੂ ਫ਼ਿਲਮ ਵਿੱਚ ਗਾਇਆ ਗਾਣਾ ਅਮਰ ਹੋ ਜਾਂਦਾ ਹੈ। ਕਿਉਕਿ ਫ਼ਿਲਮ ਦਾ ਸਾਂਊਡ ਨੈਗਟਿਵ ਜਿਸ 'ਤੇ ਗਾਣੇ ਦੀ ਫਾਈਨੌਲ ਟਰਾਂਸਫਰ ਹੁੰਦੀ ਹੈ, ਹਮੇਸ਼ਾ ਲੈਬਾਰਟਰੀ ਵਿੱਚ ਮਹਿਫ਼ੂਜ਼ ਰਹਿੰਦਾ ਹੈ।

ਪੁਰਾਣੇ ਰਿਟਾਇਰ ਹੋ ਚੁੱਕੇ ਨਿਰਮਾਤਾ,ਨਿਰਦੇਸ਼ਕ ਜਦੋਂ ਪੰਜਾਬੀ ਫ਼ਿਲਮਾਂ ਦੇ ਪੁਰਾਣੇ ਪਿੱਠਵਰਤੀ ਗਾਇਕਾਂ ਦਾ ਜਿਕਰ ਕਰਦੇ ਹਨ ਤਾਂਉਨ੍ਹਾਂ ਦੇ ਮੂੰਹ 'ਤੇ ਮੁਸਕਰਾਹਟ ਦੇ ਨਾਲ ਮੁਹੰਮਦ ਰਫ਼ੀ ਸਾਹਿਬ ਦਾ ਨਾਂ ਆ ਜਾਂਦਾ ਹੈ। ਹਿੰਦੀ ਫ਼ਿਲਮਾਂ ਦੇ ਪਿੱਠਵਰਤੀ ਗਾਣਿਆਂ ਦੇ ਬੇਤਾਜ਼ ਬਾਦਸ਼ਾਹ ਮੁੰਹਮਦ ਰਫ਼ੀ ਨੇ ਇੱਕ ਪੰਜਾਬੀ ਹੋਣ ਦੇ ਨਾਤੇ ਪੰਜਾਬੀ ਫ਼ਿਲਮਾਂ ਲਈ ਗਾਇਆ। ਉਸ ਵੇਲੇ ਦੇ ਪੰਜਾਬੀ ਨਿਰਮਾਤਾ ਨੂੰ ਰਫ਼ੀ ਸਾਹਿਬ ਨੇ ਕਦੇ ਨਿਰਾਸ਼ ਨਹੀਂ ਕੀਤਾ। ਆਪਣੀਮਾਤ ਭਾਸ਼ਾ ਨਾਲ ਏਨਾਂ ਪਿਆਰ ਸੀ ਕਿ ਉਹ ਨਿਰਮਾਤਾ ਨਾਲ ਲੈਣ-ਦੇਣ ਦੀ ਗੱਲ ਵੀ ਨਹੀਂ ਸੀ ਕਰਦੇ ਸਗੋਂ ਜੋ ਨਿਰਮਾਤਾ ਲਿਫ਼ਾਫੇ ਵਿੱਚ ਪਾ ਕੇ ਦੇ ਦਿੰਦੇ ਸੀ ਉਹ ਖ਼ੁਸ਼ੀ ਨਾਲ ਪ੍ਰਵਾਨ ਕਰ ਲੈਂਦੇ ਸੀ। ਰਫ਼ੀ ਸਾਹਿਬ ਗਾਇਕੀ ਦੇ ਚਮਕਦੇ ਸੂਰਜ ਸਨ। ਭਾਵੇ ਕਾਮੇਡੀ ਹੋਵੇ “ਹਾਏ ਓ ਮਾਰ ਸੁੱਟਿਆ..(ਚੰਬੇ ਦੀ ਕਲੀ) ਦੋਗਾਣਾ ਹੋਵੇ “ਰੱਬ ਨਾ ਕਰੇ ਜੇ ਚਲਾ ਜਾਂਵੀ ਤੈਨੂੰ ਛੱਡਕੇ ਵੇ ..ਦੱਸ ਰੋਇਆ ਕਰੇਗਾ ਸਾਨੂੰ ਯਾਦ ਕਰਕੇ..ਵੇ ਰੱਬ ਨਾ ਕਰੇ(ਲੱਛੀ) ਬੈਕ-ਗਰਾਉਂਡ ਗਾਣਾ ਹੋਵੇ.. “ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ..(ਜੱਗਾ ਡਾਕੂ)” ਜਾਂ ਫਿਰ ਸ਼ਬਦ “ਮਿੱਤਰ ਪਿਆਰ ਨੂੰ ..ਹਾਲ ਮੁਰੀਦਾ ਦਾ ਕਹਿਣਾ..”(ਨਾਨਕ ਨਾਮ ਜਹਾਜ਼ ਹੈ)

ਗੱਲ ਕੀ, ਪੰਜਾਬੀ ਫ਼ਿਲਮਾਂ ਵਿੱਚ ਉਨ੍ਹਾਂ ਦਾ ਗਾਣਾ ਸੁਣ ਕੇ ਤੁਹਾਡੀ ਰੂਹ ਨਸ਼ਿਆ ਜਾਵੇਗੀ। ਉਨ੍ਹਾਂ ਦੀ ਆਵਾਜ਼ ਦਾ ਵੱਡਾ ਪਹਿਲੂ ਇਹ ਸੀ ਕਿ ਉਹ ਹਰੇਕ ਐਕਟਰ ਦੀ ਆਵਾਜ 'ਤੇ ਢੁੱਕਦੀ ਹੁੰਦੀ ਸੀ।

ਪਿੱਠਵਰਤੀ ਗਾਇਕਾਵਾਂ ਵਿੱਚਭਾਵੇਂ ਲਤਾ ਮੰਗੇਸ਼ਕਰ ਤੇ ਆਸ਼ਾ ਭੋਸਲੇ ਨੇ ਨੇ ਵੀ ਗਾਣੇ ਗਾਏ ਪਰ ਸ਼ਮਸ਼ਾਦ ਬੇਗਮ ਜਿਆਦਾ ਚਰਚਿਤ ਰਹੀ । 1970-75 ਤੱਕ ਜੋ ਵੀ ਫ਼ਿਲਮਾ ਬਣੀਆ ਉਨ੍ਹਾਂ ਵਿੱਚ ਜਿਆਦਾਤਰ ਮੁੰਬਈ ਦੇ ਹੀ ਪਿੱਠਵਰਤੀ ਗਾਇਕ ਹੁੰਦੇ ਸਨ। ਪ੍ਰੰਤ ਫ਼ਿਲਮ “ਸੈਦਾ ਜੋਗਣ ”ਨੇ ਇਹ ਰਿਕਾਰਡ ਤੋੜ ਦਿੱਤਾ। ਇਸ ਫ਼ਿਲਮ ਵਿੱਚ ਪਹਿਲੀ ਵਾਰ ਪੰਜਾਬ ਦੇ ਦੋ ਗਾਇਕਾਂ ਮੁੰਹਮਦ ਸਦੀਕ ਤੇ ਰਣਜੀਤ ਕੌਰ ਨੇ ਆਦਿ ਨੇ ਗਾਣੇ ਗਾਏ ਅਤੇ ਫ਼ਿਲਮ ਇਨ੍ਹਾਂ ਦੇ ਗੀਤਾਂ ਸਦਕਾ ਸੁਪਰ ਹਿੱਟ ਰਹੀ। ਫੇਰ “ਪੁੱਤ ਜੱਟਾਂ ਦੀ” ਫ਼ਿਲਮ ਦੀ ਸਫਲਤਾ ਨੇ ਇਹ ਸਾਬਿਤ ਕਰ ਦਿੱਤਾ ਕਿ ਪੰਜਾਬੀ ਫ਼ਿਲਮਾਂ ਵਿੱਚ ਹੁਣ ਪੰਜਾਬੀ ਗਾਇਕ ਹੀ ਚੱਲਣਗੇ। ਇਸ ਫ਼ਿਲਮ ਰਾਹੀਂ ਸੁਰਿੰਦਰ ਛਿੰਦਾ ਪੰਜਾਬੀ ਫ਼ਿਲਮਾਂ ਦੇ ਮੋਹਰੀ ਪਿੱਠਵਰਤੀ ਗਾਇਕ ਵਜੋਂ ਉੱਭਰ ਕੇ ਸਾਹਮਣੇ ਆਂਇਆ।“ਪੁੱਤ ਜੱਟਾਂ ਦੇ”ਫ਼ਿਲਮ ਦੇ ਨਾਇਕ ਬਲਦੇਵ ਖੋਸ਼ਾ 'ਤੇ ਫ਼ਿਲਮਾਇਆ ਗਾਣਾ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ..”ਅਤੇ ਇਸੇ ਫ਼ਿਲਮ ਵਿਚਲਾ ਬੈਕਗਰਾਂਉਡ ਗਾਣਾ “ਜਿੰਦ ਯਾਰ ਦੀ ਮੰਗਾ ਮੈਂ ਰੱਬਾ ਰੋ ਕੇ..”ਵਿਚ ਛਿੰਦੇ ਦੀ ਆਵਾਜ਼ ਦਾ ਜਾਦੂ ਹਰ ਸਰੋਤੇ ਦੇ ਸਿਰ ਚੜ੍ਹ ਬੋਲਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿਨੇਮੇ ਹਾਲ ਵਿਚ ਛਿੰਦੇ ਦੀ ਆਵਾਜ਼ ਬਹੁਤ ਫੈਲਦੀ ਹੈ। ਸਵਰਗੀ ਵਰਿੰਦਰ ਨੇ ਇਹ ਗੱਲ ਮੰਨੀ ਸੀ ਕਿਉਸ ਨੇ ਸੱਭ ਤੋਂ ਵੱਧ ਮੇਹਨਤ ਨਾਲ ਬਣਾਈ ਫ਼ਿਲਮ “ਬਟਵਾਰਾ ”ਦੇ ਗਾਣੇ ਜੇ ਛਿੰਦੇ ਤੋਂ ਗਵਾਏ ਹੁੰਦੇ ਤਾਂ ਟਿਕਟ ਖਿੜਕੀ 'ਤੇ ਉਸਦਾ ਨਤੀਜਾ ਕੁਝ ਹੋਰ ਹੋਣਾ ਸੀ। ਸੁਰਿੰਦਰ ਛਿੰਦੇ ਦੇ ਨਾਲ-ਨਾਲ ਬੈਕਗਰਾਂਉਡ ਅਤੇ ਉਦਾਸ ਗਾਣਿਆਂ ਵਿੱਚ ਮੁਹੰਮਦ ਸਦੀਕ ਦਾ ਵੀ ਕਾਫ਼ੀ ਯੋਗਦਾਨ ਹੈ । 'ਸਰਪੰਚ”ਫ਼ਿਲਮ ਦਾ ਸਦਾ-ਬਹਾਰ ਗਾਣਾ “ਨਹੀਂਓ ਭੁੱਲਣਾ ਵਿਛੋੜਾ ਮੈਨੂੰ ਤੇਰਾ..”ਅੱਜ ਵੀ ਲੋਕਾਂ ਦੀ ਜ਼ੁਬਾਨ ਤੇ ਹਨ। ਇਸੇ ਤਰ੍ਹਾਂ ਕੁਲਦੀਪ ਮਾਣਕ ਦੇ “ ਬਲਬੀਰੋ ਭਾਬੀ”ਫ਼ਿਲਮ ਵਿਚ ਗਾਏ ਦੋ ਬੈਕਗਰਾਂਉਡ ਗਾਣੇ “ਸੁੱਚੇ ਯਾਰ ਬਿਨਾਂ ਮੇਰਾ ਜੀਅ ਨੀਂ ਲਗਦਾ 'ਕੱਲੀ ਦਾ.. ਅਤੇ 'ਸੁੱਚਿਆ ਵੇ ਭਾਬੀ ਤੇਰੀ ਘੁੱਕਰ ਨੇ ਕੱਲੀ ਘੇ ਰੀ . . ” ਅੱ ਜ ਵੀ ਦਰਸ਼ਕਾਂ ਦੀ ਜ਼ੁਬਾਨ 'ਤੇ ਹਨ।

ਇਸੇ ਦਰਮਿਆਣ ਕੁਝ ਨਿਰਮਾਤਾਵਾਂ ਨੇ ਕੁਝ ਗਾਇਕਾਂ ਦੇ ਅਖਾੜੇ ਪੰਜਾਬੀ ਫ਼ਿਲਮਾਂ ਵਿਚ ਪੇਸ਼ ਕੀਤੇ ਜਿਨ੍ਹਾਂ 'ਚ ਸਵ.ਦਿਲਸ਼ਾਦ ਅਖ਼ਤਰ, ਸੁਰਜੀਤ ਬਿੰਦਰਖੀਆਂ,ਪਰਮਿੰਦਰ ਸੰਧੂ, ਗੁਰਮੀਤ ਬਾਵਾਆਂ ਦਿ ਪ੍ਰਮੁੱਖ ਹਨ। ਸਰਦੂਲ ਸਿਕੰਦਰ ਵੀ ਪੰਜਾਬੀ ਫ਼ਿਲਮਾਂ ਦੇ ਪਿੱਠਵਰਤੀ ਗਾਇਕ ਵਜੋਂ ਕਾਫ਼ੀ ਸਰਗਰਮ ਰਿਹਾ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸਰਦੂਲ ਸਿਕੰਦਰ ਦੀ ਆਵਾਜ਼ ਪੰਜਾਬੀ ਫ਼ਿਲਮਾਂ ਵਿਚ ਹਰ ਪੱਖੋਂ ਢੁੱਕਦੀ ਹੈ। ਪਿੱਠਵਰਤੀ ਗਾਇਕਾ ਵਜੋਂ ਸਰਬਜੀਤ ਸ਼ਰਮਾ(ਕੋਕੇ ਵਾਲੀ) ਸੱਭ ਤੋਂ ਉੱਪਰ ਹੈ। ਦਿਲਰਾਜ ਕੌਰ,ਸਵਿਤਾ ਸਾਥੀ, ਮੀਨੂੰ ਪ੍ਰਸ਼ੋਤਮ ਆਦਿ ਪੰਜਾਬੀ ਫ਼ਿਲਮ ਜਗਤ ਨਾਲ ਜੁੜੀਆਂ ਨਾਮਵਰ ਪਿੱਟਵਰਤੀ ਗਾਇਕਾਵਾਂ ਹਨ। ਵਰਿੰਦਰ ਨੇ ਆਪਣੀਆਂ ਫ਼ਿਲਮਾਂ ਵਿੱਚ ਪੰਜਾਬੀ ਗਾਇਕੀ ਦੇ ਅਖਾੜਿਆਂ ਦੀ ਨਵੀਂ ਪਿਰਤ ਪਾਈ। ਉਸਦੀ ਹਰੇਕ ਫ਼ਿਲਮ ਵਿੱਚ ਕਿਸੇ ਨਾ ਕਿਸੇ ਪੰਜਾਬੀ ਗਾਇਕ ਦਾ ਅਖਾੜਾ ਫ਼ਿਲਮਾਇਆ ਜਾਂਦਾ। ਪੰਜਾਬੀ ਸਿਨੇਮ ਦੇ ਐਕਸਨ ਦੌਰ ਦੀਆਂ ਫ਼ਿਲਮਾਂ ਵਿੱਚ ਅਣਖ ਜੱਟਾਂ ਦੀ , ਬਦਲਾ ਜੱਟੀ ਦਾ , ਲਲਕਾਰਾ ਜੱਟੀ ਦਾ ਫ਼ਿਲਮਾਂ ਵਿੱਚ ਸੁਰਜੀਤ ਬਿੰਦਰਖੀਆ, ਦਿਲਸ਼ਾਦ ਅਖ਼ਤਰ, ਸਰਦੂਲ ਸਿਕੰਦਰ-ਅਮਰ ਨੂਰੀ , ਹਰਭਜਨ ਮਾਨ ਕਮਲਜੀਤ ਨੀਰੂ ਆਦਿ ਗਾਇਕਾਂ ਨੂੰ ਵੱਡੇ ਪਰਦੇ 'ਤੇ ਆਉਣ ਦਾ ਮੌਕਾ ਮਿਲਿਆ। ਅੱਜ ਦੇ ਦੌਰ ਦੀ ਗੱਲ ਕਰੀਏ ਤਾਂ ਗਾਇਕਾਂ ਨੇ ਅਦਾਕਾਰੀ ਦੇ ਨਾਲ ਨਾਲ ਪਿੱਠ ਵਰਤੀ ਗਾਇਕੀ ਦਾ ਪਿੜ ਵੀ ਮੱਲ੍ਹਿਆਂ ਹੋਇਆ ਹੈ। ਪ੍ਰੰਤੂ ਮੰਨਤ ਨੂਰ, ਅਫ਼ਸਾਨਾ ਖਾਨ, ਰਜਾ ਹੀਰ, ਕਮਲ ਖਾਨ,ਕਨਵਰ ਗਰੇਵਾਲ ਆਦਿ ਪਰਦੇ ਦੇ ਪਿਛੇ ਦੀਆਂ ਚਰਚਿਤ ਆਵਾਜ਼ਾਂ ਹਨ। ਪੰਜਾਬੀ ਸਿਨਮੇ ਦੇ ਅਜੋਕੇ ਸੁਨਹਿਰੇ ਦੌਰ ਵਿੱਚ ਪੰਜਾਬੀ ਗਾਇਕਾਂ ਦਾ ਚੰਗਾ ਬੋਲਬਾਲਾ ਹੈ। ਕੱਲ੍ਹ ਦੀ ਐੱਚ ਐਮ ਵੀ ਦੇ ਤਵਿਆਂ ਤੋਂ ਖੁੱਲ੍ਹੇ ਅਖਾੜਿਆਂ ਤੱਕ ਸੀਮਤ ਗਾਇਕੀ ਨੇ ਅੱਜ ਮਲਟੀਪਲੈਕਸ ਦੀਆਂ ਸਿਲਵਰ ਸਕਰੀਨਾਂ 'ਤੇ ਆਪਣੀ ਧਾਂਕ ਜਮਾਂ ਕੇ ਸਫ਼ਲਤਾ ਦੇ ਝੰਡੇ ਗੱਡੇ ਹਨ।



ਹਿੰਦੀ ਫ਼ਿਲਮਾਂ ਦੇ ਪਿੱਠਵਰਤੀ ਗਾਣਿਆਂ ਦੇ ਬੇਤਾਜ਼ ਬਾਦਸ਼ਾਹ ਮੁੰਹਮਦ ਰਫ਼ੀ ਨੇ ਇੱਕ ਪੰਜਾਬੀ ਹੋਣ ਦੇ ਨਾਤੇ ਪੰਜਾਬੀ ਫ਼ਿਲਮਾਂ ਲਈ ਗਾਇਆ। ਉਸ ਵੇਲੇ ਦੇ ਪੰਜਾਬੀ ਨਿਰਮਾਤਾ ਨੂੰ ਰਫ਼ੀ ਸਾਹਿਬ ਨੇ ਕਦੇ ਨਿਰਾਸ਼ ਨਹੀਂ ਕੀਤਾ। ਆਪਣੀ ਮਾਤ ਭਾਸ਼ਾ ਨਾਲ ਏਨਾਂ ਪਿਆਰ ਸੀ ਕਿ ਉਹ ਨਿਰਮਾਤਾ ਨਾਲ ਲੈਣ-ਦੇਣ ਦੀ ਗੱਲ ਵੀ ਨਹੀਂ ਸੀ ਕਰਦੇ ਸਗੋਂ ਜੋ ਨਿਰਮਾਤਾ ਲਿਫ਼ਾਫੇ ਵਿੱਚ ਪਾ ਕੇ ਦੇ ਦਿੰਦੇ ਸੀ ਉਹ ਖ਼ੁਸ਼ੀ ਨਾਲ ਪ੍ਰਵਾਨ ਕਰ ਲੈਂਦੇ ਸੀ। ਰਫ਼ੀ ਸਾਹਿਬ ਗਾਇਕੀ ਦੇ ਚਮਕਦੇ ਸੂਰਜ ਸਨ।



ਪੰਜਾਬੀ ਸਿਨੇਮਾ ਦੇ ਐਕਸਨ ਦੌਰ ਦੀਆਂ ਫ਼ਿਲਮਾਂ ਵਿੱਚ ਅਣਖ ਜੱਟਾਂ ਦੀ , ਬਦਲਾ ਜੱਟੀ ਦਾ , ਲਲਕਾਰਾ ਜੱਟੀ ਦਾ ਫ਼ਿਲਮਾਂ ਵਿੱਚ ਸੁਰਜੀਤ ਬਿੰਦਰਖੀਆ, ਦਿਲਸ਼ਾਦ ਅਖ਼ਤਰ, ਸਰਦੂਲ ਸਿਕੰਦਰ-ਅਮਰ ਨੂਰੀ , ਹਰਭਜਨ ਮਾਨ ਕਮਲਜੀਤ ਨੀਰੂ ਆਦਿ ਗਾਇਕਾਂ ਨੂੰ ਵੱਡੇ ਪਰਦੇ 'ਤੇ ਆਉਣ ਦਾ ਮੌਕਾ ਮਿਲਿਆ। ਅੱਜ ਦੇ ਦੌਰ ਦੀ ਗੱਲ ਕਰੀਏ ਤਾਂ ਗਾਇਕਾਂ ਨੇ ਅਦਾਕਾਰੀ ਦੇ ਨਾਲ ਨਾਲ ਪਿੱਠ ਵਰਤੀ ਗਾਇਕੀ ਦਾ ਪਿੜ ਵੀ ਮੱਲ੍ਹਿਆਂ ਹੋਇਆ ਹੈ। ਪ੍ਰੰਤੂ ਮੰਨਤ ਨੂਰ, ਅਫ਼ਸਾਨਾ ਖਾਨ, ਰਜਾ ਹੀਰ, ਕਮਲ ਖਾਨ,ਕਨਵਰ ਗਰੇਵਾਲ ਆਦਿ ਪਰਦੇ ਦੇ ਪਿਛੇ ਦੀਆਂ ਚਰਚਿਤ ਆਵਾਜ਼ਾਂ ਹਨ। ਪੰਜਾਬੀ ਸਿਨਮੇ ਦੇ ਅਜੋਕੇ ਸੁਨਹਿਰੇ ਦੌਰ ਵਿੱਚ ਪੰਜਾਬੀ ਗਾਇਕਾਂ ਦਾ ਚੰਗਾ ਬੋਲਬਾਲਾ ਹੈ।

Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.

# ਕੁਬੈਕ ਦੇ ਡੇਅ ਕੇਅਰ ਸੈਂਟਰ ਨਾਲ ਸਿਟੀ ਬੱਸ ਟਕਰਾਉਣ ਕਾਰਨ 2 ਬੱਚਿਆਂ ਦੀ ਮੌਤ, 6 ਜ਼ਖਮੀਂ -ਪ੍ਰਧਾਨ ਮੰਤਰੀ ਟਰੂਡੋ ਸਮੇਤ ਕਈ ਆਗੂਆਂ ਨੇ ਸ਼ਰਧਾਂਜਲੀ ਦਿੱਤੀ



ਮਾਂਟਰੀਅਲ (ਪੰਜਾਬੀ ਅਖ਼ਬਾਰ ਬਿਊਰੋ)- ਇੱਕ ਬੇਹੱਦ ਮੰਦਭਾਗੀ ਖ਼ਬਰ ਕੁਬੈਕ ਤੋਂ ਆਈ ਹੈ ਕੁਬੈਕ ਦੇ ਸ਼ਹਿਰ ਲਾਵਾਲ ਵਿਖੇ ਇੱਕ ਭਿਆਨਕ ਹਾਦਸਾ ਵਾਪਰਿਆ ਹੈ. ਇੱਕ ਸਿਟੀ ਬੱਸ ਬੱਚਿਆਂ ਦੇ ਡੇਅ ਕੇਅਰ ਸੈਂਟਰ ਦੇ ਵਿੱਚ ਜਾ ਟਕਰਾਈ ਜਿਸ ਵਕਤ ਇਹ ਬੱਸ ਇਸ ਡੇ ਕੇਅਰ ਨਾਲ ਟਕਰਾਈ ਤਾਂ ਉਸ ਵਕਤ ਅੰਦਰ ਕਾਫੀ ਬੱਚੇ ਮੌਜੂਦ ਸਨ. ਇਸ ਭਿਆਨਕ ਹਾਦਸੇ ਵਿੱਚ ਦੋ ਬੱਚਿਆਂ ਦੀ ਜਾਨ ਚਲੀ ਗਈ ਅਤੇ 6 ਜ਼ਖਮੀ ਹੋਏ। ਇਸ ਮਾਮਲੇ ਵਿੱਚ ਬੱਸ ਦੇ 51 ਸਾਲਾ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ ਉੱਪਰ ਹੱਤਿਆ ਅਤੇ ਹੱਤਿਆ ਕਰਨ ਦੀ ਕੋਸ਼ਿਸ਼ ਅਤੇ ਹੋਰ ਚਾਰਜ ਲਗਾਏ ਗਏ ਹਨ। ਇਸੇ ਦੌਰਾਨ ਮਾਰੇ ਗਏ ਦੋ ਬੱਚਿਆਂ ਦੀ ਯਾਦ ਵਿੱਚ ਕਰਵਾਏ ਗਏ ਕੈਂਡਲ ਲਾਈਟ ਵਿਜਿਲ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਸ਼ਿਰਕਤ ਕੀਤੀ। ਪ੍ਰਧਾਨ ਮੰਤਰੀ ਨੇ ਆਖਿਆ ਕਿ ਇਹ ਘਟਨਾ ਸੋਚ ਤੋਂ ਵੀ ਬਾਹਰੀ ਹੈ। ਉਨ੍ਹਾਂ ਆਖਿਆ ਕਿ ਪੀੜਤ ਪਰਿਵਾਰਾਂ ਦੀ ਇਸ ਦੁੱਖ ਦੀ ਘੜੀ ਵਿੱਚ ਅਸੀਂ ਉਨ੍ਹਾਂ ਦੇ ਨਾਲ ਹਾਂ। ਟਰੂਡੋ ਨੇ ਆਖਿਆ ਕਿ ਫਰਸਟ ਰਿਸਪਾਂਡਰਜ਼ ਨੇ ਜਿਹੜਾ ਹੀਰੋ ਵਾਲਾ ਕੰਮ ਕੀਤਾ ਅਸੀਂ ਉਸ ਲਈ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ। ਪਰ ਉਸ ਸਮੇਂ ਜੋ ਕੁੱਝ ਉਨ੍ਹਾਂ ਵੇਖਿਆ ਤੇ ਜਿਸ ਸੰਘਰਸ਼ ਵਿੱਚੋਂ ਉਹ ਲੰਘੇ ਉਸ ਦਾ ਅਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ। ਕੁਬੈਕ ਦੇ ਪ੍ਰੀਮੀਅਰ ਫਰਾਂਸਵਾ ਲੇਗਊ ਅਤੇ ਸੂਬੇ ਵਿੱਚ ਵਿਰੋਧੀ ਧਿਰਾਂ ਦੇ ਆਗੂਆਂ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ ਅਤੇ ਇਲਾਕੇ ਦੇ ਲੋਕਾਂ ਵੱਲੋਂ ਵੀ ਮਾਰੇ ਗਏ ਬੱਚਿਆਂ ਨੂੰ ਨਮ ਅੱਖਾਂ ਨਾਲ ਯਾਦ ਕੀਤਾ ਗਿਆ।

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop

We Do Take-Out & Catering For All Events

ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ !
“ਪੰਜਾਬੀ ਚੁੱਲੇ” ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ–ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !



ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।

83 Martindale Blvd NE Calgary, AB T3J 3M7
P: 403-453-9000 / C:403-477-5142



CHANDIGARH DRIVING SCHOOL
Don't Learn Safety by Accident

- Class 1, 3 & 5
- Brush up 1, 3 & 5
- Certification Courses
- Air Brake (Q endorsement)
- Advance Training Course
- Car & Tractor Trailor for Road Test

RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience



Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.




ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਕੈਨੇਡਾ ਵਿੱਚ ਪੰਜਾਬੀ ਬੋਲੀ



## ਪ੍ਰਾਪਤੀਆਂ ਤੇ ਚੁਣੌਤੀਆਂ

ਡਾ. ਗੁਰਵਿੰਦਰ ਸਿੰਘ
001-604-825-1550



ਕੈਨੇਡਾ ਬਹੁ-ਸਭਿਆਚਾਰਕ ਅਤੇ ਬਹੁ-ਭਾਸ਼ਾਈ ਦੇਸ਼ ਹੈ। ਇੱਥੇ 'ਇੱਕ ਰਾਸ਼ਟਰ ਅਤੇ ਇੱਕ ਭਾਸ਼ਾ' ਦਾ ਧ੍ਰੁਵੀਕਰਨ ਵਾਲਾ ਫਾਰਮੂਲਾ ਨਹੀਂ ਚੱਲਦਾ। ਕੈਨੇਡਾ ਵਿੱਚ ਚਾਹੇ ਸਰਕਾਰੀ ਤੌਰ 'ਤੇ ਅੰਗਰੇਜ਼ੀ ਅਤੇ ਫਰੈਂਚ, ਦੋ ਭਾਸ਼ਾਵਾਂ ਨੂੰ ਕੰਮਕਾਜ ਲਈ ਪ੍ਰਮੁੱਖਤਾ ਦਿੱਤੀ ਗਈ ਹੈ, ਪਰ ਇੱਥੇ 200 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ 60 ਤੋਂ ਵੱਧ, ਮੂਲ-ਨਿਵਾਸੀਆਂ ਦੀਆਂ ਬੋਲੀਆਂ ਸ਼ਾਮਲ ਹਨ। ਕੈਨੇਡਾ ਵਿਚ ਪੰਜਾਬੀ ਬੋਲੀ ਦੀ ਚੜ੍ਹਦੀ ਕਲਾ ਦੀਆਂ ਮਿਸਾਲਾਂ ਪੰਜਾਬ ਦੀ ਧਰਤੀ 'ਤੇ ਵੀ ਦਿੱਤੀਆਂ ਜਾਂਦੀਆਂ ਹਨ।

ਕੈਨੇਡਾ ਵਸਦੇ ਪੰਜਾਬੀਆਂ ਅੰਦਰ ਮਾਂ-ਬੋਲੀ ਲਈ ਠਾਠਾਂ ਮਾਰਦੇ ਪਿਆਰ ਦੀ ਗੱਲ ਕਰਦਿਆਂ ਆਮ ਹੀ ਕਿਹਾ ਜਾਂਦਾ ਹੈ ਕਿ ਕੈਨੇਡਾ ਵਿਚ 'ਦੂਜਾ ਪੰਜਾਬ' ਵਸਦਾ ਹੈ। ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਸੌ ਸਾਲ ਤੋਂ ਵੱਧ ਸਮੇਂ ਤੋਂ ਇਥੇ ਵਸੇ ਪੰਜਾਬੀਆਂ ਨੇ ਆਪਣੀ ਬੋਲੀ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੈ। ਇਥੋਂ ਦੇ ਕਈ ਸ਼ਹਿਰਾਂ 'ਚ ਪੰਜਾਬ ਤੋਂ ਘੁੰਮਣ ਆਇਆ ਪੰਜਾਬੀ ਜਦੋਂ ਘਰੋਂ ਬਾਹਰ ਨਿਕਲਦਾ ਹੈ, ਤਾਂ ਉਸ ਨੂੰ ਭੁਲੇਖਾ ਪੈਣ ਲੱਗ ਪੈਂਦਾ ਹੈ ਕਿ ਉਹ ਸ਼ਾਇਦ ਪੰਜਾਬ ਦੇ ਕਿਸੇ ਸ਼ਹਿਰ 'ਚ ਘੁੰਮ ਰਿਹਾ ਹੋਵੇ। ਪੰਜਾਬੀ ਵਿਚ ਲੱਗੇ ਸਾਈਨ ਬੋਰਡ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਕੈਨੇਡਾ ਵਿੱਚ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਦੀ ਚੜ੍ਹਤ ਹੈ।

ਮਾਂ-ਬੋਲੀ ਪੰਜਾਬੀ ਨਾਲੋਂ ਟੁੱਟੇ ਪੰਜਾਬੀ, ਆਪਣੀ ਬੋਲੀ ਨਾਲ ਕੈਨੇਡਾ ਆ ਕੇ ਕਿਵੇਂ ਜੁੜਦੇ ਹਨ, ਇਸ ਦੀ ਮਿਸਾਲ ਉੱਘੇ ਸਾਹਿਤਕਾਰ ਰਾਜਿੰਦਰ ਸਿੰਘ ਬੇਦੀ ਦੇ ਪੋਤਰੇ ਤੇ ਫ਼ਿਲਮ ਨਿਰਮਾਤਾ ਨਰਿੰਦਰ ਬੇਦੀ ਦੇ ਪੁੱਤਰ, ਫਿਲਮ ਅਦਾਕਾਰ ਅਤੇ ਨਿਰਮਾਤਾ ਰਜਤ ਬੇਦੀ ਨੇ ਸਾਂਝੀ ਕੀਤੀ। ਉਸਨੇ ਕਿਹਾ ਕਿ ਬੰਬਈ ਵਿਚ ਰਹਿੰਦਿਆਂ ਉਹ ਪੰਜਾਬੀ ਨਹੀਂ ਸੀ ਬੋਲਦਾ, ਪਰ ਜਦੋਂ ਉਹ ਕੈਨੇਡਾ ਆਇਆ, ਤਾਂ ਇਥੇ ਆ ਕੇ ਨਾ ਸਿਰਫ਼ ਪੰਜਾਬੀ ਬੋਲਣ ਹੀ ਲੱਗਿਆ, ਸਗੋਂ ਪੰਜਾਬੀ ਫਿਲਮਾਂ ਵੱਲ ਵੀ ਉਤਸ਼ਾਹਤ ਹੋ ਗਿਆ। ਰਜਤ ਬੇਦੀ ਨੇ ਕਿਹਾ ਕਿ ਉਸ ਨੂੰ ਅਤੇ ਉਸ ਵਰਗੇ ਅਨੇਕਾਂ ਹੋਰਨਾਂ ਨੂੰ ਕੈਨੇਡਾ ਨੇ ਪੰਜਾਬ ਨਾਲ ਜੁੜਿਆ ਹੈ।

ਕੈਨੇਡਾ ਦੀਆਂ ਵੱਖ-ਵੱਖ ਸਮੇਂ ਦੀਆਂ ਮਰਦਮਸ਼ੁਮਾਰੀਆਂ ਦੇ ਅੰਕੜੇ ਇਥੇ ਪੰਜਾਬੀ ਦੀ ਤਰੱਕੀ ਦੀ ਗਵਾਹੀ ਭਰਦੇ ਹਨ। ਇਨ੍ਹਾਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕੈਨੇਡਾ ਦੀ ਕੁੱਲ ਗਿਣਤੀ ਦੇ ਹਿਸਾਬ ਨਾਲ 0.43 ਫ਼ੀਸਦੀ ਤੋਂ 2 ਫ਼ੀਸਦੀ ਦੇ ਨੇੜੇ ਜਾ ਪਹੁੰਚੀ ਹੈ। ਕੈਨੇਡਾ ਦੀ ਮੌਜੂਦਾ ਸਮੇਂ ਆਬਾਦੀ 3 ਕਰੋੜ 86 ਲੱਖ ਤੱਕ ਪਹੁੰਚ ਚੁੱਕੀ ਹੈ। ਜੇਕਰ ਕੈਨੇਡਾ 'ਚ ਪੰਜਾਬੀਆਂ ਵਲੋਂ ਆਪਣੀ ਮਾਂ-ਬੋਲੀ ਪੰਜਾਬੀ ਲਿਖਵਾਉਣ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇਹ 1991 ਵਿਚ 113, 220 (0.43 ਫ਼ੀਸਦੀ), 1996 ਵਿਚ 201, 780 (0.70 ਫ਼ੀਸਦੀ), 2001 ਵਿਚ 271, 220 (0.90 ਫ਼ੀਸਦੀ), 2006 ਵਿਚ 367, 505 (1.18 ਫ਼ੀਸਦੀ), 2011 ਵਿਚ 459, 990 (1.30 ਫ਼ੀਸਦੀ) 2016 ਵਿਚ 543, 495 (1.7 ਫ਼ੀਸਦੀ) ਅਤੇ 2021 ਵਿਚ 763, 785 (2 ਫੀਸਦੀ) ਤੱਕ ਪਹੁੰਚ ਚੁੱਕੀ ਹੈ, ਜਦ ਕਿ ਅਗਲੀ ਮਰਦਮਸ਼ੁਮਾਰੀ 2026 ਵਿਚ ਹੋਵੇਗੀ।

ਮਰਦਮ ਸ਼ੁਮਾਰੀ ਦੇ ਇਕ ਹੋਰ ਵਰਗ ਅਨੁਸਾਰ ਘਰਾਂ ਵਿੱਚ ਬਹੁਤਾ ਸਮਾਂ ਪੰਜਾਬੀ ਬੋਲਣ ਵਾਲਿਆਂ ਦੀ 2021 ਦੀ ਮਰਦਮਸ਼ੁਮਾਰੀ ਦੌਰਾਨ ਗਿਣਤੀ 827,150 ਹੈ, ਜਦ ਕਿ ਕੈਨੇਡਾ ਦੀਆਂ ਨਾਨ-ਆਫੀਸ਼ੀਅਲ ਬੋਲੀਆਂ ਤੋਂ ਇਲਾਵਾ ਪੰਜਾਬੀ ਬੋਲੀ ਦੀ ਜਾਣਕਾਰੀ ਰੱਖਣ ਵਾਲਿਆਂ ਦੀ ਸੰਖਿਆ 942, 170 ( 2016 ਤੋਂ 41 ਗੁਣਾ ਵੱਧ) ਹੈ। 2021 ਦੀ ਮਰਦਮਸ਼ੁਮਾਰੀ ਅਨੁਸਾਰ ਕੈਨੇਡਾ ਵਿਚ ਪੰਜਾਬੀ ਬੋਲਣ ਵਾਲਿਆਂ ਵਿਚ ਪਹਿਲੇ ਨੰਬਰ 'ਤੇ ਉਨਟੈਰੀਉ ਪ੍ਰੋਵਿੰਸ (397, 865), ਦੂਜੇ 'ਤੇ ਬ੍ਰਿਟਿਸ਼ ਕਲੰਬੀਆ (315,000) ਅਤੇ ਤੀਜੀ ਨੰਬਰ 'ਤੇ ਐਲਬਰਟਾ (126,365) ਆਉਂਦਾ ਹੈ।

ਇਹ ਆਮ ਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਕੈਨੇਡਾ 'ਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਤੀਜੀ ਬੋਲੀ ਹੈ। ਅਸੀਂ ਬਹੁਤ ਖੁਸ਼ ਹੁੰਦੇ ਹਾਂ ਕਿ ਪੰਜਾਬੀ ਕੈਨੇਡਾ 'ਚ ਸਭ ਤੋਂ ਵੱਧ, ਤੇਜ਼ੀ ਨਾਲ ਵਧ ਰਹੀ ਹੈ। ਇਹ ਜਾਣ ਕੇ ਅੱਜ ਪੰਜਾਬੀਆਂ ਨੂੰ ਹੈਰਾਨੀ ਹੋਵੇਗੀ ਕਿ ਪਹਿਲਾਂ ਪੰਜਾਬੀ ਦਾ ਸਥਾਨ ਤੀਜਾ ਹੁੰਦਾ ਸੀ, ਪਰ ਹੁਣ ਇਹ ਨਹੀਂ ਰਿਹਾ, ਜਿਸ ਦੀ ਸਹੀ ਤਸਵੀਰ ਪੰਜਾਬੀਆਂ ਤੱਕ ਪਹੁੰਚਾਉਣੀ ਜ਼ਰੂਰੀ ਹੈ। ਇਹ ਕੌੜੀ ਸਚਾਈ ਹੈ ਕਿ ਕੈਨੇਡਾ 'ਚ ਪੰਜਾਬੀ ਬੋਲੀ ਤੀਜੇ ਸਥਾਨ ਤੋਂ ਖਿਸਕ ਕੇ ਪੰਜਵੇਂ ਸਥਾਨ 'ਤੇ ਪਹੁੰਚ ਗਈ ਹੈ।

ਬੋਲੀ ਆਧਾਰਿਤ ਅੰਕੜਿਆਂ ਅਨੁਸਾਰ ਸੰਨ 2011 ਦੀ ਜਨਗਣਨਾ ਅਨੁਸਾਰ ਅੰਗਰੇਜ਼ੀ ਤੇ ਫਰੈਂਚ ਤੋਂ ਮਗਰੋਂ, ਇੰਮੀਗਰੈਂਟ ਭਾਈਚਾਰਿਆਂ ਦੀਆਂ ਮਾਂ-ਬੋਲੀਆਂ ਦੀ ਸੂਚੀ 'ਚ ਪੰਜਾਬੀ ਪਹਿਲੇ ਥਾਂ 'ਤੇ ਸੀ, ਭਾਵ ਕੁੱਲ ਮਿਲਾ ਕੇ ਤੀਜੇ ਸਥਾਨ 'ਤੇ ਸੀ। ਸੰਨ 2011 ਦੇ ਅੰਕੜਿਆਂ ਮੁਤਾਬਿਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 459, 990 ਸੀ, ਜਦ ਕਿ ਚੀਨੀ ਭਾਈਚਾਰੇ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ 'ਚ ਕੈਂਟਨੀਜ਼ ਬੋਲਣ ਵਾਲੇ 388, 935 ਅਤੇ ਮੈਂਡਰੀਨ ਬੋਲਣ ਵਾਲੇ 255,160 ਸਨ। ਪੰਜ ਸਾਲਾਂ ਮਗਰੋਂ 2016 ਦੇ ਅੰਕੜਿਆਂ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 18.2 ਫ਼ੀਸਦੀ ਵਧਣ ਨਾਲ ਇਹ ਸੰਖਿਆ 543, 495 ਹੋ ਗਈ ਤੇ ਮਹਿਜ਼ 85,505 ਹੋਰ ਪੰਜਾਬੀਆਂ ਨੇ, ਪੰਜ ਸਾਲਾਂ 'ਚ ਮਾਂ-ਬੋਲੀ ਪੰਜਾਬੀ ਲਿਖਵਾਈ। ਦੂਜੇ ਪਾਸੇ ਮੈਂਡਰੀਨ ਬੋਲਣ ਵਾਲੇ 610,835 ਅਤੇ ਕੈਂਟਨੀਜ਼ ਬੋਲਣ ਵਾਲੇ 594,030 ਦੀ ਗਿਣਤੀ ਤੱਕ ਪਹੁੰਚ ਗਏ। ਇੰਜ ਪੰਜਾਬੀ ਬੋਲਣ ਵਾਲੇ ਤੀਜੇ ਥਾਂ ਤੋਂ ਪੰਜਵੇਂ 'ਤੇ ਆ ਡਿਗੇ, ਜਦ ਕਿ ਤੀਜੀ ਤੇ ਚੌਥੀ ਥਾਂ ਮੈਂਡਰੀਨ ਤੇ ਕੈਂਟਨੀਜ਼ ਨੇ ਲੈ ਲਈ। 21 ਮਈ 2021 ਦੀ ਮਰਦਮਸ਼ੁਮਾਰੀ ਦੀ ਗੱਲ ਕਰਦੇ ਹਾਂ, ਤਾਂ ਅੰਕੜਿਆਂ ਦੇ ਹਿਸਾਬ ਨਾਲ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 942,170 ਪੰਜਵੇਂ ਸਥਾਨ 'ਤੇ ਹੈ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਸ ਵਰਗ ਵਿਚ ਅੰਗਰੇਜ਼ੀ ਅਤੇ ਫਰੈਂਚ ਤੋਂ ਮਗਰੋਂ, ਤੀਜੇ ਨੰਬਰ 'ਤੇ ਸਪੈਨਿਸ਼ (1,171,450) ਅਤੇ ਚੌਥੇ ਨੰਬਰ 'ਤੇ ਮੈਂਡਰੀਨ ਚੀਨੀ ਬੋਲੀ (987, 300 ) ਹੈ।

ਅਸੀਂ ਕਹਿ ਸਕਦੇ ਹਾਂ ਕਿ ਜਿੱਥੇ ਕੈਨੇਡਾ ਵਿੱਚ ਪੰਜਾਬੀ ਬੋਲੀ ਦੀਆਂ ਵੱਡੀਆਂ ਪ੍ਰਾਪਤੀਆਂ ਹਨ, ਉਥੇ ਅਜੇ ਵੀ ਕਈ ਤਰ੍ਹਾਂ ਦੀਆਂ ਚੁਣੌਤੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਮਰਦਮਸ਼ੁਮਾਰੀ ਸਮੇਂ ਪੰਜਾਬੀਆਂ ਵਲੋਂ ਮਾਂ-ਬੋਲੀ ਲਿਖਵਾਉਣ ਲਈ ਉਤਸ਼ਾਹ ਅਜੇ ਵੀ ਓਨਾ ਨਹੀਂ, ਜਿੰਨਾ ਹੋਣਾ ਚਾਹੀਦਾ ਹੈ। ਕੈਨੇਡਾ ਵਿਚ ਘੱਟੋ-ਘੱਟ 5 ਲੱਖ ਤੋਂ ਵੱਧ ਗਿਣਤੀ ਵਿੱਚ ਅਜਿਹੇ ਹੋਰ ਪੰਜਾਬੀ ਵੀ ਵਸਦੇ ਹਨ, ਜਿਹੜੇ ਮਰਦਮਸ਼ੁਮਾਰੀ ਦੌਰਾਨ ਆਪਣੀ ਮਾਂ-ਬੋਲੀ ਪੰਜਾਬੀ ਨਹੀਂ ਲਿਖਵਾਉਂਦੇ ਜਾਂ ਮਰਦਮਸ਼ੁਮਾਰੀ ਵਿੱਚ ਮਾਂ- ਬੋਲੀ ਵਾਲੇ ਖਾਨੇ ਭਰਦੇ ਹੀ ਨਹੀ। ਇਥੇ ਦੱਸਣਯੋਗ ਹੈ ਕਿ ਕੈਨੇਡਾ ਵਿੱਚ ਆਏ ਸੈਲਾਨੀ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਵਰਕ ਪਰਮਿਟ ਵਾਲੇ ਪੰਜਾਬੀ ਵੀ ਮਰਦਮ ਸ਼ੁਮਾਰੀ ਵਿਚ ਅਪਣੇ ਫ਼ਾਰਮਾਂ ਵਿਚ ਮਾਂ ਬੋਲੀ ਪੰਜਾਬੀ ਲਿਖ ਸਕਦੇ ਹਨ।

ਕੈਨੇਡਾ ਦੇ ਪੰਜਾਬੀ ਮੀਡੀਏ ਵਲੋਂ ਵਾਰ-ਵਾਰ ਪ੍ਰਚਾਰਨ ਦੇ ਬਾਵਜੂਦ, ਬਹੁਤ ਸਾਰੇ ਪੰਜਾਬੀ ਕਾਗਜ਼ਾਂ 'ਚ ਆਪਣੀ ਮਾਂ-ਬੋਲੀ ਲਿਖਵਾਉਣ ਤੋਂ ਹੀ ਘੇਸਲ ਮਾਰ ਜਾਂਦੇ ਹਨ। ਜੇ ਰੁਝਾਨ ਇਹੀ ਰਿਹਾ ਤਾਂ 2026 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਬੋਲੀ ਦਾ ਪੰਜਵਾਂ ਸਥਾਨ ਵੀ ਖੁੱਸਣ 'ਚ ਦੇਰ ਨਹੀਂ ਲੱਗਣੀ।

ਦੂਜੀ ਗੱਲ ਇਹ ਹੈ ਕਿ ਪੰਜਾਬੀ ਕੈਨੇਡਾ 'ਚ ਅਜੇ ਵੀ ਵਿਦੇਸ਼ੀ ਭਾਸ਼ਾ ਹੀ ਹੈ, ਕੈਨੇਡੀਅਨ ਭਾਸ਼ਾ ਵਜੋਂ ਮਾਨਤਾ ਹਾਸਲ ਨਹੀਂ ਕਰ ਸਕੀ। ਇਹ ਗੱਲ ਜ਼ਿਕਰਯੋਗ ਹੈ ਕਿ ਕੈਨੇਡਾ 'ਚ ਦੋ ਮੁੱਖ ਭਾਸ਼ਾਵਾਂ ਅੰਗਰੇਜ਼ੀ ਤੇ ਫਰੈਂਚ ਦਫ਼ਤਰੀ ਰੂਪ 'ਚ ਸਰਕਾਰੀ ਭਾਸ਼ਾਵਾਂ ਹਨ, ਪਰ ਇਥੇ ਰਾਸ਼ਟਰੀ ਭਾਸ਼ਾ ਦੇ ਨਾਂਅ 'ਤੇ ਝਗੜੇ ਖੜ੍ਹੇ ਕਰਨ ਵਾਲਾ ਅਜਿਹਾ ਕੋਈ ਰੇੜਕਾ ਨਹੀਂ, ਜਿਵੇਂ ਕਿ ਭਾਰਤ 'ਚ ਹਿੰਦੀ ਨੂੰ ਲੈ ਕੇ 'ਇਕ ਭਾਸ਼ਾ ਤੇ ਇਕ ਰਾਸ਼ਟਰ' ਆਦਿ ਦੇ ਬੇਤੁਕੇ ਨਾਅਰੇ ਲਾਏ ਜਾਂਦੇ ਹਨ।

ਇਥੇ ਚੁਣੌਤੀ ਇਹ ਹੈ ਕਿ ਇੰਮੀਗਰਾਂਟ ਭਾਈਚਾਰੇ ਦੀ ਬੋਲੀ ਹੋਣ ਕਾਰਨ ਪੰਜਾਬੀ ਅਜੇ ਵੀ ਸੰਘਰਸ਼ ਦੇ ਦੌਰ 'ਚੋਂ ਗੁਜ਼ਰ ਰਹੀ ਹੈ। ਅੱਜ ਕੈਨੇਡਾ 'ਚ ਵਸਦੇ ਪੰਜਾਬੀ ਜੇਕਰ ਆਪਣੀ ਨਾਗਰਿਕਤਾ ਕਾਰਨ 'ਕੈਨੇਡੀਅਨ' ਹਨ ਤਾਂ ਫਿਰ ਉਨ੍ਹਾਂ ਦੀ ਬੋਲੀ ਵਿਦੇਸ਼ੀ ਕਿਵੇਂ ਹੋਈ? ਜੇਕਰ ਪਾਰਲੀਮੈਂਟ 'ਚ ਪੰਜਾਬੀਆਂ ਦੀ ਗਿਣਤੀ ਡੇਢ ਦਰਜਨ ਹੈ ਤੇ ਕਈ ਸੂਬਿਆਂ 'ਚ ਵੀ ਪੰਜਾਬੀ ਸਿਆਸਤਦਾਨਾਂ ਦਾ ਬੋਲਬਾਲਾ ਹੈ, ਫਿਰ ਉਹ ਆਪਣੀ ਮਾਂ-ਬੋਲੀ ਲਈ ਦ੍ਰਿੜ੍ਹ ਇਰਾਦਾ ਕਿਉਂ ਨਹੀਂ ਰੱਖਦੇ? ਯਕੀਨਨ ਤੌਰ 'ਤੇ ਜੇਕਰ ਸਾਡੇ ਰਾਜਸੀ ਲੀਡਰ ਪ੍ਰਣ ਕਰਨ ਕਿ ਉਨ੍ਹਾਂ ਪੰਜਾਬੀ ਨੂੰ ਕੈਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣੀ ਹੈ ਤੇ ਵਿਦੇਸ਼ੀ ਬੋਲੀ ਨਹੀਂ ਰਹਿਣ ਦੇਣਾ, ਤਾਂ ਪੰਜਾਬੀ ਵੀ ਕੈਨੇਡਾ 'ਚ ਬੇਗਾਨੀ ਨਹੀਂ ਰਹੇਗੀ ਤੇ ਉਹ ਕੈਨੇਡਾ ਦੀ ਬੋਲੀ ਵਜੋਂ ਮਾਨਤਾ ਹਾਸਲ ਕਰ ਲਵੇਗੀ।

ਤੀਜੀ ਗੱਲ, ਪੰਜਾਬੀ ਮਾਪਿਆਂ 'ਤੇ ਆਉਂਦੀ ਹੈ। ਜੇਕਰ ਬੀ.ਸੀ. ਸੂਬੇ ਦੀ ਹੀ ਗੱਲ ਕਰੀਏ ਤਾਂ ਇਥੋਂ ਦੇ ਸਾਬਕਾ ਵਿੱਦਿਆ ਮੰਤਰੀ ਮਨਮੋਹਣ ਸਿੰਘ ਮੋਅ ਸਹੋਤਾ ਦੇ ਉੱਦਮ ਨਾਲ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲ ਗਿਆ ਸੀ ਤੇ ਪੰਜਾਬੀ ਸਕੂਲਾਂ 'ਚ ਪੜ੍ਹਾਉਣ ਦਾ ਰਾਹ ਪੱਧਰਾ ਹੋ ਗਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪੜ੍ਹਾਉਣ ਵਾਲੇ ਸਕੂਲ, ਅਕੈਡਮੀਆਂ ਤੇ ਹੋਰ ਅਦਾਰੇ ਆਪੋ-ਆਪਣੇ ਉਪਰਾਲੇ ਕਰ ਰਹੇ ਹਨ ਪਰ ਪਬਲਿਕ ਸਕੂਲਾਂ 'ਚ ਪੰਜਾਬੀ ਪੜ੍ਹਾਈ ਜਾਣ ਲਈ ਬੱਚਿਆਂ ਦਾ ਨਾਂਅ ਖ਼ਾਸ ਤੌਰ 'ਤੇ ਦਾਖ਼ਲ ਕਰਨ ਦੀ ਲੋੜ ਹੁੰਦੀ ਹੈ।

ਕੈਨੇਡਾ 'ਚ ਪੰਜਾਬੀ ਬੋਲੀ ਲਈ ਸਭ ਤੋਂ ਵੱਧ ਚਿੰਤਾ ਦੀ ਗੱਲ ਅੱਜ ਇਹ ਹੈ ਕਿ ਇਥੇ ਪੰਜਾਬੀ ਨੂੰ ਗਿਣੇ-ਮਿਥੇ ਢੰਗ ਨਾਲ ਖੂੰਜੇ ਲਾਉਣ ਦੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ। ਪੰਜਾਬੀ ਬੋਲੀ ਦੇ ਨਾਂਅ 'ਤੇ ਪੰਜਾਬੀ ਸੂਬਾ ਬਣਨ ਵੇਲੇ ਜਿਸ ਤਰ੍ਹਾਂ ਦੇ ਹਾਲਾਤ ਤੇ ਫ਼ਿਰਕੂ ਵਿਚਾਰ ਪੰਜਾਬ ਵਿਚ ਜ਼ੋਰ ਫੜ ਰਹੇ ਸਨ, ਅੱਜ ਉਹੀ ਸਥਿਤੀ ਕੈਨੇਡਾ ਵਿਚ ਬਣਦੀ ਜਾ ਰਹੀ ਹੈ।

ਕੈਨੇਡਾ 'ਚ ਜੇਕਰ ਸੰਘਣੀ ਪੰਜਾਬੀ ਵਸੋਂ ਵਾਲੇ ਇਲਾਕਿਆਂ ਦੀ ਗੱਲ ਕਰੀਏ ਤਾਂ ਇਥੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਸਿੱਖ, ਹਿੰਦੂ, ਮੁਸਲਮਾਨ ਭਾਵ ਵੱਖ-ਵੱਖ ਧਰਮਾਂ, ਰੰਗਾਂ, ਨਸਲਾਂ ਤੇ ਫ਼ਿਰਕਿਆਂ ਦੇ ਲੋਕ ਵਸਦੇ ਹਨ। ਇਥੋਂ ਤੱਕ ਕਿ 'ਭਾਰਤੀ ਪੰਜਾਬੀ' ਤੇ 'ਪਾਕਿਸਤਾਨੀ ਪੰਜਾਬੀ' ਵਾਲਾ ਫ਼ਰਕ ਵੀ ਇਥੇ ਨਜ਼ਰ ਨਹੀਂ ਆਉਂਦਾ, ਬਲਕਿ ਸਾਰੇ 'ਕੈਨੇਡੀਅਨ ਪੰਜਾਬੀ' ਹੀ ਅਖਵਾਉਂਦੇ ਹਨ। ਉਂਜ ਵੀ ਅਸੀਂ ਅਕਸਰ ਆਖਦੇ ਹਾਂ ਕਿ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਭਾਰਤੀ ਪੰਜਾਬ ਨਾਲੋਂ ਕਿਤੇ ਵੱਧ ਹੈ। ਕੈਨੇਡਾ ਵਿਚ ਪੰਜਾਬੀ ਆਬਾਦੀ ਵਾਲੇ ਸ਼ਹਿਰਾਂ 'ਚ ਵਸਣ ਵਾਲੇ ਲਹਿੰਦੇ ਪੰਜਾਬ ਦੇ ਪੰਜਾਬੀ ਜ਼ਿਆਦਾਤਰ ਲਾਹੌਰ ਦੇ ਨੇੜੇ-ਤੇੜੇ ਦੇ ਹੀ ਹਨ। ਉਨ੍ਹਾਂ 'ਚੋਂ ਵਧੇਰੇ ਬੋਲਦੇ ਵੀ ਪੰਜਾਬੀ ਹੀ ਹਨ, ਪਰ ਸਭ ਤੋਂ ਵੱਧ ਦੁਖਦਾਈ ਗੱਲ ਇਹ ਹੈ ਕਿ ਕੈਨੇਡਾ ਦੀ ਮਰਦਮਸ਼ੁਮਾਰੀ ਵਿਚ ਜਦੋਂ ਉਨ੍ਹਾਂ ਮਾਂ-ਬੋਲੀ ਲਿਖਾਉਣੀ ਹੁੰਦੀ ਹੈ, ਤਾਂ ਇੱਕਾ-ਦੁੱਕਾ ਨੂੰ ਛੱਡ ਕੇ ਕੋਈ ਵੀ ਮਾਂ-ਬੋਲੀ ਪੰਜਾਬੀ ਨਹੀਂ ਲਿਖਦਾ, ਬਲਕਿ ਉਰਦੂ ਹੀ ਲਿਖਵਾਉਂਦੇ ਹਨ।

ਹੁਣ ਗੱਲ ਕਰੀਏ ਭਾਰਤੀ ਪੰਜਾਬ ਦੇ ਕੈਨੇਡਾ ਵਸਦੇ ਭਾਈਚਾਰਿਆਂ ਦੀ। ਇਥੇ ਜ਼ਿਕਰਯੋਗ ਹੈ ਕਿ ਕੈਨੇਡਾ ਦੇ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰਾਂ 'ਚ ਪੰਜਾਬ ਦੇ ਪਿੰਡਾਂ-ਸ਼ਹਿਰਾਂ ਨਾਲ ਸਬੰਧਿਤ ਸਿੱਖ ਤੇ ਹਿੰਦੂ ਹੀ ਵਧੇਰੇ ਹਨ, ਜਦ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਤੋਂ ਆਏ ਪ੍ਰਵਾਸੀ ਭਾਰਤੀ ਭਾਈਚਾਰੇ 'ਚੋਂ ਵੀ ਕੇਰਲਾ, ਤਾਮਿਲ, ਗੁਜਰਾਤੀ, ਬੰਗਾਲੀ ਆਦਿ ਵਸਦੇ ਹਨ, ਜਿਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ ਹਨ ਤੇ ਉਹ ਕੈਨੇਡਾ ਤੇ ਭਾਰਤ ਅੰਦਰ ਵੀ ਉਨ੍ਹਾਂ ਭਾਸ਼ਾਵਾਂ ਨੂੰ ਹੀ ਮਾਨਤਾ ਦਿੰਦੇ ਹਨ। ਇਨ੍ਹਾਂ ਦੇ ਮੁਕਾਬਲਤਨ ਯੂ.ਪੀ., ਬਿਹਾਰ, ਮੱਧ ਪ੍ਰਦੇਸ਼ ਆਦਿ ਸੂਬਿਆਂ 'ਚੋਂ ਕੈਨੇਡਾ ਵਸਣ ਵਾਲਿਆਂ ਦੀ ਗਿਣਤੀ ਘੱਟ ਹੈ, ਜਿਹੜੇ 'ਹਿੰਦੀ' ਨੂੰ ਆਪਣੀ ਮਾਂ-ਬੋਲੀ ਸਵੀਕਾਰਦੇ ਹਨ।

ਪਰ ਹੈਰਾਨੀ ਇਸ ਗੱਲ ਦੀ ਹੈ ਕਿ ਕੈਨੇਡਾ ਅੰਦਰਲੇ ਭਾਰਤੀ ਸਫ਼ਾਰਤਖਾਨੇ ਹਿੰਦੀ ਨੂੰ ਮੁਫ਼ਤ ਪੜ੍ਹਾਉਣ ਲਈ ਤਾਂ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ, ਜਦ ਕਿ ਸਭ ਤੋਂ ਵੱਧ ਬੋਲੀ ਜਾਣ ਵਾਲੀ ਪੰਜਾਬੀ ਨਾਲ ਵਿਤਕਰਾ ਕਰ ਰਹੇ ਹਨ। ਅੱਜਕਲ੍ਹ ਇਹ ਰੁਝਾਨ ਭਾਰਤ ਅੰਦਰ ਵਧ ਰਹੇ ਹਿੰਦੂਤਵ ਦੇ ਏਜੰਡੇ ਕਾਰਨ ਏਨੀ ਤੇਜ਼ੀ ਨਾਲ ਵਧ ਰਿਹਾ ਹੈ ਕਿ ਪੰਜਾਬ ਦੇ ਮੋਗਾ, ਬਠਿੰਡਾ, ਬਰਨਾਲਾ ਆਦਿ ਨਾਲ ਸਬੰਧਿਤ ਠੇਠ ਪੰਜਾਬੀ ਬੋਲਣ ਵਾਲੇ ਹਿੰਦੂ ਭਾਈਚਾਰੇ ਦੇ ਪੰਜਾਬੀ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਸਥਾਨਕ ਮੰਦਰਾਂ ਵਿਚ ਹਿੰਦੀ ਸਕੂਲ ਸਥਾਪਿਤ ਕਰਕੇ ਹਿੰਦੀ ਪੜ੍ਹਾਉਣ ਦਾ ਰੁਝਾਨ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ, ਜੋ ਪਹਿਲਾਂ ਏਨਾ ਨਹੀਂ ਸੀ। ਹੋਰ ਤਾਂ ਹੋਰ, ਇਨ੍ਹਾਂ ਧਾਰਮਿਕ ਸਥਾਨਾਂ ਦੇ ਸਾਰੇ ਪ੍ਰਬੰਧਕ ਪੰਜਾਬ ਤੋਂ ਆ ਕੇ ਹੀ ਕੈਨੇਡਾ ਵਸੇ ਹਨ, ਪਰ ਉਨ੍ਹਾਂ ਵਲੋਂ ਵੀ ਆਪਣੀ ਮਾਂ-ਬੋਲੀ ਪੰਜਾਬੀ ਨਾ ਲਿਖਵਾ ਕੇ ਹਿੰਦੀ ਲਿਖਵਾਉਣ ਦਾ ਫ਼ੈਸਲਾ, ਪੰਜਾਬੀ ਬੋਲੀ ਨਾਲ ਵਿਸ਼ਵਾਸਘਾਤ ਸਿੱਧ ਹੋ ਰਿਹਾ ਹੈ।

ਭਾਰਤੀ ਸਿਆਸਤ 'ਚ ਵਧ ਰਿਹਾ ਫਾਸ਼ੀਵਾਦ, ਧਰੁਵੀਕਰਨ ਅਤੇ 'ਇਕ ਬੋਲੀ ਤੇ ਇਕ ਰਾਸ਼ਟਰ' ਦਾ ਨਾਅਰਾ ਕੇਵਲ ਭਾਰਤ ਵਿੱਚ ਹੀ ਹਿੰਦੀ ਭਾਸ਼ਾ ਨੂੰ ਛੱਡ ਕੇ ਬਾਕੀ ਭਾਸ਼ਾਵਾਂ ਦਾ ਨੁਕਸਾਨ ਨਹੀਂ ਕਰ ਰਿਹਾ, ਸਗੋਂ ਕੈਨੇਡਾ ਵਿੱਚ ਵੀ ਪੰਜਾਬੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ 'ਚ ਸਭ ਤੋਂ ਵੱਧ ਘਾਤਕ ਬਣ ਰਿਹਾ ਹੈ। ਕੁਝ ਵਰ੍ਹੇ ਪਹਿਲਾਂ ਕੈਨੇਡਾ 'ਚ ਪੰਜਾਬੀ ਗਾਇਕ ਗੁਰਦਾਸ ਮਾਨ ਵਲੋਂ ਦਿੱਤਾ ਵਿਵਾਦਗ੍ਰਸਤ ਬਿਆਨ 'ਇਕ ਬੋਲੀ ਇਕ ਦੇਸ਼' ਅਤੇ ਮਾਂ-ਮਾਸੀ ਦਾ ਰੇੜਕਾ ਵੀ ਪੰਜਾਬੀਆਂ ਅੰਦਰ ਬੋਲੀ ਦੇ ਆਧਾਰ 'ਤੇ ਪਾੜਾ ਪਾਉਣ ਵਾਲਾ 'ਘਾਤਕ ਪ੍ਰਚਾਰ' ਹੋ ਨਿਬੜਿਆ ਹੈ।

ਕੈਨੇਡਾ ਵਸਦੇ ਪੰਜਾਬੀਆਂ ਨੂੰ ਇਨ੍ਹਾਂ ਵਲਗਣਾਂ ਤੋਂ ਉੱਪਰ ਉੱਠ ਕੇ ਸੱਚ 'ਤੇ ਪਹਿਰਾ ਦੇਣ ਦੀ ਲੋੜ ਹੈ। ਜੇਕਰ ਉਹ ਪੰਜਾਬੀ ਹਨ ਤਾਂ ਆਪਣੀ ਬੋਲੀ ਪੰਜਾਬੀ ਹੀ ਲਿਖਵਾਉਣ, ਨਾ ਕਿ ਆਪਣੇ ਫ਼ਿਰਕੇ, ਜਾਤ ਜਾਂ ਸਿਆਸੀ ਪ੍ਰਭਾਵ ਅਧੀਨ ਮਾਂ-ਬੋਲੀ ਨਾਲ ਧੋਖਾ ਕਰਨ।

ਅਸੀਂ ਆਪਣੇ ਕਾਰੋਬਾਰ ਅਤੇ ਵਪਾਰ ਮੌਕੇ ਵੱਧ ਤੋਂ ਵੱਧ ਪੰਜਾਬੀ ਬੋਲੀ ਬੋਲੀਏ ਅਤੇ ਸਾਇਨ ਬੋਰਡਾਂ ਅਤੇ ਬਿਜਨਸ ਕਾਰਡਾਂ 'ਤੇ ਅੰਗਰੇਜ਼ੀ ਦੇ ਨਾਲ-ਨਾਲ ਗੁਰਮੁਖੀ ਵਿੱਚ ਜਾਣਕਾਰੀ ਅਤੇ ਨਾਂ ਲਿਖਵਾਈਏ। ਕੈਨੇਡਾ ਵਸਦੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਨੂੰ ਆਪਣੀ 'ਜ਼ਬਾਨ' ਅਤੇ 'ਪਛਾਣ' ਨਾਲ ਜੋੜੀ ਰੱਖਣ ਲਈ ਇਹ ਜ਼ਰੂਰੀ ਹੈ ਕਿ ਮਾਂ ਬੋਲੀ ਪੰਜਾਬੀ ਵੱਧ ਤੋਂ ਵੱਧ ਬੋਲੀਏ ਅਤੇ ਸ਼ਾਇਰ ਹਰਜਿੰਦਰ ਕੰਗ ਦੀ ਇਹ ਗੱਲ ਕਦੇ ਨਾ ਭੁੱਲੀਏ;

"ਬੋਲੀ ਨਾ ਰਹੀ ਤਾਂ ਕਵਿਤਾਵਾਂ ਰੁਲ ਜਾਣੀਆਂ
ਮਾਵਾਂ ਦੀਆਂ ਲੋਰੀਆਂ ਦੁਆਵਾਂ ਰੁਲ ਜਾਣੀਆਂ
ਦਿੱਤੀਆਂ ਸ਼ਹਾਦਤਾਂ ਨਾ ਮਿੱਟੀ ਚ ਮਿਲਾ ਦਿਓ
ਦੇਖਿਓ ਪੰਜਾਬੀਓ ਪੰਜਾਬੀ ਨਾ ਭੁਲਾ ਦਿਓ"




ਮਰਦਮ ਸ਼ੁਮਾਰੀ ਦੇ ਇਕ ਹੋਰ ਵਰਗ ਅਨੁਸਾਰ ਘਰਾਂ ਵਿੱਚ ਬਹੁਤਾ ਸਮਾਂ ਪੰਜਾਬੀ ਬੋਲਣ ਵਾਲਿਆਂ ਦੀ 2021 ਦੀ ਮਰਦਮਸ਼ੁਮਾਰੀ ਦੌਰਾਨ ਗਿਣਤੀ 827,150 ਹੈ, ਜਦ ਕਿ ਕੈਨੇਡਾ ਦੀਆਂ ਨਾਨ-ਆਫੀਸ਼ੀਅਲ ਬੋਲੀਆਂ ਤੋਂ ਇਲਾਵਾ ਪੰਜਾਬੀ ਬੋਲੀ ਦੀ ਜਾਣਕਾਰੀ ਰੱਖਣ ਵਾਲਿਆਂ ਦੀ ਸੰਖਿਆ 942, 170 ( 2016 ਤੋਂ 41 ਗੁਣਾ ਵੱਧ) ਹੈ। 2021 ਦੀ ਮਰਦਮਸ਼ੁਮਾਰੀ ਅਨੁਸਾਰ ਕੈਨੇਡਾ ਵਿਚ ਪੰਜਾਬੀ ਬੋਲਣ ਵਾਲਿਆਂ ਵਿਚ ਪਹਿਲੇ ਨੰਬਰ 'ਤੇ ਉਨਟੈਰੀਉ ਪ੍ਰੋਵਿੰਸ (397, 865), ਦੂਜੇ 'ਤੇ ਬ੍ਰਿਟਿਸ਼ ਕਲੰਬੀਆ (315,000) ਅਤੇ ਤੀਜੀ ਨੰਬਰ 'ਤੇ ਐਲਬਰਟਾ (126,365) ਆਉਂਦਾ ਹੈ।






A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682



For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।



ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!



For more info call:
Sandeep Pandher
MANAGER
at 403-999-2500

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ,ਉਮਰ 40 ਸਾਲ,ਸਾਊ ਅਤੇ ਨਸ਼ਾ ਰਹਿਤ ਡਾਇਵੋਰਸ ਲੜਕੇ ਲਈ ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ: 1 204 697 4736 **219**

## ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਸਟੱਡੀ ਵੀਜੇ ਉੱਪਰ ਕਨੇਡਾ ਰਹਿ ਰਹੀ ਲੜਕੀ,ਜਨਮ 1994,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਐਮ ਏ ਇੰਗਲਿਸ਼ ਲਿਟਰੇਚਰ,ਅਤੇ ਹੁਣ ਐਡਵਾਂਸ ਕਮਿਊਨਿਕੇਸ਼ਨ ਦੀ ਪੜ੍ਹਾਈ ਕਰਦੀ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਮਾਲਵੇ ਵਿੱਚ 40 ਕਿੱਲਿਆਂ ਦੇ ਮਾਲਕ ਸੰਧੂ ਪਰਿਵਾਰ ਦੀ ਧੀ ਹੈ। ਲੜਕੀ ਦਾ ਭਰਾ ਵੀ ਕਨੇਡਾ ਸੈਟਲਡ ਹੈ। ਸੰਪਰਕ: 1 780 975 9073 ਜਾਂ 1 780 885 7581 ***214***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਸੋਹਣੇ ਸੁਨੱਖੇ ਉੱਚੇ ਲੰਮੇ ਗੱਭਰੂ ਕੱਦ 6 ਫੁੱਟ,ਜਨਮ 1987, ਵਿਦਿਅਕ ਯੋਗਤਾ ਐਮ ਬੀ ਏ,ਹੁਣ ਆਇਲ ਐਂਡ ਗੈਸ ਦੇ ਖੇਤਰ ਵਿੱਚ ਬਿਜਨਿਸ ਅਨੈਲਸਿਸਟ ਦੀ ਨੌਕਰੀ ਕਰਦੇ ਲਈ,ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਲੜਕਾ ਚੰਡੀਗੜ੍ਹ ਦਾ ਜੰਮਪਲ ਹੈ ਅਤੇ ਚੰਗੇ ਪੜ੍ਹੇ ਲਿਖੇ ਪਰਿਵਾਰ ਦਾ ਪਿਛੋਕੜ ਖੇਤੀਬਾੜੀ ਨਾਲ ਸਬੰਧਿਤ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 1 587 777 0366 ਜਾਂ ਈ ਮੇਲ: tarunsandhuGEHE@gmail.com ***218***

## ਲੜਕੀ ਦੀ ਲੋੜ

Canadian born Jatt Sikh Braich age 28 years height 6 ft degree from u of Calgary professionally employed looking for Canadian born professionally employed girl minimum ht 5,6ft .Please what's app or call 403 561 2486. ***217***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is an Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Only Jatt Sikh families contact : (403) 828 7973 or acheema8811@gmail.com. ***217***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜੋ ਇਸ ਵੇਲੇ ਬੀ ਐਸ ਸੀ ਨਰਸਿੰਗ (ਆਰ ਐਨ) ਦੀ ਪੜ੍ਹਾਈ ਕਰ ਰਹੀ ਹੈ,ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਲਈ ਹਾਣ ਪ੍ਰਵਾਣ ਦੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਰਹਿੰਦੇ ਲੜਕੇ ਨੂੰ ਪਹਿਲ ਪਰ ਪੰਜਾਬ ਰਹਿੰਦੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 1 306 265 0068 ***213***

## ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੇ ਇਕਲੌਤੇ ਵੈਸ਼ਨੂੰ ਲੜਕੇ ,ਉਮਰ 32 ਸਾਲ, ਕੱਦ 6 ਫੁੱਟ, ਤਿੰਨ ਸਾਲ ਦਾ ਆਟੋਬਾਡੀ ਦਾ ਡਿਪਲੋਮਾ ਕੀਤਾ ਹੋਇਆ ਹੈ ,ਲਈ ਹਾਣ ਪ੍ਰਵਾਣ ਦੀ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਵਿਨੀਪੈੱਗ ਮੂਵ ਹੋ ਸਕਦੀ ਹੋਵੇ। ਸੰਪਰਕ: 431 997 5121 ***212***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਹੁੰਦਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ : ਫਾਰਮੇਸੀ ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 899 9167 ***212***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਜਨਮ 1990, ਕੱਦ 5 ਫੁੱਟ 11 ਇੰਚ, ,ਉੱਚ ਤਕਨੀਕੀ ਯੋਗਤਾ (ਮਕੈਨੀਕਲ ਇੰਜੀਨੀਅਰ) ਕਨੇਡਾ ਤੋਂ ਹੀ ਪਰਾਪਤ, ਵੈਲ ਸੈਟਲਡ ਆਪਣਾ ਬਿਜਨਿਸ ਕਰ ਰਹੇ, ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਵਾਲੀ, ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 403 399 3205 ***212***

## ਲੜਕੀਆਂ ਦੀ ਲੋੜ

ਕਨੇਡੀਅਨ ਪੀ ਆਰ ਢਿੱਲੋਂ ਪਰਿਵਾਰ ਦੇ ਲੜਕੇ ਉਮਰ 30 ਸਾਲ (ਜੁੜਵੇਂ) ਕੱਦ 5 ਫੁੱਟ 7 ਇੰਚ, ਵੈਸ਼ਨੂੰ,ਨਸ਼ਾ ਰਹਿਤ, ਵਿਦਿਅਕ ਯੋਗਤਾ ,ਐਮ ਐਸ ਸੀ ਫਿਜਿਕਸ,ਕਨੇਡਾ ਤੋਂ ਇੰਮੀਗ੍ਰੇਸ਼ਨ ਸਲਾਹਕਾਰ ਡਿਪਲੋਮਾ ਹੋਲਡਰ,ਅਤੇ ਇਸਦੇ ਹੀ ਜੁੜਵੇਂ ਭਰਾ,ਜੋ ਇੰਡੀਆ ਰਹਿੰਦਾ ਹੈ। ਜਿਸਦਾ ਕੱਦ ਵੀ 5 ਫੁੱਟ 7 ਇੰਚ ਹੀ ਹੈ । ਉਸਨੇ ਐਮ ਐਸ ਸੀ ਕੈਮਿਸਟਰੀ ਕੀਤੀ ਹੋਈ ਹੈ । ਉਹ ਅੰਮ੍ਰਿਤਧਾਰੀ ਹੈ,ਲਈ ਹਾਣ ਪ੍ਰਵਾਣ ਦੀਆਂ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀਆਂ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟਸ ਲੜਕੀਆਂ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 780 271 7578 ਜਾਂ 01191-98152 01997 ***212***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਖੂਬਸੂਰਤ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 35 ਸਾਲ,ਕੱਦ 5 ਫੁੱਟ 6 ਇੰਚ, ਲਈ ਹਾਣ ਪ੍ਰਵਾਣ ਦੇ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਆਪਣਾ ਘਰ ਹੈ ਅਤੇ ਚੰਗੀ ਜੌਬ ਕਰ ਰਹੀ ਹੈ। ਡੀਸੈਂਟ ਮੈਰਿਜ ਡਿਵੋਰਸ ਕੇਸ ਵੀ ਵਿਚਾਰਿਆ ਜਾ ਸਕਦਾ ਹੈ। ਵਿਆਹ ਜਲਦੀ। ਫੋਨ ਕਾਲ ਜਾਂ ਵਟਸਐਪ : 1 204 295 0178 ***212***

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ, ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡਾ ਰਹਿ ਰਹੇ ਲੜਕੇ,ਉਮਰ 37 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ : ਐਮ ਏ ਪੰਜਾਬੀ, ਐਮ ਏ ਪੋਲੀਟਿਕਲ ਸਾਇੰਸ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈੱਟਲ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸ ਦੀ ਪੀ ਆਰ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਵਿਆਹ ਜਲਦੀ। ਸੰਪਰਕ: 1 825 733 4897 ਜਾਂ 1 825 712 5990 ***216***

## ਲੜਕੀ ਦੀ ਲੋੜ

Looking a suitable match for Canadian citizen s/c engineer boy. Age 31 yr,Ht 5.7ft. Citizen/PR girl from technical or medical profession proffered. Contact : 403 862 6806 / 403 830 5721.Email : askumar_3251@hotmail.com ***216***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 30 ਸਾਲ,ਕੱਦ 6 ਫੁੱਟ, ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਫਾਸਟ ਫੂਡ ਫਰੈਂਚਾਈਜ਼,ਕਾਰੋਬਾਰ ਹੈ। ਲੁਧਿਆਣਾ ਜਿਲੇ ਨਾਲ ਸਬੰਧਿਤ ਛੋਟਾ ਅਤੇ ਕੈਲਗਰੀ ਵਿੱਚ ਵੈੱਲ ਸੈਟਲਡ ਪਰਿਵਾਰ ਹੈ। ਪੀ ਆਰ ਜਾਂ ਸਿਟੀਜਨ ਲੜਕੀ ਦਾ ਕੇਸ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 403 870 2221 ***215***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰੇਵਾਲ ਪਰਿਵਾਰ ਦੀ ਲੜਕੀ, ਉਮਰ 35 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ,ਲਈ ਬਰਾਬਰ ਦੀ ਯੋਗਤਾ ਵਾਲੇ ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਲੜਕੇ ਬਾਰੇ ਵੀ ਵੀਚਾਰ ਹੋ ਸਕਦੀ ਹੈ । ਕੈਲਗਰੀ ਅਤੇ ਲੁਧਿਆਣਾ ਜਿਲੇ ਨਾਲ ਸਬੰਧਿਤ ਪਰਿਵਾਰਾਂ ਨੂੰ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 587 350 8755 ਜਾਂ 403 464 8765 ***215***

## ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 6।0 ਫ਼ੁੱਟ, ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 780 236 0958 ***215***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸੋਢਾ ਪਰਿਵਾਰ ਦੇ ਸੋਹਣੇ ਸੁਨੱਖੇ ਤਲਾਕਸੁਦਾ ਲੜਕੇ ਉਮਰ 35 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ ਪਲੱਸ ਟੂ ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 991 8099 ***211***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 8 ਇੰਚ, ਆਈ ਟੀ ਡਿਪਲੋਮਾ ਹੋਲਡਰ ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ ਸੈੱਟ ਹੈ ਅਤੇ ਪੰਜਾਬ ਵਿਚ 18 ਏਕੜ ਜ਼ਮੀਨ ਦਾ ਮਾਲਕ ਹੈ। ਸੰਪਰਕ: 1 431 336 8812 ***214***

## ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਪਰਿਵਾਰ ਦੇ ਸੋਹਣੇ ਸੁਨੱਖੇ ਕਨੇਡਾ ਰਹਿ ਰਹੇ ਲੜਕੇ ਉਮਰ 28 ਸਾਲ , ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਆਪਣੀ ਕੰਨਸਟਰੱਕਸ਼ਨ ਕੰਪਨੀ ਹੈ ਅਤੇ ਵੈਲਡਰ ਦਾ ਕੋਰਸ ਵੀ ਕੀਤਾ ਹੋਇਆ ਹੈ। ਸੰਪਰਕ: 1 780 260 7777 ਜਾਂ 1780 290 7777 ***214***

## ਜੀਵਨ ਸਾਥਣ ਦੀ ਲੋੜ

ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸੁਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 35 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***214***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸੰਧੂ ਪਰਿਵਾਰ ਦੀ (1988) ਲੜਕੀ,ਕੱਦ 5 ਫੁੱਟ 6 ਇੰਚ,ਅਨਮੈਰਿਡ, ਜੋ ਕਨੇਡਾ ਵਿੱਚ ਹੀ ਪੜ੍ਹ ਲਿਖਕੇ ਵੱਡੀ ਹੋਈ ਹੈ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਬਿਜਨਿਸ ਫਾਇਨਾਂਸ ਵਿੱਚ ਡਿਪਲੋਮਾ ਕਰਨ ਉਪਰੰਤ ਹੁਣ ਫਾਇਨਾਂਸ ਕੰਪਨੀ ਵਿੱਚ ਹੀ ਚੰਗੀ ਜੌਬ ਕਰ ਰਹੀ ਹੈ। ਸਟੂਡੈਂਟ,ਵਿਜਟਿਰ ਜਾਂ ਡਿਵੋਰਸ ਕੇਸ ਵਾਲੇ ਕ੍ਰਿਪਾ ਕਰਕੇ ਸੰਪਰਕ ਨਾ ਕਰਨ । ਸੰਪਰਕ: 403 919 1672 ***214***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਉਮਰ 29 ਸਾਲ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬੀ ਸੀ ਟੀ ਐਂਡ ਸੀ ਏ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 839 1530 ਜਾਂ ਈ ਮੇਲ Jaswinderssingh01@gmail.com ***213***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 33 ਸਾਲ, ਕੱਦ 6 ਫੁੱਟ ,ਬੀ ਟੈੱਕ ਆਈ ਟੀ ਵਿਦਿਅਕ ਯੋਗਤਾ ਵਾਲੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਟਰੱਕਿੰਗ ਇੰਡਸਟਰੀ ਵਿੱਚ ਚੰਗਾ ਕਾਰੋਬਾਰ ਹੈ। ਸੰਪਰਕ: 1 204 963 3976 ***213***

## ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 32 ਸਾਲ, ਕੱਦ 5 ਫੁੱਟ 9 ਇੰਚ, ਹੈਲਥ ਕੇਅਰ ਏਡ ਯੋਗਤਾ, ਵਾਲੀ ਲਈ ਹਾਣ ਪਰਵਾਨ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ ਇੰਡੀਆ ਫੋਨ: 8694987000 ਜਾਂ ਈ ਮੇਲ: Charnjeetbrar96@gmail.com ***213***

## ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫ਼ਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ**




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

**ਡਰਾਇਵਰਾਂ ਦੀ ਲੋੜ**

Gagan Express LTD o/a VB Ace of Spades is now
Hiring Class 1 long haul driver
Minimum 1 year experience required
Benefits and competitive pay rate plus safety bonus
Contact :
Kanwar Brar
Hiring@vbaspades.com

## ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***

**Need Nanny**

Looking for a nanny live in or live out 5 days a week (Mon - Fri) to cook, clean, and babysit 2.5 year old baby girl & 7 year old baby boy.
**Salary: $13 - $15**
**Gurbinder Sohal**
City: Regina, SK
**Contact Number 306-520-4313**

**Hiring**

Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

**ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ**

ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com AERO

**ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ**

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
**ਸੰਪਰਕ : 587 854 3124**

# ਸਾਜਨ ਦੇ ਹੱਥ ਡੋਰ..

**ਚਰਨਜੀਤ ਭੁੱਲਰ**

ਚੰਡੀਗੜ੍ਹ : ਵਾਹ ਸੇਠ ਜੀ ਵਾਹ! ਤੁਸੀਂ ਤਾਂ ਜੇਠਾ ਲਾਲ ਦੇ ਵੀ ਬਾਪ ਨਿਕਲੇ। ਨਹੀਂ ਤਾਂ ਏਨੀ ਜੱਗ ਹਸਾਈ ਕੌਣ ਕਰਾਉਂਦੈ। ਅਡਾਨੀ ਦੀ ਅੱਖ ਕਈ ਦਿਨਾਂ ਤੋਂ ਫਰਕਦੀ ਪਈ ਸੀ। ਅਡਾਨੀ ਜ਼ਰੂਰ ਕੋਈ ਟੂਣਾ ਟੱਪੇ ਹੋਣਗੇ, ਤਾਹੀ?' 'ਹਿੰਡਨਬਰਗ' ਨੇ ਡੌਂਡੀ ਪਿੱਟ ਦਿੱਤੀ ਐ। ਐਵੇਂ ਅੱਗ ਬਿਨਾਂ ਧੂੰਆਂ ਨਿਕਲਣਾ ਔਖੈ। ਅਮਰੀਕਨ ਕੰਪਨੀ ਨੇ ਲੀਰਾਂ ਦੀ ਖਿੱਦੋ ਕੀ ਖਿਲਾਰੀ, ਦੇਸ਼ ਦੇ ਅਰਥਚਾਰੇ ਦਾ ਧੂੰਆਂ ਅਸਮਾਨੀਂ ਚਾੜ੍ਹ ਦਿੱਤਾ। ਏਨੀ ਤੇਜ਼ੀ ਨਾਲ ਤਾਂ ਡਾਲਰ ਦੇ ਮੁਕਾਬਲੇ ਰੁਪਿਆ ਨੀ ਡਿੱਗਿਆ ਹੋਣਾ, ਜਿੰਨੀ ਤੇਜ਼ੀ ਨਾਲ ਅਡਾਨੀ ਹੇਠਾਂ ਡਿੱਗਿਆ।

ਆਖਿਆ ਜਾਂਦੈ ਕਿ ਅਮੀਰ ਬੰਦਾ ਰੱਬ ਨੂੰ ਜੇਬ 'ਚ ਰੱਖਦੈ। ਚੰਗੇ ਭਲੇ ਲਾਲਾ ਜੀ ਗੁਜਰਾਤ 'ਚ ਦਸ ਨਹੁੰਆਂ ਦੀ ਕਿਰਤ ਕਰਦੇ ਪਏ ਸਨ। ਨਰਿੰਦਰ ਮੋਦੀ ਨੇ ਖਹਿੜਾ ਨਾ ਛੱਡਿਆ, ਅਖੇ ਦਿੱਲੀ ਨਾਲ ਚੱਲ, ਇਕੱਠੇ ਸੇਵਾ ਕਰਾਂਗੇ। ਜੇਬ 'ਚ ਬੈਠਾ ਰੱਬ ਜ਼ਰੂਰ ਇਨ੍ਹਾਂ ਬੰਦਿਆਂ ਦੀਆਂ ਸਕੀਮਾਂ 'ਤੇ ਹੱਸਿਆ ਹੋਊ। ਐਸੀ ਕਿਰਪਾ ਹੋਈ, ਰੱਬ ਨੇ ਗਾਜਰਾਂ ਦੇ ਖੇਤ ਭਰ ਦਿੱਤੇ, ਅਡਾਨੀ ਨੇ ਵੀ ਰੰਬਾ ਵਿੱਚੇ ਰੱਖਿਆ। ਮੋਦੀ ਜੀ ਵੇਲੇ ਸਿਰ ਲੱਕੜ ਦੀ ਪੌੜੀ ਲੈ ਆਏ, ਦੇਖਦੇ ਦੇਖਦੇ ਇਹ ਭਲਾ ਪੁਰਸ਼ ਛੜੱਪੇ ਮਾਰਦਾ ਵਿਸ਼ਵੀ ਦੌਲਤਮੰਦਾਂ ਵਾਲੇ ਬਨੇਰੇ 'ਤੇ ਜਾ ਚੜ੍ਹਿਆ।

ਮੁਲਕ ਦੀ ਛੱਤ 'ਤੇ ਗੀਤ ਦੀ ਗੂੰਜ ਪਈ, 'ਯੇ ਦੋਸਤੀ ਹਮ ਨਹੀਂ ਛੋੜੇਂਗੇ..। ਕੋਈ ਅਡਾਨੀ ਨੂੰ ਪੁੱਛ ਬੈਠਾ, ਤੁਹਾਡੀ ਸਫਲਤਾ ਦਾ ਰਾਜ਼। ਅੱਗਿ?' ਹਜ਼ੂਰ-ਏ-ਆਲਾ ਫ਼ਰਮਾਏ, 'ਉਪਰੋਂ ਭਗਵਾਨ ਦੀ ਕਿਰਪਾ, ਹੇਠੋਂ ਅਸਾਂ ਦੀ ਮਿਹਨਤ'। ਕਾਮਰੇਡ ਲੱਖ ਪਏ ਆਖਣ, ਬਈ ਇੱਕ ਬੰਦੇ ਦੀ ਅਮੀਰੀ ਪਿੱਛੇ ਲੱਖਾਂ ਦੀ ਗਰੀਬੀ ਛੁਪੀ ਹੁੰਦੀ ਹੈ। ਸ਼ਾਇਦ ਤਾਹੀ?' ਸੇਠ ਜੀ ਹੁਣ ਗਰੀਬਾਂ ਨੂੰ ਨਿਉਂਦਾ ਮੋੜ ਰਹੇ ਨੇ। ਕਿਸੇ ਸੱਚ ਆਖਿਐ, ਲੇਖਾ ਮਾਵਾਂ ਧੀਆਂ ਦਾ। ਅਡਾਨੀ ਨੇ ਭਲੇ ਵੇਲਿਆਂ 'ਚ ਕੋਈ ਤਪੱਸਿਆ ਕੀਤੀ ਹੋਊ, ਜਿਹੜੀ ਭਗਵਾਨ ਦੀ ਏਨੀ ਅਗੰਮੀ ਬਖ਼ਸ਼ਿਸ਼ ਹੋਈ ਹੈ।

ਜਿਨਾ ਅਡਾਨੀ ਨੇ ਵਿਕਾਸ ਕੀਤੈ, ਉਸ ਨੂੰ ਦੇਖ ਤਾਂ ਅਕਲ ਦੇ ਵੀ ਖ਼ਾਨਿ?' ਗਈ ਹੋਣੀ ਹੈ। ਲੋਕ ਤਾਲੀ ਤੇ ਥਾਲ਼ੀ ਖੜਕਾਉਂਦੇ ਰਹਿ ਗਏ, ਬਾਜ਼ੀ ਗੁਜਰਾਤ ਦੇ ਲਾਡਲੇ ਮਾਰ ਗਏ। ਨਾਲੇ ਪਿੰਡ ਦਾ ਤਾਂ ਕੁੱਤਾ ਮਾਣ ਨਹੀਂ ਹੁੰਦਾ। ਦੇਖੋ ਐਸੀ ਪ੍ਰਭੂ ਦੀ ਕਿਰਪਾ ਹੋਈ, ਐਨਡੀਟੀਵੀ ਛੱਪਰ ਪਾੜ ਕੇ ਵਿਹੜੇ 'ਚ ਡਿੱਗਿਆ। ਲੋਕ ਵੇਂਹਦੇ ਰਹਿ ਗਏ, ਡੱਡਾਂ ਪਾਣੀ ਪੀ ਕੇ ਔਹ ਗਈਆਂ। ਰਵੀਸ਼ ਕੁਮਾਰ ਨੇ ਜਿਉਂ ਹੀ ਅਸਤੀਫ਼ਾ ਦਿੱਤਾ, ਉਦੋਂ ਇਹ ਦੋਵੇਂ ਮਿੱਤਰ ਖੁੱਲ੍ਹ ਕੇ ਹੱਸੇ। ਏਨਾਂ ਤਾਂ ਕਦੇ ਕਪਿਲ ਸ਼ਰਮਾ ਦੇ ਸ਼ੋਅ 'ਚ ਨਵਜੋਤ ਸਿੱਧੂ ਨੀ ਹੱਸਿਆ ਹੋਣਾ। ਚਿੱਤ ਚੇਤੇ ਨਹੀਂ ਸੀ ਕਿ ਏਦਾਂ ਹਾਸੇ ਦਾ ਤਮਾਸ਼ਾ ਬਣ ਜਾਊ। ਟੱਲਾਂ ਵਾਲਾ ਸਾਧ ਜ਼ਰੂਰ ਹਰਖਿਆ ਹੋਣੈ, ਬੰਦਿ?! ਤੁਸੀਂ ਦੇਸ਼ ਹੀ ਚਾਰ'ਤਾ। ਰਾਂਝੇ ਨੇ ਤਾਂ ਮੱਝਾਂ ਹੀ ਚਾਰੀਆਂ ਸੀ।

ਸ਼ੇਅਰ ਬਾਜ਼ਾਰ ਹੁਣ ਗੋਤੇ ਖਾ ਰਿਹੈ, ਅਡਾਨੀ ਦੀ ਕਿਸ਼ਤੀ ਭਵਸਾਗਰ 'ਚ ਫਸੀ ਹੈ। 'ਹਿੰਡਨਬਰਗ' ਦਾ ਖੋਜਾਰਥੀ ਐਂਡਰਸਨ ਕਿਸੇ ਵੇਲੇ ਐਂਬੂਲੈਂਸ ਡਰਾਈਵਰ ਹੁੰਦਾ ਸੀ। ਪਹਿਲੋਂ ਪਤਾ ਹੁੰਦਾ ਕਿ ਇਹ ਡਰਾਈਵਰ ਅਡਾਨੀ ਗਰੁੱਪ ਦੀ ਜਾਮਾ ਤਲਾਸ਼ੀ ਲਏਗਾ, ਕੋਈ ਬੰਨ੍ਹ ਸੁੱਬ ਕਰ ਲੈਂਦੇ। ਅਰਥਚਾਰਾ ਹੀ ਲੰਗਾਰ ਕਰ ਦਿੱਤਾ, ਨਿਰਮਲਾ ਸੀਤਾਰਾਮਨ ਹੁਣ ਕੰਧੂਈ ਸੂਈ ਚੁੱਕੀ ਫਿਰਦੀ ਹੈ। ਬੀਬੀ ਨੂੰ ਕੌਣ ਸਮਝਾਏ, ਹੁਣ ਇਹ ਸਿਉਣਾ ਔਖੈ। ਐਂਡਰਸਨ ਜੀ, ਤੁਸੀਂ ਹੀ ਕਰੋ ਬੇਨਤੀ ਕਬੂਲ, ਇਨ੍ਹਾਂ ਸ਼ੇਅਰਾਂ ਨੂੰ ਐਂਬੂਲੈਂਸ 'ਚ ਪਾ ਕੇ ਵੈਂਟੀਲੇਟਰ 'ਤੇ ਲਵਾ?।

'ਰੱਬਾ ਹੁਣ ਕੀ ਕਰੀਏ, ਛੜੇ ਬੈਠ ਕੇ ਸਲਾਹਾਂ ਕਰਦੇ।' ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਦੇ ਸ਼ੇਅਰ ਵੀ ਆਸਣ ਕਰਨ ਲੱਗੇ ਨੇ। ਗਰੰਥਾਂ 'ਚ ਜ਼ਿਕਰ ਆਉਂਦੈ ਕਿ ਭਾਈ! ਪੈਸਾ ਤਾਂ ਹੱਥਾਂ ਦੀ ਮੈਲ ਹੈ। ਇੰਜ ਜਾਪਦੈ ਜਿਵੇਂ ਅਡਾਨੀ ਤੇ ਬਾਬਾ ਰਾਮਦੇਵ ਨੇ ਲੋਕਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਹੱਥ ਧੋਤੇ ਹੋਣਗੇ, ਨਾਲ ਹੀ ਹੱਥਾਂ ਦੀ ਮੈਲ ਧੋਤੀ ਗਈ ਹੋਵੇਗੀ। ਇਸੇ ਕਰਕੇ ਭਗਵਾਨ ਨੇ ਆਪਣੀ ਕਿਰਪਾ ਵਿਦਡਰਾਅ (ਵਾਪਸ) ਕਰ ਲਈ ਹੋਵੇਗੀ। ਤਾਹੀ?' ਹੁਣ ਲੱਛਮੀ ਦੀ ਥਾਂ ਬਦਨਾਮੀ ਦੀਆਂ ਮੀਂਗਣਾਂ ਦੇ ਅਡਾਨੀ ਦੇ ਘਰ ਢੇਰ ਲੱਗੇ ਨੇ। 'ਸੌ ਦਿਨ ਚੋਰ ਦਾ, ਇੱਕ ਦਿਨ ਸਾਧ ਦਾ।'

ਬਾਬਾ ਰਾਮਦੇਵ ਜੀ, ਹੁਣ ਤੁਸੀਂ ਹੀ ਕੋਈ ਨਵੇਂ ਆਸਣ ਦੀ ਕਾਢ ਕੱਢੋ। ਕਰ ਦਿ? ਬੇੜਾ ਪਾਰ, ਬੈਂਕਾਂ ਨੂੰ ਤਾਂ ਧੁੜਕੂ ਲੱਗਿਆ ਪਿਐ। ਨਹੀਂ ਫਿਰ ਬਾਗੇਸ਼ਵਰ ਵਾਲੇ ਬਾਬੇ ਨੂੰ ਖੇਚਲਾ ਦੇਣੀ ਪਵੇਗੀ। ਗੱਲ ਫੇਰ ਨਾ ਬਣੀ ਤਾਂ ਮਿੱਤਰਾਂ ਨੂੰ ਕਹਾਂਗੇ, ਕੋਈ 'ਅਡਾਨੀ ਬਚਾ? ਯਾਤਰਾ' ਹੀ ਕੱਢ ਲ?। ਠੱਗਾਂ ਦੇ ਕਿਹੜਾ ਹਲ਼ ਚੱਲਦੇ ਨੇ, ਇਹ ਤਾਂ ਪਤਾ ਨਹੀਂ ਪਰ ਸਿਆਣੇ ਆਖਦੇ ਨੇ ਕਿ ਜੀਹਦੀ ਕਲਮ ਤੇ ਜ਼ਬਾਨ ਚੱਲਦੀ ਹੈ, ਉਹਦੇ ਦਸ ਹਲ਼ ਚੱਲਦੇ ਨੇ। ਕੀ ਪਤਾ ਸੀ ਕਿ ਅਡਾਨੀ ਦੀ ਪੱਕੀ ਫਸਲ ਅਮਰੀਕਾ ਵਾਲੇ ਏਦਾਂ ਕਰੰਡ ਕਰ ਦੇਣਗੇ। ਖੇਤੀ ਕਾਨੂੰਨਾਂ ਨੂੰ ਚੇਤੇ ਕਰ, ਪੰਜਾਬ ਸੋਚਦਾ ਹੋਊ ਕਿ ਆਹ ਤਾਂ ਸਾਡੀ ਹਾਅ ਲੱਗੀ ਹੈ। ਕਿਸਾਨ ਘੋਲ ਦੇ ਸ਼ਹੀਦਾਂ ਦੀ ਰੂਹ ਨੂੰ ਜ਼ਰੂਰ ਸ਼ਾਂਤੀ ਮਿਲੀ ਹੋਊ।

ਮਸ਼ਹੂਰੀ ਤਾਂ ਸੁਣੀ ਹੋਵੇਗੀ, ਭਈਆ, ਏਹ ਦੀਵਾਰ ਟੂਟਤੀ ਕਿਊਂ ਨਹੀਂ। ਇਵੇਂ ਮੋਦੀ ਤੇ ਅਡਾਨੀ ਦੀ ਦੋਸਤੀ ਦਾ ਵੀ ਫੈਵੀਕੋਲ ਵਾਲਾ ਜੋੜ ਐ। ਪਿਆਰੇ ਐਂਡਰਸਨ, ਤੂੰ ਅਡਾਨੀ 'ਤੇ ਨਹੀਂ, ਦੇਸ਼ 'ਤੇ ਹਮਲਾ ਕੀਤਾ ਹੈ। ਏਡੇ ਦਾਨਵੀਰ ਦੀ ਇੱਜ਼ਤ ਨੂੰ ਹੱਥ ਪਾਇਐ। ਮਿੱਤਰੋ! ਅਸੀਂ ਲੜਾਂਗੇ, ਉਦੋਂ ਤੱਕ ਜਦ ਤੱਕ ਦੋਸਤ ਦੇ ਹੱਥਾਂ 'ਤੇ ਸਰ੍ਹੋਂ ਨਹੀਂ ਜਮਾ ਦਿੰਦੇ। ਮੈਲ ਜਮਾਉਣੀ ਤਾਂ ਅਸਾਂ ਲਈ ਖੱਬੇ ਹੱਥ ਦਾ ਖੇਡ ਹੈ। ਕਿਧਰੋਂ ਸਾਹ ਹੁਸੈਨ ਦੀ ਹੂਕ ਕੰਨੀਂ ਪਈ ਹੈ, 'ਸਾਜਨ ਦੇ ਹੱਥ ਡੋਰ ਅਸਾਡੀ, ਮੈਂ ਸਾਜਨ ਦੀ ਗੁੱਡੀ।' ਹੁਣ ਅਡਾਨੀ ਦੀ ਅੰਬਰੋਂ ਡਿੱਗੀ ਗੁੱਡੀ ਦਾ ਕੀ ਬਣਦੈ, ਦੇਖਦੇ ਰਹੋ ਐਨਡੀਟੀਵੀ!

**Name Change**

I, **JAGMINDER SINGH** son/of **MAJOR SINGH MANGAT**, holder of Indian passport No.**K2186361**, issued at CHANDIGARH , on 08/06/2012, permanent resident of VPO: RAMPUR, TEHSIL: PAYAL, KHANNA (LUDHIANA) -141418 PUNJABI,INDIA and presently residing at 1263 KINGS HEIGHTS RD SE, AIRDRIE (AB) T4A0K3 CANADA. Do hereby change My name from **JAGMINDER SINGH** to **JAGMINDER SINGH MANGAT** with immediate effect.
Date: 31/01/2023 Phone: 1 587 439 4005

**Name Change**

I, **KARAM SINGH SIDHU** son/of **JAGAR SINGH**, holder of Indian passport No.**T8936404**, issued at VANCOUVER , on 16/03/2020, permanent resident of 235 SADDLESTONE GROVE NE ,CALGARY,(AB) T3J0Z4 CANADA and presently residing at 61 MARTINVALLEY PL, NE, CALGARY (AB) T3J4A2 CANADA. Do hereby change My name from **KARAM SINGH SIDHU** to **TAJINDER SINGH SIDHU** with immediate effect.
Date: 31/01/2023 Phone: 1 403 993 1654

# Next elections shall be a futile exercise

**Dalip Singh Wasan, Advocate**

Periodical elections are the base of democracy. Here in India only politicdal people take part in ele4ctions and we also know that all the politicians in this country are one lot and these parties are not with some basic targets till date. These parties are just teams formed by individuals, who want to become Prime Minister and in elections they nominate their own supporters and the man who comes back with highest number of supporters becomes the Prime Minister and often runs routine type of government. And our next elections are near and till date none of the parti3es could place before us its targets. Poverty has become the biggest and the gravest problem here, but none of the parties has placed before us the system with which they shall solve this problem. This country would not suffwer if elections are postponed for another tenure of five years. The country shall save time, energy and money costs. Some ageny has already declared that Mr. Narinder Modi is the most popular person amongst his people and the3re is no specdific and serious charge against him, let us postpone the coming elections for another tenure. The vacancies caused because of death or otherwise could be given to those who were next in the previous elections. Because no party is likely to come with some new targets, there is no fun to conduct elections after five years and we can change law and let elections be after ten years.

**1010C Vikas Co,lony, Patiala Punjab India 147001**

# ਸਿਕੰਦਰ-ਮਹਾਨ ਜੇਤੂ ਜਰਨੈਲ ਜਾਂ ਅਸਫਲ ਬਾਦਸ਼ਾਹ



ਜਗਦੇਵ ਸਿੱਧੂ
403 351 1136

**ਪੋਰਸ ਦੀ ਲੜਾਈ ਤੋਂ ਮਗਰੋਂ ਇੱਕ ਹੋਰ ਝੜਪ ਵਿਚ ਸਿਕੰਦਰ ਨੇ ਬਚਕਾਨੀ ਹਰਕਤ ਕਰਦਿਆਂ ਅੱਗੇ ਹੋ ਕੇ ਪੌੜੀ ਚੜ੍ਹਨ ਦਾ ਪੰਗਾ ਲੈ ਲਿਆ ਤੇ ਉਸ ਦੀ ਛਾਤੀ ਵਿਚ ਤੀਰ ਲੱਗਿਆ ਜਿਸ ਨਾਲ ਉਸ ਦਾ ਫੇਫੜਾ ਜ਼ਖ਼ਮੀ ਹੋ ਗਿਆ। ਇੱਕ ਜਰਨੈਲ ਲਈ ਅਜਿਹਾ ਕਰਨਾ ਬੇਵਕੂਫ਼ੀ ਵਾਲਾ ਕਾਰਨਾਮਾ ਸੀ। ਵਾਪਸੀ ਸਮੇ ਸੂਸਾ ਵਿਖੇ ਸਿਕੰਦਰ ਨੇ ਪਰਸ਼ੀਆ ਦੀਆਂ ਦੋ ਰਾਜਕੁਮਾਰੀਆਂ ਨਾਲ ਸ਼ਾਦੀ ਕਰ ਲਈ ਜਦੋਂ ਕਿ ਇੱਕ ਸ਼ਾਦੀ ਰੌਕਸ਼ੇਨ ਨਾਲ ਹੋਈ ਸੀ। ਪਰਸ਼ੀਆ ਦੇ ਦਰਬਾਰੀਆਂ ਦੀਆਂ 80 ਹੋਰ ਕੁੜੀਆ ਨਾਲ ਆਪਣੇ ਅਹਿਲਕਾਰਾਂ ਦੀਆਂ ਸ਼ਾਦੀਆਂ ਕਰਵਾ ਦਿੱਤੀਆਂ। ਜਿਨ੍ਹਾਂ ਫੌਜੀਆਂ ਨੇ ਏਸ਼ੀਅਨ ਔਰਤਾਂ ਜਾਂ ਲੜਕੀਆਂ ਨਾਲ ਸ਼ਾਦੀਆਂ ਕਰਵਾ ਲਈਆਂ ਸਨ ਉਨ੍ਹਾਂ ਨੂੰ ਮਾਨਤਾ ਦੇ ਕੇ ਤੋਹਫ਼ਿਆਂ ਦੇ ਖੁੱਲ੍ਹੇ ਗੱਫਿਆਂ ਨਾਲ ਨਿਵਾਜਿਆ। ਇਨ੍ਹਾਂ ਸ਼ਾਦੀਆਂ ਦੀ ਗਿਣਤੀ 10,000 ਤੋਂ ਵੱਧ ਸੀ। ਸਿਕੰਦਰ ਨੇ 324 ਦੀ ਬਹਾਰ ਰੁੱਤੇ ਆਪਣੇ ਹੀ ਤੇਰਾਂ ਫੌਜੀਆਂ ਨੂੰ ਮੌਤ ਦੇ ਦਿੱਤੀ।**

ਇਤਿਹਾਸਕਾਰਾਂ ਨੇ 33 ਸਾਲ ਦੇ ਛੋਕਰੇ ਸਿਕੰਦਰ ਨੂੰ ਮਹਾਨ ਗਰਦਾਨ ਦਿੱਤਾ ਤੇ ਉਸ ਵਾਸਤੇ ਏਹੋ ਅੱਲ ਪੈ ਗਈ। ਕੁਝ ਹੋਰਾਂ ਨੂੰ ਵੀ ਮਹਾਨ ਹੋਣ ਦੀਆਂ ਉਪਾਧੀਆਂ ਦਿੱਤੀਆਂ ਗਈਆਂ ਜਿਵੇਂ ਰੋਮਨ ਸਮਰਾਟ ਕੌਂਸਤਾਂਤਿਨ, ਸੈਕਸਨ ਬਾਦਸ਼ਾਹ ਅਲਫਰਡ, ਫਰਾਂਸ-ਜਰਮਨੀ ਦਾ ਸਮਰਾਟ ਚਾਰਲਸ (ਸ਼ਾਰਲੂਮੇਨ), ਰੂਸ ਦੇ ਸ਼ਾਸ਼ਕ ਪੀਟਰ ਅਤੇ ਕੈਥਰੀਨ, ਪਰੱਸੀਆ ਦਾ ਬਾਦਸ਼ਾਹ ਫ੍ਰੈਡ੍ਰਿਕ ਮਹਾਨ। ਏਧਰ ਅਸੀਂ ਜੰਗ ਵਿਚ ਹਜ਼ਾਰਾਂ ਬੇ-ਦੋਸ਼ਿਆਂ ਦੀਆਂ ਜਾਨਾਂ ਲੈ ਕੇ ਬੋਧੀ ਬਣੇ ਸਮਰਾਟ ਅਸ਼ੋਕ ਨੂੰ ਵੀ ਮਹਾਨ ਮੰਨਦੇ ਹਾਂ। ਕਿਸੇ ਬਾਦਸ਼ਾਹ ਦੇ ਮਹਾਨ ਹੋਣ ਦੇ ਕੀ ਮਾਪ-ਦੰਡ ਹਨ, ਇਸ ਬਾਰੇ ਇਤਿਹਾਸਕਾਰਾਂ ਦੇ ਆਪਣੇ ਵਿਚਾਰ ਹੋ ਸਕਦੇ ਹਨ ਪਰ ਸਰਵਪ੍ਰਵਾਨਤ ਨਜ਼ਰੀਆ ਕੋਈ ਨਹੀਂ ਮਿਲਦਾ। ਵੇਖਦੇ ਹਾਂ ਸਿਕੰਦਰ ਕਿੰਨਾ, ਕਿਵੇਂ ਤੇ ਕਿਉਂ ਮਹਾਨ ਸੀ ਤੇ ਜਾਂ ਫਿਰ ਇੱਕ ਚਾਂਭਲ਼ਿਆ ਛੋਕਰਾ ਸੀ।

ਪੁਸ਼ਤੈਨੀ ਕੁੰਡਲੀ ਵਿਚ ਉਹ ਸਿਕੰਦਰ ਤੀਜਾ ਸੀ ਤੇ ਉਸਦਾ ਪਿਤਾ ਫਿਲਿਪਸ ਦੂਜਾ ਸੀ ਜੋ ਮਕਦੂਨੀਆ (ਮੈਸੀਡੋਨ) ਦਾ ਰਾਜਾ ਸੀ। ਫਿਲਿਪ 383 ਈਸਵੀ ਪੂਰਬ ਜੰਮਿਆਂ ਤੇ 24 ਸਾਲ ਦੀ ਉਮਰ ਵਿਚ ਰਾਜ-ਗੱਦੀ ਤੇ ਬੈਠਿਆ। ਉਸ ਨੇ 23 ਸਾਲ ਤੱਕ ਬਹੁਤ ਕਾਬਲ ਜਰਨੈਲ, ਜੇਤੂ ਸੂਰਬੀਰ, ਕੁਸ਼ਲ ਪਰਸ਼ਾਸ਼ਕ ਅਤੇ ਸਫਲ ਬਾਦਸ਼ਾਹ ਵਜੋਂ ਰਾਜ ਕੀਤਾ। ਆਪਣੇ ਸ਼ਾਸ਼ਨ ਕਾਲ ਵਿਚ ਉਸ ਨੇ ਮਕਦੂਨੀਆਂ ਦੇ ਸ਼ਿਕਾਰੀ ਤੇ ਆਜੜੀ ਲੋਕਾਂ ਨੂੰ ਜੰਗਾਂ ਦੇ ਜੇਤੂ ਲੜਾਕੂਆਂ ਵਿਚ ਤਬਦੀਲ ਕਰ ਦਿੱਤਾ। ਥਾਂ ਥਾਂ ਤੇ ਸ਼ਹਿਰ ਵਸਾ ਦਿੱਤੇ, ਕਾਨੂੰਨ ਅਤੇ ਰਿਵਾਜ ਸਥਾਪਤ ਕਰ ਕੇ ਲੋਕਾਂ ਨੂੰ ਇੱਕ ਮਜ਼ਬੂਤ ਸੰਗਠਨ ਵਿਚ ਪ੍ਰੋ ਦਿੱਤਾ। ਮਕਦੂਨੀਆਂ ਦੇ ਕੁਦਰਤੀ ਸਾਧਨ ਸਨ ਜੰਗਲ, ਧਾਤਾਂ- ਲੋਹਾ, ਚਾਂਦੀ, ਸੋਨਾ, ਤਾਂਬਾ ਆਦਿ। ਫਿਲਿਪ ਨੇ ਰਾਜਭਾਗ ਸੰਭਾਲਦਿਆਂ ਹੀ ਤਕੜੀ ਸਿੱਖਿਅਤ ਤੇ ਅਨੁਸ਼ਾਸ਼ਿਤ ਫੌਜ ਦਾ ਗਠਨ ਕਰਨਾ ਸ਼ੁਰੂ ਕੀਤਾ। ਫੌਜੀਆਂ ਵਿਚ ਡਰਿੱਲ, ਅਨੁਸ਼ਾਸ਼ਨ, ਇਕਸਾਰ ਵਰਦੀ, ਆਗਿਆਪਾਲਣ, ਤਰਤੀਬ ਵਿਚ ਰਹਿ ਕੇ ਮੌਕਾ ਤਾੜ ਕੇ ਲੜਾਈ ਦੇ ਢੰਗ ਤਰੀਕੇ ਅਪਨਾਉਣ ਜੈਸੇ ਗੁਣ ਲਾਗੂ ਕੀਤੇ। ਸਿਖਲਾਈ ਦੇ ਕੇ ਪੈਦਲ ਅਤੇ ਘੁੜਸਵਾਰ ਦਸਤੇ ਆਸ ਪਾਸ ਦੇ ਰਾਜਿਆਂ ਦੀਆਂ ਫੌਜਾਂ ਨਾਲੋਂ ਬਿਹਤਰ ਬਣਾ ਦਿੱਤੇ। ਆਸ ਪਾਸ ਦੀਆਂ ਰਿਆਸਤਾਂ ਨੂੰ ਜਿੱਤ ਕੇ ਜਾਂ ਸੰਧੀਆਂ ਕਰ ਕੇ ਮਕਦੂਨੀਆਂ ਨੂੰ ਸ਼ਕਤੀਸ਼ੀਲੀ ਰਾਜ ਬਣਾ ਦਿੱਤਾ। ਫਿਲਿਪ ਇੱਕ ਜੇਤੂ ਜਰਨੈਲ, ਕੁਸ਼ਲ ਸ਼ਾਸ਼ਕ, ਚਤੁਰ ਨੀਤੀਵਾਨ, ਮੌਕੇ ਦੀ ਨਜ਼ਾਕਤ ਨੂੰ ਸਮਝਣ ਵਾਲਾ ਕਾਮਯਾਬ ਰਾਜ ਨੇਤਾ ਸੀ। 337 ਈ.ਪੂ. ਸਾਰੀਆਂ ਯੂਨਾਨੀ ਰਿਆਸਤਾਂ ( ) ਦੇ ਸਾਂਝੇ ਗੱਠਜੋੜ ਦਾ ਕਮਾਂਡਰ ਬਣ ਗਿਆ। ਉਸ ਵੇਲੇ ਦੇ ਸਭ ਤੋਂ ਸ਼ਕਤੀਸ਼ਾਲੀ 'ਪਰਸ਼ੀਅਨ ਸਾਮਰਾਜ 'ਨਾਲ ਟੱਕਰ ਲੈਣ ਦੇ ਸਮਰੱਥ ਹੋ ਗਿਆ। ਫਿਲਿਪ ਨੇ ਕਾਬਲ ਜਰਨੈਲਾਂ ਸਮੇਤ ਤਾਕਤਵਰ ਫੌਜ ਅਤੇ ਪ੍ਰਬੰਧਕੀ ਢਾਂਚਾ ਤਿਆਰ ਕੀਤਾ ਜਿਸ ਸਦਕੇ ਸਿਕੰਦਰ ਨੂੰ ਪਰਸ਼ੀਅਨ ਸਾਮਰਾਜੀ ਇਲਾਕੇ ਜਿੱਤਣ ਵਾਸਤੇ ਕਿਸੇ ਹੋਰ ਸਾਧਨ ਦੀ ਬਹੁਤੀ ਲੋੜ ਨਹੀਂ ਪਈ।

336 ਈ.ਪੂ. ਵਿਚ ਫਿਲਿਪ ਦੁਆਰਾ ਜਿੱਤਾਂ ਦਾ ਜਸ਼ਨ ਮਨਾਉਣ ਅਤੇ ਆਪਣੀ ਧੀ ਦਾ ਵਿਆਹ ਰਚਾਉਣ ਸਮੇਂ ਹੋਏ ਸਮਾਗਮ ਵੇਲ਼ੇ ਪਾਸੀਨੀਅਸ ਨਾਂ ਦੇ ਵਿਅੱਕਤੀ ਨੇ ਫਿਲਿਪ ਦਾ ਭਰੀ ਸਭਾ ਵਿਚ ਕਤਲ ਕਰ ਦਿੱਤਾ। ਪਾਸੀਨੀਅਸ ਨੂੰ ਫੜ ਕੇ ਮਾਰ ਦਿੱਤਾ ਗਿਆ। ਬਿਨਾ ਕਿਸੇ ਰੋਣ ਧੋਣ ਤੋਂ ਜਾਂ ਦੁੱਖ ਮਨਾਉਣ ਤੋਂ ਫਿਲਿਪ ਦੇ ਪੁੱਤਰ ਸਿਕੰਦਰ ਤੀਜੇ ਨੂੰ ਓਥੇ ਹੀ, ਓਸੇ ਵੇਲੇ, ਓਸੇ ਹਾਜ਼ਰੀਨ ਦੇ ਸਾਹਮਣੇ ਬਾਦਸ਼ਾਹ ਐਲਾਨ ਦਿੱਤਾ ਗਿਆ ਜਿਸ ਨੂੰ ਹਾਜ਼ਰ ਰਸੂਖਦਾਰਾਂ ਨੇ ਅਸੈਂਬਲੀ ਵਜੋਂ ਤੁਰਤ ਮਾਨਤਾ ਦੇ ਦਿੱਤੀ। ਭਰੇ ਇਕੱਠ ਵਿਚ ਤਕੜੇ ਬੰਦੋਬਸਤ ਹੁੰਦਿਆਂ ਸਮੇਂ ਦੇ ਸਭ ਤੋਂ ਸ਼ਕਤੀਸ਼ਾਲੀ ਬਾਦਸ਼ਾਹ ਦਾ ਇਉਂ ਕਤਲ ਹੋਣਾ ਕਈ ਸ਼ੰਕਿਆਂ ਨੂੰ ਜਨਮ ਦਿੰਦਾ ਹੈ। ਇਸ ਕਤਲ ਦੀ ਸਾਜ਼ਿਸ਼ ਵਿਚ ਸਿਕੰਦਰ, ਉਸ ਦੀ ਮਾਂ ਓਲੰਪੀਅਸ, ਐਂਟੀਪੇਟਰ ਅਤੇ ਕੁਛ ਹੱਦ ਤੱਕ ਕਮਾਂਡਰ ਪਾਰਮੇਨੀਅਨ ਦੇ ਸ਼ਾਮਲ ਹੋਣ ਬਾਰੇ ਸ਼ੱਕ ਕੀਤਾ ਜਾਂਦਾ ਹੈ। ਫਿਲਿਪਸ ਨਾਲ ਓਲੰਪੀਅਸ ਅਤੇ ਸਿਕੰਦਰ ਦੇ ਗਹਿਰੇ ਮੱਤਭੇਦ ਓਦੋਂ ਹੋ ਗਏ ਸਨ ਜਦੋਂ 338 ਈ.ਪੂ. ਵਿਚ ਫਿਲਿਪ ਨੇ ਸੱਤਵੀਂ ਸ਼ਾਦੀ ਮਕਦੂਨੀਆਂ ਦੀ ਕਲੀਓਪਤਰਾ ਨਾਲ ਕਰਵਾ ਲਈ ਸੀ। ਓਲੰਪੀਅਸ ਗੁੱਸੇ ਹੋ ਕੇ ਆਪਣੇ ਭਰਾ ਕੋਲ ਐਮੀਰਸ ਚਲੀ ਗਈ ਸੀ ਅਤੇ ਸਿਕੰਦਰ ਦੇ ਬਾਦਸ਼ਾਹ ਬਨਣ ਤੇ ਹੀ ਵਾਪਸ ਆਈ ਸੀ। ਆਉਂਦਿਆਂ ਹੀ ਉਸ ਨੇ ਆਪਣੀ ਸੌਕਣ ਕਲੀਓਪਤਰਾ ਅਤੇ ਉਸ ਦੀ ਮਾਸੂਮ ਧੀ ਦਾ ਕਤਲ ਕਰਵਾ ਦਿੱਤਾ।

ਸਿਕੰਦਰ ਉਸ ਵੇਲੇ ਵੀਹ ਸਾਲ ਦਾ ਸੀ। ਉਸ ਨੂੰ ਰਾਜ ਗੱਦੀ ਤੇ ਬੈਠਦਿਆਂ ਹੀ ਵਿਰਸੇ ਵਿਚ ਸਭ ਤੋਂ ਸ਼ਕਤੀਸ਼ਾਲੀ ਫੌਜ, ਜੇਤੂ ਜਰਨੈਲ, ਜਿੱਤੇ ਹੋਏ ਇਲਾਕੇ ਅਤੇ ਯੂਨਾਨੀ ਗੱਠਜੋੜ ਦੀ ਸਰਦਾਰੀ ਮਿਲ ਗਈ। ਸਿਕੰਦਰ



ਤੇਰਾਂ ਸਾਲ ਦਾ ਸੀ ਜਦੋਂ ਮਹਾਨ ਦਾਰਸ਼ਨਿਕ ਅਰਸਤੂ ਨੇ ਉਸ ਨੂੰ ਸਿਖਲਾਈ ਦੇਣੀ ਸ਼ੁਰੂ ਕੀਤੀ ਜੋ ਤਿੰਨ ਸਾਲਾਂ ਵਿਚ ਪੂਰੀ ਹੋਈ ਸੀ। ਫਿਲਿਪ ਦੀ ਵੱਡੀ ਧੀ ਸਿਨਾਨ ਉਸਦੇ ਭਤੀਜੇ ਅਮਿਨਤਾਸ ਨੂੰ ਵਿਆਹੀ ਸੀ। ਸਿਕੰਦਰ ਨੇ ਅਮਿਨਤਾਸ ਨੂੰ ਮੌਤ ਦੇ ਘਾਟ ਉਤਾਰਿਆ। ਜਦੋਂ ਸਿਕੰਦਰ ਨੇ ਥੀਬ ਸ਼ਹਿਰ ਤੇ ਕਬਜ਼ਾ ਕੀਤਾ ਤਾਂ ਓਥੋਂ ਦੇ ਲੋਕਾਂ ਦਾ ਕਤਲੇਆਮ ਕੀਤਾ, ਔਰਤਾਂ ਤੇ ਬੱਚਿਆਂ ਨੂੰ ਗੁਲਾਮ ਵਜੋਂ ਵੇਚਿਆ। ਸ਼ਹਿਰ ਤਬਾਹ ਕਰ ਦਿੱਤਾ, ਜ਼ਮੀਨਾਂ ਦੂਜੇ ਸ਼ਹਿਰਾਂ ਵਾਲਿਆਂ ਵਿਚ ਵੰਡ ਦਿੱਤੀਆਂ।

ਪਰਸ਼ੀਅਨ ਸਾਮਰਾਜ ਹਥਿਆਉਣ ਲਈ ਸਿਕੰਦਰ ਨੇ ਚਾਰ ਸਾਲਾਂ ਦੌਰਾਨ ਤਿਨ ਵੱਡੀਆਂ ਜੰਗਾਂ ਲੜੀਆਂ ਅਤੇ ਜਿੱਤ ਪ੍ਰਾਪਤ ਕੀਤੀ। ਇਹ ਸਨ - ਗਰੇਨੀਕਸ ਦੀ ਲੜਾਈ, ਜੋ 334 ਈ.ਪੂ. ਦੀਆਂ ਗਰਮੀਆਂ ਦੌਰਾਨ ਉੱਤਰ-ਪੱਛਮੀ ਏਸ਼ੀਆਮਾਈਨਰ ਵਿਖੇ ਲੜੀ ਗਈ, ਇਸਸ ਦੀ ਲੜਾਈ, ਜੋ 333 ਈ.ਪੂ. ਦੀ ਗਰਮੀ ਰੁੱਤੇ ਉੱਤਰ-ਪੱਛਮੀ ਸੀਰੀਆ ਵਿਚ ਲੜੀ ਗਈ ਅਤੇ ਗਾਗਮੇਲਾ ਦੀ ਲੜਾਈ ਜੋ 331 ਈ.ਪੂ. ਦੀਆਂ ਗਰਮੀਆਂ ਵਿਚ ਉੱਤਰੀ ਮੀਸੋਪੋਟਾਮੀਆ (ਹੁਣ ਇਰਾਕ) ਵਿਚ ਲੜੀ ਗਈ। ਇਸ ਦੌਰਾਨ ਸਿਕੰਦਰ ਨੇ ਹਾਲੀਕਾਰਨਾਸਸ, ਲੈਬਨਾਨ, ਮਿਸਰ ਫ਼ਤਿਹ ਕੀਤੇ। ਅਗਲੇ ਦੋ ਸਾਲਾਂ ਵਿਚ ਹੁਣ ਦੇ ਅਫ਼ਗ਼ਾਨਿਸਤਾਨ ਤੱਕ ਦੇ ਇਲਾਕੇ ਪਰਸ਼ੀਅਨ ਫੌਜਾਂ ਤੋਂ ਜਿੱਤ ਲਏ। 327 ਈ.ਪੂ. ਦੱਰਰਾ ਖ਼ੈਬਰ ਲੰਘ ਕੇ ਉੱਤਰ-ਪੱਛਮੀ ਹਿੰਦੁਸਤਾਨ (ਹੁਣ ਪਾਕਿਸਤਾਨ) ਵਿਚ ਦਾਖਲ ਹੋਇਆ। ਇੱਥੇ ਸਿਕੰਦਰ ਦੀ ਚੌਥੀ ਵੱਡੀ ਲੜਾਈ ਪੋਰਸ ਨਾਲ ਹੋਈ ਤੇ ਜੇਤੂ ਰਿਹਾ। ਇੱਥੋਂ ਦੇ ਛੋਟੇ ਵੱਡੇ ਰਾਜੇ ਆਪਸ ਵਿਚ ਖਹਿੰਦੇ ਰਹਿੰਦੇ ਸਨ। 325 ਈ.ਪੂ. ਥੱਕੇ, ਹੰਭੇ, ਲੜਾਈਆਂ ਤੋਂ ਅੱਕੇ ਹੋਏ ਅਤੇ ਘਰਾਂ ਨੂੰ ਮੁੜਨਾ ਲੋਚਦੇ ਮਕਦੂਨੀ ਫੌਜੀਆਂ ਨੇ ਸਿਕੰਦਰ ਨੂੰ ਵਾਪਸੀ ਦਾ ਮੋੜਾ ਕੱਟਣ ਲਈ ਮਜਬੂਰ ਕਰ ਦਿੱਤਾ। 324 ਈ.ਪੂ ਵਿਚ ਸਿਕੰਦਰ ਈਰਾਨ ਅਤੇ 323 ਵਿਚ ਮੀਸੋਪੋਟਾਮੀਆ ਦੇ ਬੈਬੀਲੋਨ ਵਿਖੇ ਲਾਮ ਲਸ਼ਕਰ ਲੈ ਕੇ ਆ ਟਿਕਿਆ। ਇਨ੍ਹਾਂ ਲੜਾਈਆਂ ਦੌਰਾਨ ਸਿਕੰਦਰ ਦੇ ਸਿਰ ਵਿਚ ਤਲਵਾਰ ਦਾ ਵਾਰ ਹੋਣ ਨਾਲ ਹੈਲਮਟ ਚੀਰ ਕੇ ਜ਼ਖ਼ਮ ਹੋ ਗਿਆ ਸੀ। ਦਮਸ਼ਕਸ਼ ਵਿਚ ਪਰਸ਼ੀਆ ਦਾ ਬਾਦਸ਼ਾਹ ਦਾਰੀਅਸ ਲੜਾਈ ਦਾ ਮੈਦਾਨ ਛੱਡ ਕੇ ਭੱਜ ਗਿਆ ਸੀ। ਓਦੋਂ ਸਿਕੰਦਰ ਦੇ ਹੱਥ ਭਾਰੀ ਖ਼ਜ਼ਾਨਾ ਲੱਗਿਆ, ਦਾਰੀਅਸ ਦੀ ਮਾਂ, ਪਤਨੀ ਤੇ ਉਸ ਦੇ ਬੱਚਿਆਂ ਨੂੰ ਫੜ ਲਿਆ। ਪਰਸੀਪੋਲਿਸ ਵਿਖੇ ਸ਼ਰਾਬ ਦੇ ਨਸ਼ੇ ਵਿਚ ਧੁੱਤ ਸਿਕੰਦਰ ਨੇ ਸ਼ਾਹੀ ਮਹਿਲਾਂ ਨੂੰ ਰੱਜ ਕੇ ਲੁੱਟਣ ਮਗਰੋਂ ਜਲਾ ਦਿੱਤਾ। ਖ਼ਜ਼ਾਨੇ ਦੇ ਗੱਡੇ ਭਰ ਕੇ ਮਕਦੂਨੀਆਂ ਵੱਲ ਰਵਾਨਾ ਕਰ ਦਿੱਤੇ। ਸਿਕੰਦਰ ਨੇ ਸਿਰੇ ਦੀ ਸ਼ਰਾਬੀ ਹਾਲਤ ਵਿਚ ਰਹਿੰਦਿਆਂ ਫਿਲੋਟਸ, ਆਪਣੇ ਸਭ ਤੋਂ ਤਾਕਤਵਰ ਜਰਨੈਲ ਪਾਰਮੀਨੀਓ, ਦੋ ਲਿਨਸੈਸਟ੍ਰੀਅਨ ਭਰਾਵਾਂ ਅਤੇ ਸਿਕੰਦਰ ਨਾਂ ਦੇ ਉਨ੍ਹਾਂ ਦੇ ਤੀਜੇ ਭਰਾ ਸਮੇਤ ਆਪਣੇ ਵਫ਼ਾਦਾਰ ਅੰਗਰੱਖਿਅਕ ਕਾਲ਼ੇ ਕਮਾਂਡਰ ਕਲਾਈਟਸ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ।

ਪੋਰਸ ਦੀ ਲੜਾਈ ਤੋਂ ਮਗਰੋਂ ਇੱਕ ਹੋਰ ਝੜਪ ਵਿਚ ਸਿਕੰਦਰ ਨੇ ਬਚਕਾਨੀ ਹਰਕਤ ਕਰਦਿਆਂ ਅੱਗੇ ਹੋ ਕੇ ਪੌੜੀ ਚੜ੍ਹਨ ਦਾ ਪੰਗਾ ਲੈ ਲਿਆ ਤੇ ਉਸ ਦੀ ਛਾਤੀ ਵਿਚ ਤੀਰ ਲੱਗਿਆ ਜਿਸ ਨਾਲ ਉਸ ਦਾ ਫੇਫੜਾ ਜ਼ਖ਼ਮੀ ਹੋ ਗਿਆ। ਇੱਕ ਜਰਨੈਲ ਲਈ ਅਜਿਹਾ ਕਰਨਾ ਬੇਵਕੂਫ਼ੀ ਵਾਲਾ ਕਾਰਨਾਮਾ ਸੀ। ਵਾਪਸੀ ਸਮੇ ਸੂਸਾ ਵਿਖੇ ਸਿਕੰਦਰ ਨੇ ਪਰਸ਼ੀਆ ਦੀਆਂ ਦੋ ਰਾਜਕੁਮਾਰੀਆਂ ਨਾਲ ਸ਼ਾਦੀ ਕਰ ਲਈ ਜਦੋਂ ਕਿ ਇੱਕ ਸ਼ਾਦੀ ਰੌਕਸ਼ੇਨ ਨਾਲ ਹੋਈ ਸੀ। ਪਰਸ਼ੀਆ ਦੇ ਦਰਬਾਰੀਆਂ ਦੀਆਂ 80 ਹੋਰ ਕੁੜੀਆ ਨਾਲ ਆਪਣੇ ਅਹਿਲਕਾਰਾਂ ਦੀਆਂ ਸ਼ਾਦੀਆਂ ਕਰਵਾ ਦਿੱਤੀਆਂ। ਜਿਨ੍ਹਾਂ ਫੌਜੀਆਂ ਨੇ ਏਸ਼ੀਅਨ ਔਰਤਾਂ ਜਾਂ ਲੜਕੀਆਂ ਨਾਲ ਸ਼ਾਦੀਆਂ ਕਰਵਾ ਲਈਆਂ ਸਨ ਉਨ੍ਹਾਂ ਨੂੰ ਮਾਨਤਾ ਦੇ ਕੇ ਤੋਹਫ਼ਿਆਂ ਦੇ ਖੁੱਲ੍ਹੇ ਗੱਫਿਆਂ ਨਾਲ ਨਿਵਾਜਿਆ। ਇਨ੍ਹਾਂ ਸ਼ਾਦੀਆਂ ਦੀ ਗਿਣਤੀ 10,000 ਤੋਂ ਵੱਧ ਸੀ। ਸਿਕੰਦਰ ਨੇ 324 ਦੀ ਬਹਾਰ ਰੁੱਤੇ ਆਪਣੇ ਹੀ ਤੇਰਾਂ ਫੌਜੀਆਂ ਨੂੰ ਮੌਤ ਦੇ ਦਿੱਤੀ। ਈਰਾਨ ਵਿਚ ਉਸ ਦਾ ਅਤੀ ਪਿਆਰਾ ਮਿੱਤਰ ਹਿਫਾਸ਼ਨ ਲਗਾਤਾਰ ਹੁੰਦੀਆਂ ਪਾਰਟੀਆਂ ਅੰਦਰ ਲੋਹੜੇ ਦੀ ਸ਼ਰਾਬ ਪੀਣ ਨਾਲ ਬੀਮਾਰੀ ਦੀ ਤਾਬ ਨਾ ਸਹਾਰਦਿਆਂ ਸਾਹ ਤੋੜ ਗਿਆ। ਸਿਕੰਦਰ ਵੀ ਦਿਨ-ਰਾਤ ਸ਼ਰਾਬ ਨਾਲ ਟੁੱਨ ਹੁੰਦਾ ਰਿਹਾ। ਕੌਣ ਕਹੇ ਰਾਣੀ ਅੱਗਾ ਢਕ। ਪਾਰਟੀਆਂ ਦਾ ਦੌਰ ਚਲਦਾ ਰਿਹਾ। ਬੈਬੀਲਾਨ ਵਿਖੇ ਸਿਕੰਦਰ ਨੂੰ ਬੁਖ਼ਾਰ ਹੋਣ ਲੱਗ ਪਿਆ। ਫਿਰ ਵੀ ਉਸ ਨੇ ਸਿਹਤ ਬਾਰੇ ਭੋਰਾ ਪ੍ਰਵਾਹ ਨਾ ਕੀਤੀ, ਡਾਕਟਰਾਂ ਦੀ ਸਲਾਹ ਨੂੰ ਟਿੱਚ ਜਾਣਿਆ। ਉਹ ਵੀ ਫਿਲਿਪਸ ਵਾਂਗ ਆਪਣੇ ਆਪ ਨੂੰ ਰੱਬ ਸਮਝਦਾ ਸੀ। ਇਸ ਦਾ ਐਲਾਨ 324 ਦੀਆਂ ਓਲੰਪਿਕ ਖੇਡਾਂ ਮੌਕੇ ਕਰਵਾ ਵੀ ਦਿੱਤਾ ਗਿਆ ਸੀ ਕਿ ਸਿਕੰਦਰ ਨੂੰ ਰੱਬ ਮੰਨਿਆਂ ਜਾਵੇ। ਕਈ ਦਿਨਾਂ ਦੇ ਬੁਖ਼ਾਰ ਅਤੇ ਬੀਮਾਰੀ ਦੇ ਬਾਵਜੂਦ ਇੱਕ ਹੋਰ ਪਾਰਟੀ ਸਮੇਂ ਸਾਰੀ ਰਾਤ ਸ਼ਰਾਬ ਪੀਂਦਾ ਰਿਹਾ। ਇਹ ਪਾਰਟੀ ਉਸ ਦੇ ਦੋਸਤ ਮੇਦੀਅਸ ਨੇ ਦਿੱਤੀ ਸੀ। ਸਿਕੰਦਰ ਨੂੰ ਮੰਜੇ ਤੇ ਪਾ ਕੇ ਲਿਜਾਇਆ ਗਿਆ ਜਿੱਥੋਂ ਉਹ ਕਦੇ ਉੱਠ ਨਾ ਸਕਿਆ ਅਤੇ 13 ਜੂਨ, 323 ਈ.ਪੂ. ਨੂੰ 33 ਸਾਲ ਦਾ ਹੋਣ ਤੋਂ ਥੋੜਾ ਪਹਿਲਾਂ ਦਮ ਤੋੜ ਗਿਆ।

ਸਿਕੰਦਰ ਦਾ ਕੱਦ ਛੋਟਾ, ਬਚਕਾਨਾ ਚਿਹਰਾ ਪਰ ਅਹਿਮ ਵੱਡਾ ਸੀ। ਉਸ ਨੇ ਸਭ ਲੜਾਈਆਂ ਜਿੱਤੀਆਂ ਬਿਨਾ ਸ਼ੱਕ ਉਹ ਸ਼ਾਨਦਾਰ ਫੌਜੀ ਕਮਾਂਡਰ ਸੀ ਜਿਸ ਨੂੰ ਯੁੱਧ ਦੇ ਸਾਰੇ ਦਾਅ-ਪੇਚਾਂ, ਵਿਉਂਤਬੰਦੀ, ਸਿਖਲਾਈ, ਅਗਵਾਈ ਅਤੇ ਮੈਦਾਨੇ-ਜੰਗ ਵਿਚ ਜੂਝਣ ਦੀ ਸਿਰੇ ਦੀ ਮੁਹਾਰਤ ਸੀ। ਉਸ ਨੇ ਦੁਸ਼ਮਣ ਦੀ ਘੇਰਾਬੰਦੀ, ਵੱਡੀਆਂ ਲੜਾਈਆਂ, ਪਹਾੜੀ ਮੁਹਿੰਮਾਂ, ਦਰਿਆਵਾਂ ਦੇ ਲਾਂਘਿਆਂ ਅਤੇ ਦੁਸ਼ਮਣ ਦੇ ਇਲਾਕਿਆਂ ਅੰਦਰ ਉਨ੍ਹਾਂ ਨੂੰ ਸ਼ਿਕੱਸ਼ਤ ਦੇਣ ਵਰਗੀਆਂ ਕਾਰਵਾਈਆਂ ਨੂੰ ਕਮਾਲ ਦੀ ਕਾਮਯਾਬੀ ਨਾਲ ਨਜਿੱਠਿਆ। ਸਿਕੰਦਰ ਜਿੱਤੇ ਹੋਏ ਇਲਾਕਿਆਂ ਵਿਚ ਸੂਬੇਦਾਰ ਨਿਯੁਕਤ ਕਰ ਕੇ ਬਿਨਾ ਕਿਸੇ ਪ੍ਰਬੰਧਕੀ ਹਦਾਇਤਾਂ ਅਤੇ ਕੰਟਰੋਲ ਦੇ ਛੱਡ ਦਿੰਦਾ ਸੀ। ਰਾਜ ਪ੍ਰਬੰਧ ਅਤੇ ਜਨਤਾ ਪ੍ਰਤੀ ਜ਼ਿੰਮੇਵਾਰੀਆਂ ਤੋਂ ਉੱਕਾ ਲਾਪ੍ਰਵਾਹ ਸੀ। ਜਦੋਂ 20 ਸਾਲ ਦੀ ਉਮਰ ਵਿਚ ਰਾਜ ਦੀ ਵਾਗਡੋਰ ਸੰਭਾਲਣ ਵੇਲੇ ਉਸ ਨੂੰ ਸ਼ਾਦੀ ਕਰਵਾਉਣ ਅਤੇ ਵਾਰਸ ਪੈਦਾ ਕਰਨ ਦੀ ਸਲਾਹ ਦਿੱਤੀ ਗਈ ਤਾਂ ਉਸ ਨੇ ਸਿਰੇ ਦੀ ਲਾ-ਪ੍ਰਵਾਹੀ ਨਾਲ ਇਸ ਨੂੰ ਅਣਗੌਲ਼ਿਆਂ ਕਰ ਦਿੱਤਾ। ਉਹ ਤਾਂ ਬੱਸ ਲੜਾਈ ਸਹੇੜਨ ਤੇ ਜਿੱਤਣ ਵਿਚ ਸੁਆਦ ਲੈਂਦਾ ਸੀ। ਉਸ ਦੀਆਂ ਇਨ੍ਹਾਂ ਕਾਰਵਾਈਆਂ ਦਾ ਕੋਈ ਤਾਰਕਿਕ ਤੇ ਦਾਰਸ਼ਨਿਕ ਆਧਾਰ ਨਹੀਂ ਸੀ। ਉਸ ਨੇ ਜਰਨੈਲਾਂ ਜਾਂ ਸੂਬੇਦਾਰਾਂ ਨੂੰ ਲੋੜੀਂਦੀ ਜ਼ਿੰਮੇਵਾਰੀ ( ) ਨਹੀਂ ਦਿੱਤੀ। ਸ਼ਾਸ਼ਨ ਪ੍ਰਣਾਲੀ, ਨਿਆਂਪੂਰਨ ਸ਼ਾਸ਼ਨ, ਦੇਣਾ, ਬਾਹਰੀ ਖ਼ਤਰਿਆਂ ਤੋਂ ਜਨਤਾ ਨੂੰ ਬਚਾਉਣਾ, ਆਪ ਸਿਹਤਮੰਦ ਰਹਿ ਕੇ ਜਨਤਾ ਪ੍ਰਤੀ ਫ਼ਰਜ਼ਾਂ ਦੀ ਪੂਰਤੀ ਕਰਨੀ ਆਦਿ ਬਾਰੇ ਉਸ ਨੇ ਕੋਈ ਧਿਆਨ ਨਹੀਂ ਦਿੱਤਾ। ਪਤਾ ਨਹੀਂ ਅਰਸਤੂ ਦੀ ਦਿੱਤੀ ਸਿਖਲਾਈ ਦਾ ਕੀ ਬਣਿਆ। ਸੂਬੇਦਾਰਾਂ ਉਪਰ ਕੋਈ ਨਿਗਰਾਨੀ ਦੀ ਵਿਵਸਥਾ ਨਹੀਂ ਸੀ। ਰਾਜਭਾਗ ਦੀ ਜ਼ਿੰਮੇਵਾਰੀ ਨਿਪੁੰਨਤਾ ਨਾਲ ਨਾ ਸੰਭਾਲਣ ਕਰ ਕੇ ਸਿਕੰਦਰ ਨੂੰ ਨਿਰਸੰਦੇਹ ਅਸਫਲ ਬਾਦਸ਼ਾਹ ਕਿਹਾ ਜਾ ਸਕਦਾ ਹੈ। ਲਾ-ਵਾਰਿਸ ਸਾਮਰਾਜ ਦਾ ਉਸ ਦੀ ਮੌਤ ਮਗਰੋਂ ਖੇਰੂ-ਖੇਰੂੰ ਹੋ ਕੇ ਟੁੱਟ ਜਾਣਾ ਇਸੇ ਨਾਕਾਮਯਾਬੀ ਦਾ ਸਿੱਟਾ ਸੀ।

ਏਨੇ ਘੁੱਗ ਵਸਦੇ ਸ਼ਹਿਰਾਂ ਦੀ ਤਬਾਹੀ, ਏਨੀਆਂ ਫੌਜਾਂ ਦਾ ਘਾਣ, ਏਨੇ ਲੋਕਾਂ, ਔਰਤਾਂ, ਬੱਚਿਆਂ ਦੀ ਮੌਤ ਤੇ ਦੁਰਦਸ਼ਾ - ਆਖ਼ਰ ਇਹ ਸਭ ਕੁਛ ਕਾਹਦੇ ਲਈ ? ਇੱਕ ਚਾਭਲ਼ੇ ਹੋਏ ਛੋਹਰ ਦੀ ਖ਼ੁਸ਼ੀ ਲਈ ? ਫਿਰ ਉਸ ਨੂੰ ਮਹਾਨ ਕਿਹੜੇ ਪਾਸਿਓਂ ਕਿਹਾ ਜਾਵੇ ? ਜੇ ਇਲਾਕੇ ਜਿੱਤਣੇ ਹੀ ਮਹਾਨਤਾ ਦਾ ਮਾਪਦੰਡ ਹੈ, ਫੇਰ ਤਾਂ ਚੰਗੇਜ਼ ਖ਼ਾਂ ਸਭ ਤੋਂ ਮਹਾਨ ਸੀ, ਜਿਸ ਨੂੰ ਉਸ ਦੇ ਬਾਪ ਦੀ ਮੌਤ ਤੋਂ ਬਾਦ ਆਪਣੀ ਮਾਂ, ਭਰਾਵਾਂ ਅਤੇ ਬੱਕਰੀ ਸਮੇਤ ਮੰਗੋਲੀਆਂ ਦੀਆਂ ਬਰਫਾਂ ਵਿਚ ਮਰਨ ਲਈ ਛੱਡ ਦਿੱਤਾ ਗਿਆ ਸੀ। ਇਸੇ ਤਰ੍ਹਾਂ ਜੇਤੂ ਜਰਨੈਲ ਤਾਂ ਨੈਪੋਲੀਅਨ ਵੀ ਸੀ। ਇਤਿਹਾਸਕਾਰਾਂ ਦੀ ਅਣਗਹਿਲੀ ਜਾਂ ਤਰਫ਼ਦਾਰੀ ਵੇਖੋ ਕਿ ਸ਼ੇਰ ਸ਼ਾਹ ਸੂਰੀ ਕਿਸੇ ਰਾਜੇ ਦਾ ਪੁੱਤਰ ਵੀ ਨਹੀਂ ਸੀ, ਉਸ ਨੂੰ ਤਾਂ ਬਾਪ ਨੇ ਵੀ ਛੱਡ ਦਿੱਤਾ ਸੀ। ਪਰ ਉਸ ਨੇ ਹਿੰਦੁਸਤਾਨ ਦੇ ਏਨੇ ਵੱਡੇ ਹਿੱਸੇ ਤੇ ਜਿੱਤਾਂ ਪ੍ਰਾਪਤ ਕਰ ਕੇ ਸਿਰਫ਼ ਪੰਜ ਸਾਲ ਦੇ ਸ਼ਾਸ਼ਨ ਕਾਲ ਅੰਦਰ ਜਿੰਨੇ ਸ਼ਾਨਦਾਰ ਤੇ ਮਹਾਨ ਕਾਰਜ ਜਨਤਾ ਲਈ ਕੀਤੇ ਤੇ ਜਿੰਨੀ ਕੁਸ਼ਲਤਾ ਨਾਲ ਰਾਜ ਕੀਤਾ, ਓਨੇ ਕਿਸੇ ਹੋਰ ਬਾਦਸ਼ਾਹ ਨੇ ਨਹੀਂ ਕੀਤੇ। ਉਸ ਨੂੰ ਮਹਾਨ ਨਹੀਂ ਮੰਨਿਆਂ ਗਿਆ। ਅਕਬਰ ਨੂੰ ਮਹਾਨ ਕਿਹਾ ਗਿਆ ਜਿਸ ਨੇ ਸ਼ੇਰ ਸ਼ਾਹ ਸੂਰੀ ਦੀਆਂ ਪਿਰਤਾਂ ਨੂੰ ਚਲਾਇਆ। ਉਹ ਸੀ ਵੀ ਬਾਦਸ਼ਾਹ ਦਾ ਪੁੱਤਰ। ਠੀਕ ਹੈ ਸਿਕੰਦਰ ਦੀ ਮੁਹਿੰਮ ਨੇ ਹਿੰਦੁਸਤਾਨ, ਅਰਬ, ਮਿਸਰ, ਮਕਦੂਨੀਆਂ ਤੇ ਯੂਨਾਨ ਨੂੰ ਵਪਾਰ ਤੇ ਕਈ ਤਰ੍ਹਾਂ ਦੇ ਆਦਾਨ ਪ੍ਰਦਾਨ ਲਈ ਜੋੜਨ ਦਾ ਕੰਮ ਕੀਤਾ ਪਰ ਇਹ ਤਾਂ ਪੁੱਠੇ ਪੈਰੀਂ ਸੀ ਭਾਵ ਇਸ ਤੋਂ ਪਹਿਲਾਂ ਪੂਰਬ ਤੋਂ ਪੱਛਮ ਵੱਲ ਪਰਸ਼ੀਅਨ ਸਾਮਰਾਜ ਨੇ ਵੀ ਤਾਂ ਇਹੋ ਕੰਮ ਕੀਤਾ ਸੀ।

ਮਹਾਨਤਾ ਦੇ ਮਾਪਦੰਡ ਮੁੜ ਵਿਚਾਰਨ ਅਤੇ ਧਿਆਨ ਦੀ ਮੰਗ ਕਰਦੇ ਹਨ।

## ਸਿਆਸੀ ਝਰੋਖਿਆਂ ਵਿੱਚੋਂ ਦੀ

# ਜਦੋਂ ਬੀਬੀ ਭੱਠਲ ਨੇ ਬਰਾੜ ਸਾਹਬ ਦੀ ਮੰਜੀ ਮੂਧੀ ਮਾਰਤੀ, ਤੇ ਭੋਲਾ ਸਿੰਘ ਦੀ ਫਾਈਲ ਵੀ ਵਿੱਚੇ ਈ ਰੁਲ਼ ਗਈ



ਨਿੰਦਰ ਘੁਗਿਆਣਵੀ
-9417421700

## ਹਰਚਰਨ ਸਿੰਘ ਬਰਾੜ ਦੀਆਂ ਬਾਤਾਂ-(4)

**ਬਰਾੜ ਸਾਹਬ ਦੀ ਕਾਰ ਸਟੇਡੀਅਮ ਵਿੱਚ ਵੜੀ। ਬਰਾੜ ਸਾਹਬ ਨੇ ਵਧਾਈ ਦਿੰਦਿਆ ਆਖਿਆ ਕਿ ਭੋਲਾ ਸਿੰਘ ਕੱਲ ਸਹੁੰ ਚੁੱਕਣੀ ਐਂ ਤੂੰ ਇਕੱਲੇ ਨੇ ਪੰਜਾਬ ਭਵਨ ਤੇ ਤਿਆਰੀ ਵੱਟ ਲੈ, ਵੈਸੇ ਮੈਂ ਤੈਨੂੰ ਐਸ ਐਸ ਬੋਰਡ ਦਾ ਚੇਅਰਮੈਨ ਲਾਉਣਾ ਸੀ ਪਰ ਸਾਡੇ ਓਹ ਮੁਕਤਸਰ ਵਾਲੇ ਐਡਵੋਕੇਟ ਪਿਆਰੇ ਲਾਲ ਗਰਗ ਨੂੰ ਮੈਂ ਵਾਇਦਾ ਕਰ ਬੈਠਾ ਸੀ ਤਾਂ ਈ ਉਸੇ ਨੂੰ ਲਾਇਆ ਐ। ਚਲੋ ਕੋਈ ਨਾ,ਮੈਂ ਤੈਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਲਾਊਂਗਾ,,, ਵਾਇਦਾ ਰਿਹਾ ਤੇਰੇ ਨਾਲ।**

ਦੇਵੀ ਵਾਲੇ ਦੇ ਭੋਲਾ ਸਿੰਘ ਢਿੱਲੋਂ ਨੇ ਹਰਚਰਨ ਸਿੰਘ ਬਰਾੜ ਦਾ ਮਨ ਮੋਹ ਲਿਆ ਸੀ। ਇੱਕ ਸਮੇਂ ਬਰਾੜ ਨੇ ਭੋਲਾ ਸਿੰਘ ਨੂੰ ਕਿਹਾ ਸੀ ਕਿ ਭੋਲਿਆ, "ਤੂੰ ਮੈਨੂੰ ਮੇਰੇ ਬੇਟੇ 'ਸਨੀ' (ਕੰਵਲਜੀਤ) ਵਰਗਾ ਹੀ ਹੈਂ।"

ਭੋਲਾ ਸਿੰਘ ਫਰੀਦਕੋਟ ਵਿਖੇ ਜਿਲਾ ਸਿੱਖਿਆ ਦਫਤਰ 'ਚ ਲੰਮੇ ਸਮੇਂ ਤੋਂ ਤਾਇਨਾਤ ਰਿਹਾ ਤੇ ਕਦੇ ਉਹ ਡਿਪਟੀ ਸਿਖਿਆ ਅਫਸਰ ਵੀ ਬਣ ਗਿਆ ਸੀ। ਸੰਨ 1992 ਦੀਆਂ ਚੋਣਾਂ ਸਮੇਂ ਬਰਾੜ ਨੇ ਉਸਨੂੰ ਨੌਕਰੀ ਛੱਡ ਕੇ ਕਾਂਗਰਸ ਦਾ ਜਿਲਾ ਪ੍ਰਧਾਨ ਬਣਨ ਵਾਸਤੇ ਪੇਸ਼ਕਸ਼ ਕੀਤੀ ਪਰ ਉਹ ਨਾ ਮੰਨਿਆ, ਭੋਲਾ ਸਿੰਘ ਦੇ ਸਹੁਰੇ ਵੀ ਇਸ ਗੱਲ 'ਤੇ ਰਾਜੀ ਨਹੀ ਸਨ। ਬਰਾੜ ਨੇ ਆਖਿਆ ਸੀ ਕਿ ਭੋਲਿਆ, ਜੇ ਕਦੇ ਮੈਂ ਮੁੱਖ ਮੰਤਰੀ ਬਣਿਆ ਤਾਂ ਦੋ ਨੰਬਰ ਉੱਤੇ ਮੇਰੇ ਨਾਲ ਸਹੁੰ ਚੁੱਕਣ ਵਾਲਾ ਤੂੰ ਹੋਵੇਂਗਾ। ਭੋਲਾ ਸਿੰਘ ਸਿਆਸਤ ਵਿੱਚ ਆਇਆ ਹੀ ਨਾ। ਜਿਸ ਦਿਨ ਬਰਾੜ ਮੁੱਖ ਮੰਤਰੀ ਵੱਜੋਂ ਸਹੁੰ ਚੁੱਕਣ ਲੱਗੇ, ਤਾਂ ਗਵਰਨਵਰ ਹਾਊਸ 'ਚ ਉਨਾਂ ਭੋਲਾ ਸਿੰਘ ਨੂੰ ਵੀ ਬੁਲਾਇਆ। ਪੀਪਲ ਟਰਾਂਸਪੋਰਟ ਵਾਲੇ ਗੁਰਪਾਲ ਸਿੰਘ ਬਰਾੜ ਵੀ ਨਾਲ ਸਨ। ਹਰਚਰਨ ਸਿੰਘ ਬਰਾੜ ਨੇ ਕੋਲ ਬੁਲਾ ਕੇ ਆਖਿਆ ਕਿ ਭੋਲਿਆ, "ਉਦੋਂ ਮੇਰਾ ਕਹਿਣਾ ਮੰਨ ਲੈਂਦਾ ਤੇ ਚੰਗਾ ਰਹਿੰਦਾ ਅੱਜ,,,ਪਰ ਤੂੰ ਜਲਦੀ ਹੀ ਸਹੁੰ ਚੁੱਕੇਂਗਾ,,,।

***

26 ਜਨਵਰੀ ਦਾ ਦਿਨ ਆ ਗਿਆ। ਬਰਾੜ ਸਾਹਬ ਫਰੀਦਕੋਟ ਝੰਡਾ ਲਹਿਰਾਉਣ ਆਏ। ਭੋਲਾ ਸਿੰਘ ਵੀ ਗਿਆ ਹੋਇਆ ਸੀ ਸਟੇਡੀਅਮ ਵਿੱਚ, ਸੋਮ ਪ੍ਰਕਾਸ਼ ਆਈ ਏ ਐਸ(ਹੁਣ ਕੇਂਦਰੀ ਮੰਤਰੀ) ਉਦੋਂ ਫਰੀਦਕੋਟ ਦਾ ਡਿਪਟੀ ਕਮਿਸ਼ਨਰ ਸੀ, ਨਾਲ ਐਸ ਐਸ ਪੀ ਵੀ ਖੜਾ ਸੀ,ਭੋਲਾ ਸਿੰਘ ਨੂੰ ਵਧਾਈ ਦੇ ਰਹੇ ਸਨ। ਪਰ ਭੋਲਾ ਸਿੰਘ ਨੂੰ ਹਾਲੇ ਚਿੱਠੀ ਜਾਂ ਫੋਨ ਨਹੀ ਸੀ ਆਇਆ। ਉਸਨੇ ਪੁੱਛਿਆ ਕਿ ਕਾਹਦੀ ਵਧਾਈ ਐ! ਡੀ ਸੀ ਸਾਹਿਬ ਆਖਣ ਲੱਗੇ ਕਿ ਆਪ ਨੂੰ ਐਸ ਐਸ ਬੋਰਡ ਦਾ ਮੈਂਬਰ ਲਾ ਦਿੱਤਾ ਹੈ ਸੀ ਐਮ ਸਾਹਬ ਨੇ। ਉਦੋਂ ਹੀ ਬਰਾੜ ਸਾਹਬ ਦੀ ਕਾਰ ਸਟੇਡੀਅਮ ਵਿੱਚ ਵੜੀ। ਬਰਾੜ ਸਾਹਬ ਨੇ ਵਧਾਈ ਦਿੰਦਿਆ ਆਖਿਆ ਕਿ ਭੋਲਾ ਸਿੰਘ ਕੱਲ ਸਹੁੰ ਚੁੱਕਣੀ ਐਂ ਤੂੰ ਇਕੱਲੇ ਨੇ ਪੰਜਾਬ ਭਵਨ ਤੇ ਤਿਆਰੀ ਵੱਟ ਲੈ, ਵੈਸੇ ਮੈਂ ਤੈਨੂੰ ਐਸ ਐਸ ਬੋਰਡ ਦਾ ਚੇਅਰਮੈਨ ਲਾਉਣਾ ਸੀ ਪਰ ਸਾਡੇ ਓਹ ਮੁਕਤਸਰ ਵਾਲੇ ਐਡਵੋਕੇਟ ਪਿਆਰੇ ਲਾਲ ਗਰਗ ਨੂੰ ਮੈਂ ਵਾਇਦਾ ਕਰ ਬੈਠਾ ਸੀ ਤਾਂ ਈ ਉਸੇ ਨੂੰ ਲਾਇਆ ਐ। ਚਲੋ ਕੋਈ ਨਾ,ਮੈਂ ਤੈਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਲਾਊਂਗਾ,,, ਵਾਇਦਾ ਰਿਹਾ ਤੇਰੇ ਨਾਲ।

ਦੂਜੇ ਦਿਨ ਹੀ ਇਕੱਲੇ ਭੋਲਾ ਸਿੰਘ ਢਿਲੋਂ ਨੂੰ ਚੀਫ ਸੈਕਟਰੀ ਵੱਲੋਂ ਪੰਜਾਬ



ਭਵਨ ਵਿਖੇ ਪੰਜਾਬ ਸਰਵਿਸ ਸਿਲੈਕਸ਼ਨ ਬੋਰਡ ਦੇ ਮੈਂਬਰ ਵੱਜੋਂ ਸਹੁੰ ਚੁਕਾਈ ਗਈ।

ਬਰਾੜ ਸਾਹਬ ਦੀ ਸੈਕਟਰ 4 ਕੋਠੀ ਸੀ, ਕਹਿੰਦੇ, "ਭੋਲਿਆ, ਤੂੰ ਐਥੇ ਰਹਿਣਾ ਐਂ।" ਉਨਾਂ ਵਿਧਾਇਕ ਬੱਬਲ ਸੰਧੂ ਵਾਲਾ ਐਮ ਐਲ ਏ ਹੋਸਟਲ ਵਿੱਚ ਕਮਰਾ ਲੈ ਦਿੱਤਾ। ਸਵੇਰੇ ਸਾਝਰੇ ਭੋਲਾ ਸਿੰਘ ਤਿਆਰ ਹੋਕੇ ਜਾ ਬੈਠਿਆ ਕਰੇ। ਜਿਹੜਾ ਬਰਾੜ ਸਾਹਬ ਨੂੰ ਮਿਲਣ ਆਵੇ, ਪਹਿਲਾਂ ਭੋਲਾ ਸਿੰਘ ਨੂੰ ਮਿਲਕੇ ਅੰਦਰ ਜਾਵੇ। ਹਰ ਮੀਟਿੰਗ 'ਚ ਭੋਲਾ ਸਿੰਘ ਹਾਜਰ ਹੁੰਦਾ। ਇੱਕ ਦਿਨ ਆਖਿਆ ਕਿ ਬਰਾੜ ਸਾਹਬ, ਇਉਂ ਠੀਕ ਨੀ ਲਗਦਾ, ਸਾਰੇ ਮੇਰੇ 'ਵੈਰੀ' ਬਣ ਜਾਣਗੇ। ਬਰਾੜ ਸਾਹਬ ਬੋਲੇ ਕਿ ਜਦ ਭੋਲਿਆ ਤੈਨੂੰ ਮੈਂ ਕਿਹਾ ਐ ਕਿ ਤੂੰ ਨਾਲ ਨਾਲ ਰਹਿਣਾ ਐਂ। ਦਸਦੇ ਨੇ ਕਿ ਬ੍ਰਹਮ ਮਹਿੰਦਰਾ,ਹੈਨਰੀ ਤੇ ਪਰਤਾਪ ਬਾਜਵੇ ਹੁਰੀਂ ਭੋਲੇ ਨਾਲ ਪੀਟਰ ਸਕੌਚ ਪੀਆ ਕਰਨ। ਮੁੱਖ ਮੰਤਰੀ ਬਰਾੜ ਸਾਹਬ ਨੇ ਭੋਲਾ ਸਿੰਘ ਦਾ ਨਾਂ ਗਵਰਨਰ ਨੂੰ ਪੀ ਪੀ ਐਸ ਸੀ ਦੇ ਮੈਂਬਰ ਲਾਉਣ ਵਾਸਤੇ ਭੇਜ ਦਿੱਤਾ। ਉਧਰੋਂ ਬੀਬੀ ਭੱਠਲ ਨੇ ਬਰਾੜ ਸਾਹਬ ਦੀ ਮੰਜੀ ਮੂਧੀ ਮਾਰਤੀ, ਤੇ ਭੋਲਾ ਸਿੰਘ ਦੀ ਫਾਈਲ ਵੀ ਵਿਚੇ ਈ ਰੁਲ ਗਈ। ਭੋਲਾ ਸਿੰਘ ਨੂੰ ਬਰਾੜ ਆਪਣਾ 'ਖਾਸਮ ਖਾਸ' ਸਮਝਦੇ ਸੀ। ਇੱਕ ਸਿਆਸੀ ਬੰਦੇ ਨੇ ਦੱਸਿਆ ਕਿ ਕੁੱਝ ਮਹੀਨੇ ਪਹਿਲਾਂ ਭੋਲਾ ਸਿੰਘ ਨੂੰ ਉਸਦਾ ਇੱਕ ਦੋਸਤ ਫੋਨ ਕਰਕੇ ਪੁੱਛਦਾ ਹੈ ਕਿ ਹਰਚਰਨ ਬਰਾੜ ਕੇ ਪਰਿਵਾਰ ਦਾ ਕੀ ਹਾਲ ਚਾਲ ਐ? ਭੋਲਾ ਸਿੰਘ ਦਾ ਗੱਚ ਭਰ ਆਇਆ ਤੇ ਉਸਨੇ ਏਨਾ ਹੀ ਕਿਹਾ, "ਬਾਈ ਜੀ, ਬੰਦਿਆਂ ਬਿਨਾਂ ਕਾਹਦੀ ਸਿਆਸਤ ਹੁੰਦੀ ਐ।" ਭੋਲਾ ਸਿੰਘ ਦਿਨ ਵਿੱਚ ਗੱਲਾਂ ਕਰਦਾ ਕਰਦਾ ਹਰਚਰਨ ਸਿੰਘ ਬਰਾੜ ਨੂੰ ਹਰ ਪਲ ਚੇਤੇ ਕਰਦਾ ਝੁਰਦਾ ਤੇ ਖੁਰਦਾ ਰਿਹਾ।

***

ਭੋਲਾ ਸਿੰਘ ਦਾ ਮੁੰਡਾ ਤੇਜ ਢਿੱਲੋਂ ਦੱਸਦਾ ਕਿ ਜਿਸ ਦਿਨ ਬਰਾੜ ਸਾਹਿਬ ਪੂਰੇ ਹੋਏ ਪੀ ਜੀ ਆਈ ਵਿੱਚ, ਤਾਂ ਉਨਾ ਦੀ ਬੇਟੀ ਬਬਲੀ,ਬੇਟਾ ਸਨੀ, ਨੂੰਹ ਕਰਨ ਕੌਰ ਵੀ ਉੱਥੇ ਹਾਜਰ ਸਨ ਪਰ ਬਰਾੜ ਸਾਹਿਬ ਨੇ ਭੋਲਾ ਸਿੰਘ ਦੇ ਹੱਥਾਂ ਵਿੱਚ ਸਵਾਸ ਤਿਆਗੇ। ਖੈਰ, 6 ਅਗਸਤ 2022 ਦੇ ਦਿਨ ਭੋਲਾ ਸਿੰਘ ਢਿੱਲੋਂ ਵੀ ਪੂਰੇ ਹੋ ਗਏ । ਮੈਂ ਉਹਨੀਂ ਦਿਨੀ ਪੰਜਾਬ ਤੋਂ ਬਾਹਰ ਸੀ ਤੇ ਉਨਾਂ ਦੇ ਸਸਕਾਰ ਤੇ ਭੋਗ ਦੀਆਂ ਖਬਰਾਂ 'ਚੋਂ ਮੈਂ ਹਰਚਰਨ ਸਿੰਘ ਬਰਾੜ ਦੇ ਕਿਸੇ ਪਰਿਵਾਰਕ ਮੈਂਬਰ ਦਾ ਨਾਂ ਭਾਲਦਾ ਰਿਹਾ, ਪਰ ਥਿਆਇਆ ਨਹੀਂ! ਜੇ ਅੱਗੋਂ ਪਿਛੋਂ ਕੋਈ ਭੋਲਾ ਸਿੰਘ ਦਾ ਅਫਸੋਸ ਪ੍ਰਗਟਾਉਣ ਆਇਆ ਹੋਵੇ, ਇਹ ਮੈਨੂੰ ਨਹੀਂ ਪਤਾ।

ਜੱਗ ਜਿਊਂਦਿਆਂ ਦੇ ਮੇਲੇ---

# ਸਮਾਜ ਵਿੱਚ ਔਰਤਾਂ ਦੇ ਹੋ ਰਹੇ ਮਾਨਸਿਕ ਸ਼ੋਸ਼ਣ ਨੂੰ ਬਿਆਨ ਕਰਦੀ ਫ਼ਿਲਮ "ਕਲੀ ਜੋਟਾ"



ਸੰਤੋਖ ਪਾਲ
80540-10233

ਪੰਜਾਬੀ ਸਿਨੇਮਾ ਪਿਛਲੇ ਕੁਝ ਸਾਲਾਂ ਵਿੱਚ ਆਪਣੇ ਸਿਖ਼ਰ 'ਤੇ ਪਹੁੰਚਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਿਹਾ ਹੈ। ਇਸ ਕੋਸ਼ਿਸ਼ ਨੂੰ ਸਫ਼ਲ ਬਣਾਉਣ ਲਈ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਸਾਰੀਆਂ ਹਿੱਟ ਪੰਜਾਬੀ ਫਿਲਮਾਂ ਦਰਸ਼ਕਾਂ ਦੇ ਰੂਬਰੂ ਹੋ ਕੇ ਆਪਣੀ ਹਾਜ਼ਰੀ ਲਗਵਾ ਚੁੱਕੀਆਂ ਹਨ, ਜਿਨ੍ਹਾਂ ਵਿੱਚ ਪੰਜਾਬ 1984, ਅਰਦਾਸ, ਜੱਟ ਐਂਡ ਜੂਲੀਅਟ, ਅੰਗਰੇਜ਼, ਰੱਬ ਦਾ ਰੇਡੀਓ, ਕਿਸਮਤ, ਸੁਫ਼ਨਾ, ਮੰਜ਼ੇ ਬਿਸਤਰੇ ਆਦਿ ਵਰਗੀਆਂ ਫ਼ਿਲਮਾਂ ਸ਼ਾਮਿਲ ਹਨ। ਇਹਨਾਂ ਫ਼ਿਲਮਾਂ ਨੂੰ ਸਫ਼ਲ ਬਣਾਉਣ ਵਿੱਚ ਗਿੱਪੀ ਗਰੇਵਾਲ, ਦਿਲਜੀਤ, ਐਮੀ ਵਿਰਕ, ਅਮਰਿੰਦਰ ਗਿੱਲ, ਤਰਸੇਮ ਜੱਸਰ, ਨੀਰੂ ਬਾਜਵਾ, ਸੋਨਮ ਬਾਜਵਾ, ਸਰਗੁਨ ਮਹਿਤਾ ਅਤੇ ਵਾਮਿਕਾ ਗਾਬੀ ਵਰਗੇ ਕਲਾਕਾਰਾਂ ਦਾ ਅਹਿਮ ਯੋਗਦਾਨ ਰਿਹਾ ਹੈ। ਇਸ ਤੋਂ ਇਲਾਵਾ ਹਾਸਰਾਸ ਕਲਾਕਾਰਾਂ ਵੱਲੋਂ ਵੀ ਆਪਣੀ ਕਲਾ ਨਾਲ ਦਰਸ਼ਕਾਂ ਦਾ ਖ਼ੂਬ ਦਿਲ ਜਿੱਤਿਆ ਗਿਆ ਹੈ, ਜਿਸ ਵਿੱਚ ਆਪਣੇ ਖੇਤਰ ਦੇ ਨਿਪੁੰਨ ਅਤੇ ਸਿਨੇਮਾ ਵਿੱਚ ਜਾਨ ਪਾਉਣ ਵਾਲੇ ਕਰਮਜੀਤ ਅਨਮੋਲ, ਬੀਨੂੰ ਢਿੱਲੋਂ, ਜਸਵਿੰਦਰ ਭੱਲਾ, ਅਨੀਤਾ ਦੇਵਗਨ, ਨਿਰਮਲ ਰਿਸ਼ੀ ਆਦਿ ਵਰਗੇ ਕਲਾਕਾਰ ਸ਼ਾਮਿਲ ਹਨ। ਕਰੋਨਾ ਕਾਲ ਤੋਂ ਬਾਅਦ ਇੰਟਰਨੈੱਟ ਜ਼ਰੀਏ ਆ ਰਹੀਆਂ ਵੈੱਬ ਸੀਰੀਜ਼ ਨੇ ਪੂਰੇ ਫ਼ਿਲਮ ਜਗਤ ਵਿੱਚ ਵੱਡਾ ਬਦਲਾਅ ਲਿਆਂਦਾ ਹੈ। ਸਿਨੇਮਾ ਘਰਾਂ ਵਿੱਚ ਚੰਗੀਆਂ ਫ਼ਿਲਮਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਜਦੋਂ ਘੱਟ ਬਜ਼ਟ ਦੀਆਂ ਫ਼ਿਲਮਾਂ ਵਧੀਆ ਕੰਮ ਕਰਦੀਆਂ ਹਨ ਤਾਂ ਇਸ ਤੋਂ ਪਤਾ ਚਲਦਾ ਹੈ ਕਿ ਫ਼ਿਲਮਾਂ ਦੇ ਖੇਤਰ ਵਿੱਚ ਮਿਹਨਤ ਹੋ ਰਹੀ ਹੈ ਪਰ ਕਿਸੇ ਵੀ ਫ਼ਿਲਮ ਨੂੰ ਸਫ਼ਲ ਬਣਾਉਣ ਲਈ ਉਸਦੀ ਕਹਾਣੀ, ਸੰਗੀਤ ਅਤੇ ਉੱਚ ਦਰਜੇ ਦਾ ਅਭਿਨੈ ਹੋਣਾ ਲਾਜ਼ਮੀ ਹੈ।

ਹੁਣ ਪੰਜਾਬੀ ਸਿਨੇਮਾ ਵਿੱਚ ਜਾਨ ਪਾਉਣ ਲਈ ਬਿਲਕੁੱਲ ਨਵੇਂ ਵਿਸ਼ੇ 'ਤੇ ਆਧਾਰਿਤ ਫ਼ਿਲਮ "ਕਲੀ ਜੋਟਾ" ਜੋ 3 ਫਰਵਰੀ 2023 ਨੂੰ ਸਿਨੇਮਾ ਵਿੱਚ ਰਿਲੀਜ਼ ਹੋਈ ਹੈ। ਇਹ ਇੱਕ ਸੱਚ ਵਰਗੀ ਪਿਆਰ ਦੀ ਕਹਾਣੀ ਹੈ। ਇਹ ਪੂਰੀ ਫ਼ਿਲਮ ਰਾਬੀਆ (ਨੀਰੂ ਬਾਜਵਾ) ਅਤੇ ਦੀਦਾਰ (ਸਤਿੰਦਰ ਸਰਤਾਜ) ਦੇ ਦੁਆਲੇ ਘੁੰਮਦੀ ਹੈ। "ਰੁਤਬਾ" ਗੀਤ ਦੇ ਨਾਲ ਹੀ ਦਰਸ਼ਕਾਂ ਦਾ ਮਨ ਫ਼ਿਲਮ ਦੇਖਣ ਲਈ ਟਿਕ ਜਾਂਦਾ ਹੈ। ਇਹ ਗੀਤ ਪਹਿਲਾਂ ਹੀ ਸੋਸ਼ਲ ਮੀਡੀਆ 'ਤੇ ਆਪਣੀ ਧਾਕ ਜਮਾ ਚੁੱਕਿਆ ਹੈ। ਰਾਬੀਆ ਇੱਕ ਮੱਧਮ ਵਰਗੀ ਪਰਿਵਾਰ ਦੀ ਇੱਕ ਅੱਲੜ੍ਹ ਉਮਰ ਦੀ ਕੁੜੀ ਹੈ ਜੋ ਆਪਣੀ ਜ਼ਿੰਦਗੀ ਆਜ਼ਾਦ ਹੋ ਕੇ ਜਿਉਣਾ ਚਾਹੁੰਦੀ ਹੈ। ਰਾਬੀਆ ਦਾ ਹੱਸਮੁੱਖ ਚਿਹਰਾ ਉਸਨੂੰ ਸਮਾਜ ਵਿੱਚ ਜੀਣ ਲਈ ਮੁਸ਼ਕਿਲਾਂ ਪੈਦਾ ਕਰਦਾ ਹੈ। ਉਹ ਦੀਦਾਰ ਨੂੰ ਪਸੰਦ ਕਰਦੀ ਹੈ ਪਰ ਅਕਸਰ ਇਹ ਹੁੰਦਾ ਹੈ ਕਿ ਦੋ ਪਿਆਰ ਕਰਨ ਵਾਲੀਆਂ ਰੂਹਾਂ ਆਪਣੇ ਦਿਲ ਦੀ ਗੱਲ ਇੱਕ ਦੂਸਰੇ ਤੱਕ ਪਹੁੰਚਾਉਣ ਵਿੱਚ ਨਾ ਕਾਮਯਾਬ ਹੋ ਜਾਂਦੀਆਂ ਹਨ। ਸ਼ਰਮ ਅਤੇ ਸਮਾਜ ਦਾ ਡਰ ਰਿਸ਼ਤਿਆਂ ਨੂੰ ਨਿਭਾਉਣ ਵਿੱਚ ਅੜਿੱਕਾ ਪੈਦਾ ਕਰਦਾ ਹੈ ਜਦਕਿ ਇਨਸਾਨ ਦੀ ਰੂਹ ਆਪਣੇ ਸੱਚੇ ਪਿਆਰ ਨੂੰ ਪਾਉਣ ਲਈ ਹਮੇਸ਼ਾ ਤੜਫਦੀ ਰਹਿੰਦੀ ਹੈ। ਰਾਬੀਆ ਆਪਣੀ ਕਾਲਜ਼ ਦੀ ਦੋਸਤ ਨਾਲ ਆਪਣੇ ਦਿਲ ਦੀ ਹਰੇਕ ਗੱਲ ਸਾਂਝੀ ਕਰਦੀ ਹੈ। ਕਾਲਜ਼ ਦੇ ਆਖ਼ਰੀ ਦਿਨ ਰਾਬੀਆ ਅਤੇ ਦੀਦਾਰ ਦਾ ਇੱਕ ਦੂਸਰੇ ਨਾਲ ਦਿਲ ਦੀ ਗੱਲ ਸਾਂਝੀ ਨਾ ਕਰ ਪਾਉਣਾ ਫ਼ਿਲਮ ਦੀ ਕਹਾਣੀ ਨੂੰ ਦਿਲਚਸਪ ਬਣਾਉਂਦਾ ਹੈ। ਇੱਕ ਦੂਸਰੇ ਤੋਂ ਅਲੱਗ ਹੋ ਕੇ ਉਹ ਦੋਵੇਂ ਟੀਚਰ ਬਣ ਜਾਂਦੇ ਹਨ ਪਰ ਕਿਸਮਤ ਫਿਰ ਉਹਨਾਂ ਨੂੰ ਇੱਕੋ ਸਕੂਲ ਵਿੱਚ ਇਕੱਠੇ ਕਰ ਦਿੰਦੀ ਹੈ। ਉਸਤੋਂ ਬਾਅਦ ਜੋ ਹੁੰਦਾ ਹੈ ਉਹ ਦਰਸ਼ਕਾਂ ਨੂੰ ਸਾਹ ਰੋਕ ਕੇ ਬਿਨਾਂ ਕਿਸੇ ਸ਼ੋਰ ਸ਼ਰਾਬੇ ਤੋਂ ਫ਼ਿਲਮ ਦੇਖਣ ਲਈ ਮਜ਼ਬੂਰ ਕਰਦਾ ਹੈ।

ਸਮਾਜ ਦੇ ਹਰ ਖੇਤਰ ਵਿੱਚ ਖਾਸ ਕਰਕੇ ਕੁੜੀਆਂ ਨੂੰ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ ਫਿਰ ਉਹ ਚਾਹੇ ਕੋਈ ਨੌਕਰੀ ਹੋਵੇ ਜਾਂ ਸਮਾਜਿਕ ਰਿਸ਼ਤਿਆਂ ਨੂੰ ਨਿਭਾਉਣ ਦੀ ਗੱਲ। ਸਮਾਜ ਵਿੱਚ ਹੋ ਰਹੀਆਂ ਵਧੀਕੀਆਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਸਹੀ ਇਨਸਾਨ ਨੂੰ ਗ਼ਲਤ ਸਾਬਤ ਕਰਨ ਵਿੱਚ ਜੁਟੇ ਲੋਕ ਸਮਾਜ ਲਈ ਖ਼ਤਰਨਾਕ ਸਿੱਧ ਹੁੰਦੇ ਹਨ। ਸਮਾਜ ਦੀ ਬਾਜ਼ ਵਾਲੀ ਅੱਖ ਹਮੇਸ਼ਾ ਔਰਤ 'ਤੇ ਬਣੀ ਰਹਿੰਦੀ ਹੈ। ਇੱਕ ਮਜ਼ਬੂਰ ਕੁੜੀ ਦੀਆਂ ਮਜ਼ਬੂਰੀਆਂ ਦਾ ਫਾਇਦਾ ਉਸਦੇ ਆਸੇ-ਪਾਸੇ ਦੇ ਉਹ ਲੋਕ ਖ਼ੂਬ ਉਠਾਉਂਦੇ ਹਨ, ਜਿੰਨ੍ਹਾਂ ਵਿੱਚ ਉਹ ਹਰ ਰੋਜ਼ ਵਿਚਰਦੀ ਹੈ। ਇਹਨਾਂ ਵਿਚੋਂ ਉਹ ਕੁਝ ਗੱਲਾਂ ਆਪਣੇ ਅੰਦਰ ਸਮੋ ਲੈਂਦੀ ਹੈ ਜੋ ਉਸਨੂੰ ਕਿਤੇ ਨਾ ਕਿਤੇ ਡਿਪਰੈਸ਼ਨ ਵੱਲ ਲੈ ਜਾਂਦੀਆਂ ਹਨ। ਰਿਸ਼ਤਿਆਂ ਵਿੱਚ ਆ ਰਹੇ ਨਿਘਾਰ ਅਤੇ




ਮਜ਼ਬੂਤ ਰਿਸ਼ਤਿਆਂ ਦੀ ਘਾਟ ਕਾਰਨ ਅਸੀਂ ਜ਼ਿੰਦਗੀ ਦੇ ਅਸਲ ਮਨੋਰਥ ਨੂੰ ਭੁੱਲ ਗਏ ਹਾਂ ਕਿ ਇਨਸਾਨ ਨੂੰ ਇੱਕ ਦੂਸਰੇ ਲਈ ਵੀ ਜਿਉਣਾ ਚਾਹੀਦਾ ਹੈ। ਫੇਰ ਹੀ ਇਹ ਜ਼ਿੰਦਗੀ ਆਸਾਨੀ ਅਤੇ ਸਕੂਨ ਨਾ ਬਤੀਤ ਹੋ ਸਕਦੀ ਹੈ। ਇਸ ਫ਼ਿਲਮ ਵਿੱਚ ਇਹ ਬਾਖ਼ੂਬੀ ਦਿਖਾਇਆ ਗਿਆ ਹੈ।

ਇਹ ਫ਼ਿਲਮ ਸਤਿੰਦਰ ਸਰਤਾਜ ਦੇ ਮਿੱਠੇ ਬੋਲਾਂ ਵਿੱਚ ਗਾਏ ਗੀਤਾਂ ਨਾਲ ਨਿਰੰਤਰ ਅੱਗੇ ਵਧਦੀ ਜਾਂਦੀ ਹੈ। ਪੂਰੀ ਫ਼ਿਲਮ ਵਿੱਚ ਤਮਾਮ ਕਲਾਕਾਰਾਂ ਵੱਲੋਂ ਆਪਣੀ ਐਕਟਿੰਗ ਨਾਲ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਿਆ ਗਿਆ ਹੈ। ਫ਼ਿਲਮ ਦੇ ਡਾਇਰੈਕਟਰ ਵਿਜੇ ਕੁਮਾਰ ਅਰੋੜਾ ਵੱਲੋਂ ਫ਼ਿਲਮਾਏ ਗਏ ਸੀਨ ਕਿਤੇ ਵੀ ਜਾਅਲੀ ਪ੍ਰਤੀਤ ਨਹੀਂ ਹੁੰਦੇ। ਫ਼ਿਲਮ ਵਿੱਚ ਅੰਮ੍ਰਿਤਾ ਪ੍ਰੀਤਮ ਦੀ ਬਾਇਓਗ੍ਰਾਫੀ "ਰਸੀਦੀ ਟਿਕਟ" ਦਾ ਇੱਕ ਸੀਨ ਇਹ ਦੱਸਦਾ ਹੈ ਕਿ ਫ਼ਿਲਮ ਦੀ ਲੇਖਿਕਾ ਹਰਿੰਦਰ ਕੌਰ ਨੇ ਇਸ ਸੰਜੀਦਾ ਵਿਸ਼ੇ ਨੂੰ ਕਿਸ ਬਰੀਕੀ ਨਾਲ ਦਰਸ਼ਕਾਂ ਦੇ ਸਨਮੁਖ ਲਿਆਂਦਾ ਹੋਵੇਗਾ। ਔਰਤ ਦੀਆਂ ਸਧਰਾਂ ਨੂੰ ਰੋਲਦਾ ਹੋਇਆ ਸਮਾਜ ਕਿਵੇਂ ਉਸਨੂੰ ਮਾਨਸਿਕ ਪੀੜਾ ਦਿੰਦਾ ਹੈ ਅਤੇ ਕਿਵੇਂ ਇੱਕ ਪੜ੍ਹੀ ਲਿਖੀ ਕੁੜੀ ਪਾਗ਼ਲ ਹੋ ਜਾਂਦੀ ਹੈ, ਇਹ ਫ਼ਿਲਮ ਦਾ ਮੁੱਖ ਪਹਿਲੂ ਹੈ। ਇਨਸਾਨ ਦੀ ਜ਼ਿੰਦਗੀ ਵਿੱਚ ਸੱਚੇ ਦੋਸਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ ਜੋ ਉਦੋਂ ਵੀ ਤੁਹਾਡੇ ਨਾਲ ਖੜ੍ਹੇ ਹੋਣ ਜਦੋਂ ਉਹਨਾਂ ਨੂੰ ਤੁਹਾਡੇ ਤੱਕ ਕੋਈ ਮਤਲਬ ਨਾ ਹੋਵੇ। ਰਾਬੀਆ ਦੀ ਦੋਸਤ ਉਸ ਨੂੰ ਛੱਡ ਕੇ ਵਿਦੇਸ਼ ਚਲੀ ਜਾਂਦੀ ਹੈ ਪਰ ਉਸਤੋਂ ਬਾਅਦ ਜੋ ਰਾਬੀਆ ਨਾਲ ਬੀਤਦਾ ਹੈ, ਉਹ ਕਿਸੇ ਸਦਮੇ ਤੋਂ ਘੱਟ ਨਹੀਂ। ਸੀਮਿਤ ਸਮੇਂ ਵਿੱਚ ਫ਼ਿਲਮ ਦੀ ਕਹਾਣੀ ਦਰਸ਼ਕਾਂ ਦੇ ਦਿਲਾਂ ਉੱਤੇ ਅਸਰ ਦਿਖਾਉਂਦੀ ਹੈ।

ਸਤਿੰਦਰ ਸਰਤਾਜ ਅਤੇ ਨੀਰੂ ਬਾਜਵਾ ਨੇ ਬੇਮਿਸਾਲ ਅਦਾਕਾਰੀ ਪੇਸ਼ ਕੀਤੀ ਹੈ। ਘੱਟ ਬਜ਼ਟ ਦੀ ਹੁੰਦੇ ਹੋਏ ਵੀ ਕਿਤੇ ਕਿਤੇ ਇਹ ਫ਼ਿਲਮ ਬਾਲੀਵੁੱਡ ਦੀ ਫ਼ਿਲਮ ਦਾ ਭੁਲੇਖਾ ਪਾਉਂਦੀ ਹੈ। ਫ਼ਿਲਮ ਵਿੱਚ ਸਹਾਇਕ ਕਲਾਕਾਰ ਪ੍ਰਿੰਸ ਕਮਲਜੀਤ ਸਿੰਘ ਦਾ ਦੀਦਾਰ ਦੇ ਦੋਸਤ, ਰੁਪਿੰਦਰ ਰੂਪੀ ਦਾ ਰਾਬੀਆ ਦੀ ਮਾਂ, ਰਾਬੀਆ ਦੇ ਭਰਾ, ਰਾਬੀਆ ਦੇ ਸਕੂਲ ਦੇ ਪ੍ਰਿੰਸੀਪਲ(ਨੈਗੇਟਿਵ ਰੋਲ), ਹਿੰਦੀ ਵਾਲੀ ਸ਼ੱਕੀ ਸੁਭਾਅ ਦੀ ਊਸ਼ਾ ਮੈਡਮ ਅਤੇ ਨੌਕਰੀ ਤੋਂ ਮਜ਼ਬੂਰ ਸਕੂਲ ਦੇ ਚੌਕੀਦਾਰ ਦਾ ਰੋਲ ਕਾਬਲੇ ਤਾਰੀਫ਼ ਹੈ। ਖਾਸ ਗੱਲ ਇਹ ਹੈ ਕਿ ਫ਼ਿਲਮ ਦੀ ਮੁੱਖ ਪਾਤਰ ਅਨੰਤ (ਵਾਮਿਕਾ ਗਾਬੀ) ਜੋ ਇੱਕ ਵਕੀਲ ਦੇ ਰੋਲ ਵਿੱਚ ਪਰਦੇ ਤੇ ਸਾਹਮਣੇ ਆਉਂਦੀ ਹੈ ਅਤੇ ਉਹ ਹੀ ਇਸ ਫ਼ਿਲਮ ਦੀਆਂ ਕੜੀਆਂ ਨੂੰ ਜੋੜਣ ਦਾ ਕੰਮ ਕਰਦੀ ਹੈ ਜੋ ਅੰਤ ਵਿੱਚ ਰਾਬੀਆ ਨੂੰ ਸਮਾਜ ਵਿੱਚ ਹੋਏ ਉਸਦੇ ਮਾਨਸਿਕ ਸ਼ੋਸ਼ਣ ਦਾ ਇਨਸਾਫ਼ ਦਿਵਾਉਣ ਵਿੱਚ ਕਾਮਯਾਬ ਰਹਿੰਦੀ ਹੈ। ਅਨੰਤ ਕਿਸੇ ਸਮੇਂ ਰਾਬੀਆ ਦੀ ਹਰਮਨਪਿਆਰੀ ਵਿਦਿਆਰਥਣ ਰਹੀ ਸੀ ਜੋ ਬਹੁਤ ਲੜਾਕੇ ਸੁਭਾਅ ਦੀ ਹੈ ਪਰ ਵਕਾਲਤ ਦੌਰਾਨ ਅਚਾਨਕ ਆਪਣੀ ਪਸੰਦੀਦਾ ਅਧਿਆਪਕਾ ਰਾਬੀਆ ਨੂੰ ਮਿਲਣ ਦੀ ਉਸਦੀ ਤਾਂਘ ਨਾਲ ਫ਼ਿਲਮ ਦੀ ਕਹਾਣੀ ਅੱਗੇ ਵਧਦੀ ਹੈ। ਉਹ ਰਾਬੀਆ ਦੀ ਸਕੈੱਚ ਬੁੱਕ ਤੋਂ ਉਸਦਾ ਪਿੱਛਾ ਕਰਦੀ ਹੋਈ ਕਿਵੇਂ ਪਾਗਲਖ਼ਾਨੇ ਤੱਕ ਪਹੁੰਚ ਜਾਂਦੀ ਹੈ, ਕਿਵੇਂ ਰਾਬੀਆ ਦੀ ਦੋਸਤ ਲੰਡਨ ਤੋਂ ਵਾਪਸ ਆ ਕੇ ਉਸ ਨੂੰ ਮਿਲਦੀ ਹੈ, ਇਹ ਦੇਖਣ ਵਾਲੀ ਦਿਲਚਸਪ ਕਹਾਣੀ ਹੈ। ਸਰਕਾਰੀ ਸਕੂਲ ਅਤੇ ਅਧਿਆਪਕਾਂ ਦੀ ਨੋਕਝੋਂਕ ਅਸਲ ਵਰਗੀ ਜਾਪਦੀ ਹੈ। ਸਰਕਾਰੀ ਸਕੂਲ ਦੇ ਦ੍ਰਿਸ਼ ਮਨ ਨੂੰ ਸਕੂਨ ਦੇਣ ਵਾਲੇ ਹਨ। ਆਖ਼ਰ ਵਿੱਚ ਅਦਾਲਤ ਦਾ ਇੱਕ ਸੀਨ ਆਉਂਦਾ ਹੈ, ਜਿੱਥੇ ਦੀਦਾਰ ਸਾਡੇ ਮੌਜੂਦਾ ਕਾਨੂੰਨ ਦੀਆਂ ਊਣਤਾਈਆਂ ਨੂੰ ਉਜਾਗਰ ਕਰਦਾ ਹੈ ਕਿ ਕਿਵੇਂ ਕਿਸੇ ਦਾ ਮਾਨਸਿਕ ਸ਼ੋਸ਼ਣ ਕਰਨ ਵਾਲੇ ਦੋਸ਼ੀਆਂ ਨੂੰ ਕਾਨੂੰਨ ਵਿੱਚ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ ਜਾਂ ਨਾ ਮਾਤਰ ਸਜ਼ਾ ਦਿੱਤੀ ਜਾਂਦੀ ਹੈ ਜਦਕਿ ਇਹ ਕਿਸੇ ਕਤਲ ਤੋਂ ਘੱਟ ਨਹੀਂ।

ਦੀਦਾਰ ਅਤੇ ਰਾਬੀਆ ਨੂੰ ਕਲੀ ਤੋਂ ਜੋਟਾ ਹੋਣ ਵਿੱਚ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਹ ਗੱਲ ਦੇਖਣ ਵਾਲੀ ਹੈ। ਇਹ ਫ਼ਿਲਮ ਇੱਕ ਚੰਗਾ ਸੁਨੇਹਾ ਦਿੰਦੀ ਹੋਈ ਅਤੇ ਦਰਸ਼ਕਾਂ ਦੇ ਮਨਾਂ ਵਿੱਚ ਕਿਸੇ ਆਪਣੇ ਪਿਆਰੇ ਨੂੰ ਵਾਪਸ ਮਿਲਣ ਦੀ ਤਾਂਘ ਪੈਦਾ ਕਰਦੀ ਹੋਈ ਇੱਕ ਡੂੰਘੀ ਚੁੱਪ ਨਾਲ ਸਮਾਪਤ ਹੋ ਜਾਂਦੀ ਹੈ।

# ਜਦੋਂ ਭੂਆ ਨੇਂ, ਹਥੌਲੇ ਆਲੇ ਬਾਬੇ 'ਅੰਤਰਜਾਮੀ' ਦਾ 'ਹੱਥ ਹੌਲ਼ਾ' ਕੀਤਾ !



ਸਾਡੇ ਲਾਗੇ ਪਿੰਡ ਇੱਕ ਬਾਬਾ ਸੀ, ਪੂਰੀ ਚੜ੍ਹਾਈ ਸੀ ਉਸਦੀ। ਅਖੇ, ਕੋਈ ਚੀਜ਼ ਗਵਾਚ ਗਈ ਹੋਵੇ, ਹੱਥ ਆਲੇ ਅੰਗੂਠੇ ਵਿੱਚ ਚੋਰ ਦੀ ਫੋਟੋ ਦਿਖਾ ਦਿੰਦਾ ਹੈ। ਵੱਡੀ ਤੋਂ ਵੱਡੀ ਬੀਮਾਰੀ ਬਾਬੇ ਦੀ ਦਿੱਤੀ, ਪੁੜੀ ਫੂਕਣ ਨਾਲ ਦੂਰ ਹੋ ਜਾਂਦੀ ਏ। ਕਿਸੇ ਦਾ ਮਾੜਾ ਕਰਾਉਣਾ ਹੋਵੇ, ਬਾਬੇ ਕੋਲ ਉਸਦੇ ਰੱਖੇ ਪੈਰਾਂ ਥੱਲੇ ਦੀ ਮਿੱਟੀ ਲੈ ਜਾਓ। ਘਰ ਦਾ ਲੜਾਈ-ਝਗੜਾ, ਔਲਾਦ ਨਾ ਹੋਣਾ, ਖਾਸਕਰ ਮੁੰਡਾ ਨਾ ਹੋਣਾ, ਨੌਕਰੀ, ਵਿਆਹ, ਤਲਾਕ, ਬੰਦਾ, ਜਨਾਨੀ ਵੱਸ ਵਿੱਚ ਕਰਨਾ, ਬਾਬੇ ਕੋਲ ਹਰੇਕ ਸਮੱਸਿਆ ਦਾ ਹੱਲ ਸੀ। ਉਸ ਨੂੰ ਸਾਰੇ ਬਾਬਾ 'ਅੰਤਰਜਾਮੀ' ਕਹਿੰਦੇ ਸਨ।

ਸਾਡੇ ਪਿੰਡ ਵਾਲੀ ਭੂਆ ਤੁਲਸੀ ਵਿਆਹੀ ਹੋਈ ਸੀ। ਫੁੱਫੜ ਗਿਰਧਾਰੀ ਬਚਪਨ ਤੋਂ ਹੀ ਕਿੱਸੇ ਸੁਣਾਉਣ ਦਾ ਸ਼ੌਕੀਨ ਸੀ। ਉਹ ਡੱਕਾ ਨਹੀਂ ਸੀ ਤੋੜਦਾ। ਭੂਆ ਤੁਲਸੀ ਬੱਚੇ ਪਾਲਣ ਲਈ ਸਾਡੇ ਪਿੰਡ ਹੀ ਆ ਗਈ ਸੀ। ਵੱਡਾ ਪਰਿਵਾਰ, ਸੀਮਤ ਆਮਦਨ, ਸਮੱਸਿਆਵਾਂ ਤਾਂ ਨਿੱਤ ਹੀ ਆਉਣੀਆਂ ਸਨ। ਭੂਆ ਨੇ ਸੋਚਿਆ, ਬਾਬੇ ਕੋਲ ਚੱਲੀਏ, ਉਹ ਕਰੂ ਕੋਈ ਹੱਲ। ਸਾਡੇ ਬਾਗੜੀ ਸਮਾਜ ਵਿੱਚ ਪੁਰਾਣੀਆਂ ਬੁੱਢੀਆਂ ਘੱਗਰਾ-ਕੁੜਤੀ ਪਾਉਂਦੀਆਂ ਹਨ ਤੇ ਸਿਰ ਉੱਤੇ ਇੱਕ ਵਿਸ਼ੇਸ਼ ਗਹਿਣਾ, 'ਬੋਰਲਾ' ਵੀ ਬੰਨ੍ਹਦੀਆਂ ਹਨ ਪਰ 'ਬੋਰਲਾ' ਸਿਰਫ ਸੁਹਾਗਣ ਔਰਤਾਂ ਹੀ ਬੰਨ੍ਹਦੀਆਂ ਹਨ। ਭੂਆ ਨੇ ਉਸ ਦਿਨ ਕੇਸੀ ਇਸ਼ਨਾਨ ਕੀਤਾ ਤੇ ਕਾਹਲੀ 'ਚ ਬਿਨਾਂ ਬੋਰਲਾ ਬੰਨ੍ਹੇ, ਬਾਬੇ ਦੇ 21 ਕਿਲੋ ਦਾਣੇ, 21 ਰੁਪਈਆ ਤੇ ਹੋਰ ਨਿੱਕ-ਸੁੱਕ ਨਾਲ ਲਿਆ, ਜੋ ਬਾਬੇ ਦੀਆਂ ਖਾਸਮਖਾਸ ਪਿੰਡ ਦੀਆਂ ਲੋਕਲ ਚੇਲੀਆਂ ਨੇ ਦੱਸਿਆ ਸੀ ਤੇ ਲੈ ਕੇ ਬਾਬੇ ਦੇ ਡੇਰੇ ਨੂੰ ਚੱਲ ਪਈ।

ਬਾਬੇ ਦਾ ਦਰਬਾਰ ਲੱਗਾ ਹੋਇਆ ਸੀ। ਕਾਫੀ ਭੀੜ ਸੀ, ਜਿਸ 'ਚ ਜ਼ਿਆਦਾਤਰ ਔਰਤਾਂ ਹੀ ਸਨ। ਬਾਬਾ ਧੂਣੀ ਤੋਂ ਉੱਠਦੇ ਧੂੰਏਂ ਵਿੱਚ ਸਿਰ ਹਿਲਾ-ਹਿਲਾ ਕੇ ਪੌਣ ਆਉਣ ਦਾ ਭੁਲੇਖਾ ਪਾ ਰਿਹਾ ਸੀ। ਬਾਬੇ ਦੇ ਕੁਝ ਕੁ ਖਾਸਮਖਾਸ ਆਪਣੇ ਹੀ ਬੰਦੇ ਵੱਡੇ-ਵੱਡੇ ਨੋਟਾਂ ਦਾ ਚੜ੍ਹਾਵਾ ਚੜ੍ਹਾਉਂਦੇ, ਹੋਰ ਲੋਕਾਂ ਨੂੰ, ਬਾਬੇ ਵੱਲੋਂ ਕੀਤੇ ਉਨ੍ਹਾਂ ਦੇ ਭਲੇ ਦਾ ਗੁਣਗਾਨ ਕਰਦੇ, ਆਪਣੀ ਛਿੱਲ ਪਟਾਉਣ ਲਈ ਉਕਸਾਉਂਦੇ, ਵਾਰ-ਵਾਰ ਮੂਰਤੀਆਂ ਦੀ ਥਾਂ ਬਾਬੇ ਦੇ ਪੈਰਾਂ ਵਿੱਚ ਮੱਥਾ ਟੇਕ ਰਹੇ ਸੀ। ਬਾਬੇ ਨੂੰ ਦੇਖਕੇ ਸਾਹਮਣੇ ਬੈਠੀ ਇੱਕ ਖਾਸ 'ਭਗਤਣੀ' ਵੀ ਵਾਲ ਖੋਲ੍ਹਕੇ, ਸਿਰ ਹਿਲਾਉਣ ਲੱਗ ਪਈ, ਜਿਸ ਨੂੰ ਦੋ ਕੁ ਕੋਲ ਬੈਠੀਆਂ ਭਗਤਣੀਆਂ ਫੜ ਕੇ ਸ਼ਾਂਤ ਕਰਨ ਦਾ ਦਿਖਾਵਾ ਕਰਦੀਆਂ, ਹੋਰ ਲੱਛਣ ਕਰਨ ਲਈ ਪ੍ਰੇਰਿਤ ਕਰ ਰਹੀਆਂ ਸਨ। ਦੁੱਖਾਂ-ਤਕਲੀਫਾਂ ਤੋਂ ਪ੍ਰੇਸ਼ਾਨ ਲੋਕਾਂ ਨੂੰ ਅੰਧ ਵਿਸ਼ਵਾਸ ਦੇ ਜਾਲ 'ਚ ਫਸਾ ਕੇ, ਸ਼ਰੇਆਮ ਅੰਨ੍ਹੀ ਲੁੱਟ ਮਚਾਈ ਜਾ ਰਹੀ ਸੀ। ਲੋਕ ਵਾਰੀ-ਵਾਰੀ ਆ ਕੇ ਆਪਣੀ ਸਮੱਸਿਆ ਦਾ ਹੱਲ ਪੁੱਛ ਰਹੇ ਸਨ, ਭੂਆ ਦੀ ਵੀ ਵਾਰੀ ਆ ਗਈ। ਭੂਆ ਖੜ੍ਹੀ ਹੋ ਕੇ ਹੱਥ ਜੋੜ ਕੇ ਬੋਲੀ, "ਘਰੇ ਬਹੁਤ ਪ੍ਰੇਸ਼ਾਨੀ ਏ, ਬਾਬਾ ਜੀ।"

ਬਾਬੇ 'ਅੰਤਰਜਾਮੀ' ਨੇ ਭੂਆ ਵੱਲ ਝਾਕਿਆ। ਉਸਨੇ ਦੇਖਿਆ ਕਿ ਮੱਥੇ 'ਤੇ ਬੋਰਲਾ ਤਾਂ ਹੈ ਨਹੀਂ, ਸੋ ਇਹ ਬੁੱਢੀ ਵਿਧਵਾ ਹੀ ਹੋਣੀ ਏਂ।

ਬਾਬਾ ਲੋਰ ਵਿੱਚ ਬੋਲਿਆ, "ਬੱਸ ਚੁੱਪ ਕਰ ਜਾ ਬੀਬੀ, ਬਾਬੇ ਜਾਣੀ ਜਾਣ ਨੇਂ, ਤੂੰ ਬਾਬੇਆਂ ਨੂੰ ਕੀ ਦੱਸਦੀ ਏਂ, ਮੈਂ ਦੱਸਦਾ ਆਂ ਤੇਰੇ ਘਰੇ ਪ੍ਰੇਸ਼ਾਨੀ ਕੀ ਏ। ਤੇਰੇ ਘਰੇ ਪੈਸਾ ਆਉਂਦਾ ਤਾਂ ਏ ਪਰ ਰੁਕਦਾ ਨਹੀਂ। ਘਰ ਵਿੱਚ ਨਿੱਤ ਈ ਚੂੰ-ਚੜ੍ਹਾਟਾ ਰਹਿੰਦਾ ਏ। ਤੂੰ ਤਾਂ ਸਾਰਿਆਂ ਦਾ ਕਰਦੀ ਏਂ, ਤੇਰਾ ਕੋਈ ਨ੍ਹੀਂ ਕਰਦਾ। ਤੇਰੇ ਪੜੋਸੀ, ਰਿਸ਼ਤੇਦਾਰ ਤੇਰੀਆਂ ਚੁਗਲੀਆਂ ਕਰਦੇ ਨੇ। ਕੀ-ਕੀ ਦੱਸਾਂ, ਮੈਨੂੰ ਸਭ ਦਿਖਾਈ ਦੇ ਰਿਹਾ ਏ। ਘਰੇ ਪਸ਼ੂਆਂ ਦੀ ਡਾਰ ਪਰ ਦੁੱਧ ਨ੍ਹੀਂ ਹੁੰਦਾ, ਸੌਦਾ-ਪੱਤਾ, ਕਣਕ-ਆਟਾ ਪਤਾ ਨ੍ਹੀਂ ਕਦੋਂ ਮੁੱਕ ਜਾਂਦਾ ਏ, ਦਵਾਈਆਂ ਦੇ ਪੱਤੇ ਨਿਤ ਤੇਰੇ ਘਰੇ ਆਉਂਦੇ ਨੇਂ..."

ਆਖਦੇ-ਆਖਦੇ ਬਾਬੇ ਨੇ ਸਿਗਰਟ ਦਾ ਲੰਬਾ ਕਸ਼ ਖਿੱਚਿਆ ਤਾਂ ਭੰਗ ਦੀ ਹਵਾੜ ਪੂਰੇ ਮਾਹੌਲ ਵਿੱਚ ਘੁਲ ਗਈ।

ਬਾਬੇ ਦੀਆਂ ਦੱਸੀਆਂ ਆਮ ਗੱਲਾਂ, ਭੂਆ ਨੂੰ ਬਹੁਤ ਖਾਸ ਤੇ ਪੂਰੀਆਂ ਸੱਚੀਆਂ ਜਾਪੀਆਂ, ਦਰਅਸਲ ਇਹ ਉਹ ਪ੍ਰੇਸ਼ਾਨੀਆਂ ਨੇਂ, ਜੋ ਅਜੋਕੇ ਸਮੇਂ 'ਚ, ਹਰੇਕ ਨੂੰ ਘੇਰੀ ਖੜੀਆਂ ਨੇਂ। ਭੂਆ ਬਾਬੇ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਕਹਿਣ ਲੱਗੀ, "ਬਾਬਾ ਜੀ, ਸਭ ਸੱਚ ਏ। ਤੁਸੀਂ ਤਾਂ ਅੰਤਰਜਾਮੀ ਓਂ, ਮੇਰੀਆਂ ਸਮੱਸਿਆਵਾਂ ਦਾ ਕਾਰਣ ਤੇ ਹੱਲ ਦੱਸੋ।"

ਬਾਬੇ ਦੇ ਭਗਤ-ਭਗਤਣੀਆਂ ਜੋਸ਼ ਨਾਲ ਬਾਬੇ ਦੇ ਜੈਕਾਰੇ ਛੱਡਣ ਲੱਗ ਪਏ। ਬਾਬਾ ਬਹੁਤ ਜਿਆਦਾ ਜੋਸ਼ ਵਿੱਚ ਆ ਕੇ ਇਕੋ ਸਾਹ ਬੋਲਿਆ, "ਲੈ ਸੁਣ ਫੇਰ ਬੀਬੀ, ਤੇਰੀਆਂ ਸਾਰੀਆਂ ਮੁਸੀਬਤਾਂ ਦੀ ਜੜ੍ਹ ਤਾਂ ਤੇਰਾ ਮਰਿਆ ਹੋਇਆ ਖਸਮ ਏਂ, ਤੈਨੂੰ ਰੰਡੀ ਕਰਕੇ ਵੀ ਉਹਨੇ ਤੇਰਾ ਖਹਿੜਾ ਨ੍ਹੀਂ ਛੱਡਿਆ, ਦਰਅਸਲ ਉਹਦੀ ਦੁਨੀਆ 'ਤੇ ਤਾਂਘ ਬਾਕੀ ਰਹਿ ਗਈ ਏ, ਇਸੇ ਕਰਕੇ ਉਸਦੀ ਭੁੱਖੀ ਆਤਮਾ ਭਟਕਦੀ ਫਿਰ ਰਹੀ ਏ, ਕੋਈ ਵੱਡਾ ਉਪਾਅ ਹੀ ਕਰਨਾ ਪਏਗਾ, ਮੱਸਿਆ ਆਲੀ ਰਾਤ ਆਪਣੇ ਘਰੇ ਬਾਬੇ ਦਾ ਭੰਡਾਰਾ ਰੱਖ, ਫੇਰ ਬਾਬੇ ਆਪ ਆਕੇ ਤੇਰੇ ਮਰੇ ਖਸਮ ਦਾ ਇਲਾਜ ਕਰਨਗੇ।"

ਬਾਬਾ ਦੇ ਚੁੱਪ ਕਰਨ ਤੋਂ ਪਹਿਲਾਂ ਹੀ ਭੂਆ ਨੇ ਉੱਥੇ ਪਿਆ ਚਿਮਟਾ ਚੁੱਕ ਲਿਆ ਤੇ ਨਸ਼ੇੜੀ ਬਾਬੇ ਨੂੰ ਢਾਹ ਲਿਆ। ਭੂਆ ਨਾਲੇ ਕੁੱਟੀ ਜਾਵੇ ਤੇ ਨਾਲੇ ਆਖੀ ਜਾਵੇ, "ਮਰ ਜਾਣਿਆਂ, ਉਹ ਤਾਂ ਤੇਰਾ ਪਿਓ ਗਿਰਧਾਰੀ, ਜਿਉਂਦਾ ਭੂਤ ਏ, ਅਧੀਆ ਸ਼ਰਾਬ ਦਾ ਪੀ ਕੇ, ਉੱਪਰੋਂ ਬਾਜਰੇ ਦੀਆਂ ਛੇ ਰੋਟੀਆਂ ਪਾੜਕੇ, ਘੁਰਾੜੇ ਮਾਰਦਾ ਘਰੇ ਸੁੱਤਾ ਪਿਆ ਏ। ਕੰਜਰਾ, ਮੇਰੇ ਦਾਣੇ ਤੇ ਪੈਸੇ ਮੋੜ, ਠੱਗ ਕਿਸੇ ਥਾਂ ਦਾ।"

ਕਪੜੇ ਕੱਟ ਕੇ ਚੌਂਤੀ ਕੁ ਕਿਲੋ ਦਾ ਬਾਬਾ, ਭੂਆ ਦੇ ਲਫੇੜਿਆਂ ਅੱਗੇ ਦੋ ਮਿੰਟ 'ਚ ਹੀ ਚਿਤ ਹੋ ਗਿਆ, ਬਾਬੇ ਦੇ ਚੇਲਿਆਂ ਨੇ ਮਸਾਂ-ਮਸਾਂ ਭੂਆ ਦਾ ਮਿੰਨਤ-ਤਰਲਾ ਕਰਕੇ ਬਾਬਾ ਛੁਡਾਉਣ 'ਚ ਕਾਮਯਾਬੀ ਹਾਸਲ ਕੀਤੀ ਤੇ ਅਖੀਰ ਭੂਆ ਦਾ ਚੜ੍ਹਾਵਾ ਮੋੜ ਕੇ, ਆਪਣੇ ਬਾਬੇ ਨੂੰ ਛੁਡਵਾਇਆ।

ਇਹ ਤਾਂ ਇੱਕ ਬਾਬੇ ਦੀ ਕਹਾਣੀ ਸੀ ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਦੇ ਵਿਗਿਆਨਕ ਯੁਗ ਵਿੱਚ ਵੀ ਸਾਡੇ ਜ਼ਿਆਦਾਤਰ ਲੋਕ ਅੰਧਵਿਸ਼ਵਾਸ ਵਿੱਚ ਪਏ ਹੋਏ ਨੇ। ਹਾਲਾਤ ਵੇਖੋ, ਬਾਬੇ ਵਿਗਿਆਨ ਨੂੰ ਵਰਤਦਿਆਂ ਮੋਬਾਇਲ ਅਤੇ ਆਨਲਾਈਨ ਹਥੌਲੇ ਕਰ ਰਹੇ ਹਨ। ਟੀਵੀ, ਅਖਬਾਰ ਅਤੇ ਸੋਸ਼ਲ ਮੀਡੀਆ ਰਾਹੀਂ ਆਪਣੀ ਮਸ਼ਹੂਰੀ ਕਰ ਰਹੇ ਹਨ। ਲੋਕ ਅੱਜ ਵੀ ਬਾਬਿਆਂ ਦੇ ਕਹਿਣ 'ਤੇ ਇੱਕ-ਦੂਜੇ ਦੀਆਂ ਪੈੜਾਂ ਦੀ ਮਿੱਟੀ ਚੁੱਕਦੇ ਫਿਰ ਰਹੇ ਹਨ। ਮਾਨਸਿਕ ਬੀਮਾਰ ਕੁੜੀਆਂ-ਔਰਤਾਂ ਦਾ ਸ਼ਰੇਆਮ ਸਰੀਰਕ ਸ਼ੋਸ਼ਣ ਹੋ ਰਿਹਾ ਹੈ। ਬਵਾਸੀਰ ਤੋਂ ਲੈ ਕੇ ਕੈਂਸਰ ਤੀਕ ਦੇ ਰੋਗੀਆਂ ਨੂੰ ਹਥੌਲ਼ੇ ਬਹਾਨੇ ਠੱਗਿਆ ਜਾ ਰਿਹਾ ਹੈ। ਬਾਬੇ ਫੋਨ 'ਤੇ ਹੀ ਔਨਲਾਈਨ ਪੇਮੈਂਟ ਲੈ ਕੇ ਟੂਣੇ-ਟੋਟਕੇ ਦੱਸ ਕੇ ਠੱਗੀਆਂ ਮਾਰ ਰਹੇ ਹਨ। ਇਹ ਬਾਬੇ ਲੋਕਾਂ ਨੂੰ ਡਰਾ ਕੇ, ਇੱਕ-ਦੂਜੇ ਖਿਲਾਫ ਭੜਕਾ ਕੇ ਆਪਣੇ ਘਰ ਭਰ ਰਹੇ ਹਨ। ਇੱਕ ਸਪੈਸ਼ਲ ਬਾਬੇ ਬਾਰੇ ਸੁਣਿਆ ਹੈ ਕਿ ਗਰਭਵਤੀ ਔਰਤ ਦੇ ਪੇਟ 'ਤੇ ਹੱਥ ਰੱਖਦਾ ਹੈ, ਤੇ ਮੁੰਡਾ ਹੋ ਜਾਂਦਾ ਹੈ। ਮੂਰਖ ਲੋਕ ਜਾਲ ਵਿੱਚ ਹੋਰ ਫਸ ਜਾਂਦੇ ਨੇ, ਜਦੋਂ ਚਾਰ ਵਿੱਚੋਂ ਦੋ ਔਰਤਾਂ ਨੂੰ ਮੁੰਡਾ ਹੋ ਜਾਂਦਾ ਏ ਤੇ ਉਹ ਬਾਬੇ ਦੇ ਮੁਫ਼ਤ ਪ੍ਰਚਾਰਕ ਬਣ ਜਾਂਦੇ ਨੇ। ਇਹ ਚੁਸਤ-ਚਲਾਕ ਲੋਕ ਬਾਬੇ ਬਣ ਕੇ ਲੋਕਾਂ ਨੂੰ, ਖਾਸਕਰ ਔਰਤਾਂ ਨੂੰ ਆਪਣੇ ਜਾਲ ਵਿੱਚ ਲੈ ਕੇ ਉਨ੍ਹਾਂ ਦਾ ਆਰਥਿਕ, ਸਮਾਜਿਕ ਤੇ ਸਰੀਰਕ ਸ਼ੋਸ਼ਣ ਕਰਦੇ ਹਨ।

ਮੈਂ ਹੁਣ ਤਕ ਸੈਂਕੜੇ ਟੂਣੇ ਤੋੜ ਚੁੱਕਾ ਹਾਂ। ਲੋਕਾਂ ਨੂੰ ਵੀ ਇਹਨਾਂ ਵਹਿਮਾਂ-ਭਰਮਾਂ ਤੋਂ ਕੱਢਣ ਦੀ ਅਤੇ ਅੰਧ ਵਿਸ਼ਵਾਸਾਂ ਤੋਂ ਨਾ ਡਰਨ ਬਾਰੇ ਜਾਗਰੂਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਅੱਜ ਵੀ ਇਹ ਠੱਗੀ ਵੱਡੇ ਪੱਧਰ 'ਤੇ ਜਾਰੀ ਹੈ। ਆਸ ਹੈ ਕਿ ਮੇਰੇ ਦੇਸ਼ ਦੇ ਸੂਝਵਾਨ ਲੋਕ ਜਲਦੀ ਅੰਧ ਵਿਸ਼ਵਾਸਾਂ ਤੋਂ ਮੁਕਤ ਹੋ ਜਾਣਗੇ। ਸਾਡੇ ਸਾਰੇ ਮੀਡੀਆ ਅਦਾਰਿਆਂ ਨੂੰ ਆਪਣੇ ਥੋੜੇ ਜਿਹੇ ਲਾਲਚ ਨੂੰ ਛੱਡਕੇ, ਇੰਨਾਂ ਬਾਬਿਆਂ ਦੇ ਇਸ਼ਤਿਹਾਰ ਲਾਉਣ ਤੋਂ ਸਖਤ ਗੁਰੇਜ ਕਰਨਾ ਚਾਹੀਦਾ ਹੈ। ਆਸ ਹੈ ਕਿ ਸਰਕਾਰ ਦੇ ਨੁਮਾਇੰਦੇ ਤੇ ਰਾਜਨੀਤਕ ਦਲਾਂ ਦੇ ਲੀਡਰ ਇਨ੍ਹਾਂ ਧਰਮ ਦੇ ਦੁਸ਼ਮਣ, ਧਾਰਮਿਕ ਗੁੰਡਿਆਂ ਨੂੰ ਵੋਟਬੈਂਕ ਕਾਰਨ ਮੱਥੇ ਟੇਕ ਕੇ ਵੱਡੇ ਬਾਬੇ ਬਣਾਉਣ ਦੀ ਥਾਂ, ਇਨ੍ਹਾਂ ਦੀ ਅਸਲ ਥਾਂ, ਜੇਲ੍ਹਾਂ ਵਿੱਚ ਡੱਕਣਗੇ।

ਅਸ਼ੋਕ ਸੋਨੀ
9872705078

# ਮਾਂ ਬੋਲੀ ਹੈ ਇੱਜ਼ਤ ਸਾਡੀ, ਮਾਂ ਬੋਲੀ ਹੈ ਗਹਿਣਾ

ਪ੍ਰੋ: ਪਰਮਜੀਤ ਸਿੰਘ ਨਿੱਕੇ ਘੁੰਮਣ
ਮੋ: 97816=46008।

ਆਪਣੀ ਮਾਂ ਬੋਲੀ ਪੰਜਾਬੀ ਬਾਰੇ ਕੁਝ ਵੀ ਕਹਿਣ ਤੋਂ ਪਹਿਲਾਂ ਮਾਂ ਬੋਲੀ ਨੂੰ ਸਮਰਪਿਤ ਆਪਣੀ ਕਵਿਤਾ ਦੀਆਂ ਚੰਦ ਸਤਰ੍ਹਾਂ ਪੇਸ਼ ਕਰਦਾ ਹਾਂ :

ਮਾਂ ਬੋਲੀ ਪੰਜਾਬੀ ਕਿਉਂ ਹੈ ਦਿੱਤੀ ਭਲਾ ਵਿਸਾਰ ਅਸੀਂ?
ਮਾਂ ਬੋਲੀ ਪੰਜਾਬੀ ਨੂੰ ਕਿਉਂ ਕਰਦੇ ਨਹੀਂ ਹਾਂ ਪਿਆਰ ਅਸੀਂ?
ਗੁਰੂ ਨਾਨਕ,ਅੰਗਦ,ਅਮਰਦਾਸ ਤੇ ਰਾਮਦਾਸ ਦੀ ਬਾਣੀ
ਅਰਜਨ,ਤੇਗ ਬਹਾਦਰ ਤੇ ਗੁਰੂ ਗੋਬਿੰਦ ਵੀ ਇਹ ਜਾਣੀ।
ਦਿੱਤਾ ਮਾਣ ਪੰਜਾਬੀ ਨੂੰ ਸੀ ਸ਼ੇਖ਼ ਫ਼ਰੀਦ ਨੇ ਡਾਅਢਾ
ਭੱਟਾਂ ਗਾ ਸਵੱਈਏ ਇਸ ਵਿੱਚ,ਮਾਣ ਵਧਾਇਆ ਸਾਡਾ।
ਪ੍ਰੀਤਲੜੀ, ਬਲਰਾਜ, ਗਾਰਗੀ, ਦੁੱਗਲ ਇਸ ਅਪਣਾਇਆ
ਅਮ੍ਰਿਤਾ,ਸ਼ਿਵ ਤੇ ਵਾਰਿਸ ਨੇ ਵੀ ਘੁੱਟ ਸੀਨੇ ਸੀ ਲਾਇਆ।
ਬੁੱਟਰ, ਪਾਸ਼ ਤੇ ਪਾਤਰ ਦੀ ਜਦ ਆਈ ਮਿੱਤਰੋ ਵਾਰੀ
ਮਾਂ ਬੋਲੀ ਪੰਜਾਬੀ ਦੀ ਇਹਨਾਂ ਝੋਲ੍ਹੀ ਭਰ 'ਤੀ ਸਾਰੀ।
ਵਿਰਕ,ਸੁਜਾਨ,ਟਿਵਾਣਾ,ਸੇਖੋਂ ਕੀਤੀ ਸੇਵ ਨਿਆਰੀ
ਚੰਦਨ,ਸਾਥੀ,ਅਫ਼ਜ਼ਲ ਨੇ ਵੀ ਭਰ 'ਤੀ ਫੁੱਲ ਕਿਆਰੀ।
ਯਮਲਾ,ਆਸਾ,ਜੱਗਾ,ਮਾਣਕ ਰੱਜ ਰੱਜ ਇਸਨੂੰ ਗਾਇਆ
ਬਾਵਾ,ਬੀਬਾ,ਕੌਰ ਸੁਰਿੰਦਰ ਇਸਦਾ ਰਾਹ ਰੁਸ਼ਨਾਇਆ।
ਆਈ ਸਦੀ ਇੱਕੀਵੀਂ ਜਦ,ਫਿਰ ਨ੍ਹੇਰੀ ਐਸੀ ਝੁੱਲੀ
ਨਵੀਂ ਜਵਾਨੀ 'ਗਿਟਪਿਟ' ਕਰਦੀ,ਮਾਂ ਬੋਲੀ ਨੂੰ ਭੁੱਲੀ।
ਮਾਂ-ਬੋਲੀ ਹੈ ਇੱਜ਼ਤ ਸਾਡੀ, ਮਾਂ ਬੋਲੀ ਹੈ ਗਹਿਣਾ
ਭੁੱਲ ਗਏ ਜੇਕਰ ਮਾਂ ਬੋਲੀ ਨੂੰ,ਸਾਡਾ ਕੱਖ ਨਈਂ ਰਹਿਣਾ।
ਜਿਊਂਦੀ ਕੌਮ ਹੈ ਜਗ 'ਤੇ ਓਹੀ,ਮਾਂ ਬੋਲੀ ਜੋ ਪਿਆਰੇ
ਬਣ ਜਾਏ ਭੀੜ ਜੇ ਮਾਂ ਬੋਲੀ 'ਤੇ,ਜਾਨ ਵੀ ਇਸ ਤੋਂ ਵਾਰੇ।
ਮਾਂ ਬੋਲੀ ਦਾ ਮਾਣ ਸਦਾ ਹੀ ਦਿਲ ਤੋਂ ਕਰਦੇ ਰਹੀਏ
ਰਹੀਏ ਭਾਵੇਂ ਮੁਲਕ ਬਿਗਾਨੇ,ਇਸਨੂੰ ਛੱਡ ਨਾ ਦਈਏ।

ਜਨਮ ਦੇਣ ਵਾਲੀ ਮਾਂ, ਰਿਜ਼ਕ ਦੇਣ ਵਾਲੀ ਜਨਮ ਭੂਮੀ ਅਤੇ ਦਿਲ ਦੀਆਂ ਗਹਿਰਾਈਆਂ 'ਚੋਂ ਨਿੱਕਲੇ ਜਜ਼ਬਾਤਾਂ ਨੂੰ ਜ਼ੁਬਾਨ ਦੇਣ ਵਾਲੀ ਮਾਂ ਬੋਲੀ ਦਾ ਕਰਜ਼ਾ ਅੱਜ ਤੱਕ ਨਾ ਕੋਈ ਲਾਹ ਸਕਿਆ ਹੈ ਤੇ ਨਾ ਹੀ ਲਾਹ ਸਕੇਗਾ। ਪੰਜਾਬੀ ਬੋਲੀ ,ਪੂਰੀ ਦੁਨੀਆਂ ਵਿੱਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਬੋਲੀਆਂ ਵਿੱਚੋਂ ਨੌਵੇਂ ਨੰਬਰ 'ਤੇ ਹੈ ਤੇ ਭਾਰਤ ਵਿੱਚ ਇਸਦਾ ਸਥਾਨ 11ਵਾਂ ਹੈ। ਭਾਰਤੀ ਉਪ-ਮਹਾਂਦੀਪ ਵਿੱਚ ਅਤੇ ਇੰਗਲੈਂਡ ਵਿੱਚ ਪੰਜਾਬੀ ਨੂੰ ਤੀਜਾ ਸਥਾਨ ਅਤੇ ਕਨੇਡਾ ਵਿੱਚ ਪੰਜਵਾਂ ਸਥਾਨ ਹਾਸਿਲ ਹੈ। ਖੋਜੀਆਂ ਦਾ ਕਹਿਣਾ ਹੈ ਕਿ ਪੰਜਾਬੀ ਦੀਆਂ ਜੜ੍ਹਾਂ ਪਹਿਲਾਂ ਪ੍ਰਾਕ੍ਰਿਤ ਅਤੇ ਫਿਰ ਪ੍ਰਾਕ੍ਰਿਤ ਦੇ ਹੀ ਇੱਕ ਅਪਭ੍ਰੰਸ਼ ਰੂਪ ਨਾਲ ਜਾ ਕੇ ਜੁੜਦੀਆਂ ਹਨ। ਸਤਵੀਂ ਤੋਂ ਦਸਵੀਂ ਸਦੀ ਤੱਕ ਇਹ ਪ੍ਰਾਕ੍ਰਿਤ ਭਾਸ਼ਾ ਦੇ ਅਪਭ੍ਰੰਸ਼ ਰੂਪ ਵਿੱਚ ਵਿਗਸੀ ਸੀ। ਨੌਵੀਂ ਤੋਂ ਚੌਦ੍ਹਵੀਂ ਸਦੀ ਤੱਕ ਨਾਥ-ਜੋਗੀਆਂ ਵੱਲੋਂ ਰਚੀਆਂ ਅਨੇਕਾਂ ਰਚਨਾਵਾਂ ਵਿੱਚ ਪੰਜਾਬੀ ਦੇ ਝਲਕਾਰੇ ਵੇਖਣ ਨੂੰ ਮਿਲਦੇ ਹਨ। ਕੁਝ ਵਿਦਵਾਨਾਂ ਦਾ ਮਤ ਹੈ ਕਿ ਪੰਜਾਬੀ ਦਾ ਸਰੂਪ 'ਸ਼ੌਰਸੈਨੀ ਅਪਭ੍ਰੰਸ਼' ਨਾਲ ਕਾਫੀ ਹੱਦ ਤੱਕ ਮਿਲਦਾ-ਜੁਲਦਾ ਹੈ। ਸਭ ਤੋਂ ਵਧੀਆ ਗੱਲ ਇਹ ਹੈ ਕਿ ਬਾਬਾ ਫ਼ਰੀਦ,ਬਾਬਾ ਬੁੱਲ੍ਹੇ ਸ਼ਾਹ ਅਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਨੇ ਆਪਣੇ ਮਨੋਵੇਗਾਂ ਤੇ ਮਨੋਭਾਵਾਂ ਨੂੰ ਪ੍ਰਗਟ ਕਰਨ ਲਈ ਉਸ ਵੇਲੇ ਪ੍ਰਚੱਲਿਤ ਅਤੇ ਮਾਨਤਾ ਪ੍ਰਾਪਤ ਸਰਕਾਰੀ ਭਾਸ਼ਾਵਾਂ ਦੀ ਥਾਂ ਪੰਜਾਬੀ ਦੀ ਹੀ ਚੋਣ ਕੀਤੀ ਤੇ ਇਸ ਨੂੰ ਵੱਡਾ ਤੇ ਆਦਰਯੋਗ ਸਥਾਨ ਬਖ਼ਸ਼ਿਆ ਸੀ। ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਤਾਂ ਸਮੂਹ ਗੁਰੂ ਸਾਹਿਬਾਨ ਨੇ ਪੰਜਾਬੀ ਬੋਲੀ ਨੂੰ ਮਾਂ ਬੋਲੀ ਪ੍ਰਵਾਨ ਕਰਦਿਆਂ ਹੋਇਆਂ ਸਮੁੱਚੀ ਬਾਣੀ ਇਸੇ ਬੋਲੀ ਵਿੱਚ ਰਚ ਕੇ ਇਸਦੀ ਆਨ,ਬਾਨ ਤੇ ਸ਼ਾਨ ਨੂੰ ਚਾਰ ਚੰਨ ਲਗਾ ਦਿੱਤੇ ਸਨ।

ਦਰਅਸਲ 21 ਫ਼ਰਵਰੀ ਦਾ ਦਿਨ ਹਰ ਸਾਲ ਦੁਨੀਆਂ ਭਰ ਵਿੱਚ 'ਕੌਮਾਂਤਰੀ ਮਾਂ ਬੋਲੀ ਦਿਵਸ' ਵਜੋਂ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਤੇ ਇਹ ਦਿਨ ਕੁੱਲ ਦੁਨੀਆਂ ਦੇ ਲੋਕਾਂ ਵੱਲੋਂ ਆਪਣੀ ਮਾਂ ਬੋਲੀ ਦਾ ਸਤਿਕਾਰ ਕਰਨ,ਉਸਦੀ ਰਾਖੀ ਕਰਨ ਅਤੇ ਅਲੋਪ ਹੋਣ ਵੱਲ ਵਧ ਰਹੀਆਂ ਬੋਲੀਆਂ ਨੂੰ ਬਚਾਉਣ ਪ੍ਰਤੀ ਜਾਗਰੂਕ ਹੋਣ ਦੇ ਪਵਿੱਤਰ ਕਾਜ ਨੂੰ ਸਮਰਪਿਤ ਕੀਤਾ ਜਾਂਦਾ ਹੈ। ਸੰਨ 1947 ਵਿੱਚ ਭਾਰਤ ਦੇ ਦੋ ਟੋਟੇ ਕਰਕੇ ਅੰਗਰੇਜ਼ ਹਾਕਮਾਂ ਨੇ ਭਾਰਤ ਮਾਂ ਦੇ ਸੀਨੇ 'ਤੇ ਵੰਡ ਦੀ ਲਕੀਰ ਖਿੱਚੀ ਸੀ ਤੇ ਉਦੋਂ ਜਿਹੜਾ ਮੁਲਕ 'ਪਾਕਿਸਤਾਨ' ਅਖਵਾਇਆ ਸੀ ਉਸਦੇ ਦੋ ਮੁੱਖ ਭਾਗ ਸਨ-ਪੂਰਬੀ ਪਾਕਿਸਤਾਨ ਅਤੇ ਪੱਛਮੀ ਪਾਕਿਸਤਾਨ। ਪੂਰਬੀ ਪਾਕਿਸਤਾਨ ਵਾਲੇ ਖਿੱਤੇ ਵਿੱਚ ਬਹੁਗਿਣਤੀ ਬੰਗਾਲੀ ਬੋਲੀ ਬੋਲਣ ਵਾਲਿਆਂ ਦੀ ਸੀ ਜਿਨ੍ਹਾ ਨੂੰ ਪਾਕਿਸਤਾਨੀ ਸਰਕਾਰ ਵੱਲੋਂ ਕੌਮੀ ਭਾਸ਼ਾ ਐਲਾਨੀ ਗਈ 'ਉਰਦੂ' ਭਾਸ਼ਾ ਪ੍ਰਵਾਨ ਨਹੀਂ ਸੀ। 23 ਫ਼ਰਵਰੀ,ਸੰਨ 1948 ਨੂੰ ਪੂਰਬੀ ਪਾਕਿਸਤਾਨ ਦੀ ਤਰਜ਼ਮਾਨੀ ਕਰਦਿਆਂ ਹੋਇਆਂ ਧੀਰੇਂਦਰ ਨਾਥ ਦੱਤਾ ਨੇ ਪਾਕਿਸਤਾਨੀ ਸੰਸਦ ਵਿੱਚ ਬੰਗਾਲੀ ਨੂੰ ਕੌਮੀ ਭਾਸ਼ਾ ਐਲਾਨਣ ਦਾ ਪ੍ਰਸਤਾਵ ਪੇਸ਼ ਕੀਤਾ ਸੀ। ਸੰਨ 1952 ਵਿੱਚ 21 ਫ਼ਰਵਰੀ ਦੇ ਦਿਨ ਬੰਗਾਲੀ ਭਾਸ਼ਾ ਦੇ ਹੱਕ ਵਿੱਚ ਕੱਢੀ ਗਈ ਇੱਕ ਵਿਸ਼ਾਲ ਰੈਲੀ ਨੂੰ ਕੁਚਲਣ ਲਈ ਸਰਕਾਰ ਨੇ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ ਜਿਸਦੇ ਫ਼ਲਸਰੂਪ ਬੰਗਾਲੀ ਮਾਂ ਬੋਲੀ ਲਈ ਸੰਘਰਸ਼ ਕਰਦੇ ਸਪੂਤ ਅਬਦੁਲ ਸਲਾਮ,ਅਬੁਲ ਬਰਕਤ,ਰਫ਼ੀਕੁਦੀਨ ਅਹਿਮਦ,ਅਬਦੁੱਲ ਜੱਬਾਰ ਅਤੇ ਸ਼ਰੀਫ਼ੁਰ ਰਹਿਮਾਨ ਸ਼ਹੀਦ ਹੋ ਗਏ ਸਨ ਤੇ ਸੈਂਕੜੇ ਹੋਰ ਸੂਰਮੇ ਸੀਨੇ 'ਤੇ ਜ਼ਖ਼ਮ ਖਾ ਗਏ ਸਨ। ਇਸੇ ਸੰਘਰਸ਼ ਨੇ ' ਬੰਗਲਾਦੇਸ਼' ਦੀ ਨੀਂਹ ਰੱਖ ਦਿੱਤੀ ਸੀ ਜੋ ਬਾਅਦ ਵਿੱਚ ਭਾਰਤੀ ਫ਼ੌਜ ਦੀ ਮਦਦ ਨਾਲ ਸੰਨ 1971 ਵਿੱਚ ਪਾਕਿਸਤਾਨ ਤੋਂ ਵੱਖ ਹੋ ਕੇ ਇੱਕ ਆਜ਼ਾਦ ਮੁਲਕ ਬਣ ਗਿਆ ਸੀ। ਉਨ੍ਹਾ ਸ਼ਹੀਦਾਂ



ਦੀ ਯਾਦ ਢਾਕਾ ਵਿਖੇ ' ਸ਼ਹੀਦੀ ਮੀਨਾਰ ' ਵੀ ਕਾਇਮ ਕੀਤਾ ਗਿਆ ਸੀ। 21 ਫ਼ਰਵਰੀ ਦੇ ਦਿਨ ਬੰਗਲਾਦੇਸ਼ ਵਿਖੇ ਅਤੇ ਭਾਰਤ 'ਚ ਸਥਿਤ ਪੱਛਮੀ ਬੰਗਾਲ ਵਿਖੇ ਬੰਗਾਲੀ ਭਾਸ਼ਾ ਲਈ ਜਾਨਾਂ ਵਾਰ ਦੇਣ ਵਾਲੇ ਉਕਤ ਸ਼ਹੀਦਾਂ ਨੂੰ ਸਲਾਮ ਕੀਤਾ ਜਾਂਦਾ ਹੈ ਤੇ ਮਾਂ ਬੋਲੀ ਦੀ ਪੱਤ ਰੱਖਣ ਲਈ ਕੀਤੀਆਂ ਉਨ੍ਹਾ ਦੀਆਂ ਕੁਰਬਾਨੀਆਂ ਦੀ ਯਾਦ ਵਿੱਚ ਵੱਖ ਵੱਖ ਸਾਹਿਤਕ ਤੇ ਸੱਭਿਆਚਾਰਕ ਸਮਾਗਮ ਕਰਵਾਏ ਜਾਂਦੇ ਹਨ।

ਸੰਨ 1998 ਵਿੱਚ ਕਨੇਡਾ ਵਿੱਚ ਵੱਸਦੇ ਬੰਗਲਾਦੇਸ਼ੀ ਨੌਜਵਾਨਾਂ ਰਫ਼ੀਕੁੱਲ ਇਸਲਾਮ ਅਤੇ ਅਬਦੁੱਲ ਸਲਾਮ ਨੇ ਉਸ ਵੇਲੇ ਦੇ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਕੋਫ਼ੀ ਅੰਨਾਨ ਨੂੰ ਖ਼ਤ ਲਿਖ਼ ਕੇ ' ਕੌਮਾਂਤਰੀ ਮਾਤ ਭਾਸ਼ਾ ਦਿਵਸ' ਮਨਾਉਣ ਸਬੰਧੀ ਫ਼ੈਸਲਾ ਕਰਨ ਦੀ ਅਰਜ਼ ਕੀਤੀ ਸੀ ਤਾਂ ਜੋ ਅਲੋਪ ਹੋਣ ਵੱਲ ਵਧ ਰਹੀਆਂ ਬੋਲੀਆਂ ਨੂੰ ਖ਼ਤਮ ਹੋਣ ਜਾਂ ਮਿਟ ਜਾਣ ਤੋਂ ਪਹਿਲਾਂ ਬਚਾਇਆ ਜਾ ਸਕੇ ਤੇ ਉਨ੍ਹਾ ਦੀ ਸਾਂਭ-ਸੰਭਾਲ ਲਈ ਲੋੜੀਂਦੇ ਕਦਮ ਚੁੱਕੇ ਜਾ ਸਕਣ। ਬੰਗਲਾਦੇਸ਼ ਦੀ ਸੰਸਦ ਨੇ ਉਕਤ ਉੱਦਮ ਨੂੰ ਸਮਰਥਨ ਦੇਣ ਦੇ ਮਕਸਦ ਨਾਲ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦੇ ਦਸ਼ਤਖ਼ਤਾਂ ਹੇਠ ਸੰਯੁਕਤ ਰਾਸ਼ਟਰ ਨੂੰ ਰਸਮੀ ਪ੍ਰਸਤਾਵ ਭੇਜਿਆ ਤੇ ਅਖ਼ੀਰ 17 ਨਵੰਬਰ, ਸੰਨ 1999 ਨੂੰ ਯੂਨੈਸਕੋ ਦੀ 30ਵੀਂ ਆਮ ਸਭਾ ਨੇ ਸਰਬਸੰਮਤੀ ਨਾਲ 21 ਫ਼ਰਵਰੀ ਦੇ ਦਿਨ ਨੂੰ ' ਕੌਮਾਂਤਰੀ ਮਾਂ ਬੋਲੀ ਦਿਵਸ ' ਵਜੋਂ ਮਨਾਉਣ ਦਾ ਪ੍ਰਸਤਾਵ ਪਾਸ ਕਰ ਦਿੱਤਾ ਸੀ। ਸੰਯੁਕਤ ਰਾਸ਼ਟਰ ਸੰਘ ਭਾਵ ਯੂ.ਐਨ.ਓ.ਦੀ ਆਮ ਸਭਾ ਨੇ ਸੰਨ 2002 ਵਿੱਚ ਇਸ ਪ੍ਰਸਤਾਵ ਨੂੰ ਮਾਨਤਾ ਦੇ ਦਿੱਤੀ ਸੀ ਤੇ ਸੰਨ 2007 ਵਿੱਚ ਇਸ ਨੂੰ ਲਾਗੂ ਵੀ ਕਰ ਦਿੱਤਾ ਸੀ।

ਬੜੇ ਹੀ ਦੁੱਖ ਅਤੇ ਪ੍ਰੇਸ਼ਾਨੀ ਦੀ ਗੱਲ ਹੈ ਕਿ ਦੁਨੀਆਂ ਦੀ ਕੁੱਲ ਬੋਲੀਆਂ ਦਾ 43 ਫ਼ੀਸਦੀ ਭਾਵ 6000 ਦੇ ਕਰੀਬ ਬੋਲੀਆਂ ਖ਼ਤਰੇ ਦੇ ਨਿਸ਼ਾਨ 'ਤੇ ਖੜੀਆਂ ਹਨ ਪਰ ਨਾਲ ਹੀ ਇਸ ਗੱਲ ਦੀ ਰਤਾ ਤਸੱਲੀ ਵੀ ਹੈ ਕਿ ਵਿਸ਼ਵ ਪੱਧਰ 'ਤੇ ਬੋਲੀਆਂ ਦੀ ਰਾਖੀ ਅਤੇ ਸੰਭਾਲ ਲਈ ਵੱਖ ਵੱਖ ਜਥੇਬੰਦੀਆਂ,ਸੰਸਥਾਵਾਂ ਅਤੇ ਸਰਕਾਰਾਂ ਯਤਨਸ਼ੀਲ ਹਨ। ਸੰਯੁਕਤ ਰਾਸ਼ਟਰ ਸੰਘ ਨੇ ਤਾਂ 2022-2032 ਦੇ ਦਹਾਕੇ ਨੂੰ 'ਲੋਕ ਬੋਲੀਆਂ ਦਾ ਦਹਾਕਾ ' ਐਲਾਨ ਕੇ ਲੋਕ ਬੋਲੀਆਂ ਦੇ ਵਿਕਾਸ ਲਈ ਵਿਸ਼ੇਸ਼ ਯਤਨ ਕੀਤੇ ਜਾਣ ਦੀ ਮੁਹਿੰਮ ਵਿੱਢੀ ਹੈ। ਭਾਰਤ ਵਿੱਚ ਵੀ ਲੋਕ ਬੋਲੀਆਂ ਦੀ ਰਾਖੀ ਤੇ ਵਿਕਾਸ ਲਈ ਕਈ ਸਾਰੇ ਉੱਦਮ ਕੀਤੇ ਜਾ ਚੁੱਕੇ ਹਨ। ਭਾਰਤੀ ਸੰਵਿਧਾਨ ਦੇ ਆਰਟੀਕਲ-29 ਵਿੱਚ ਹਰੇਕ ਨਾਗਰਿਕ ਨੂੰ ਆਪਣੀ ਮਾਂ ਬੋਲੀ ਦੀ ਰਾਖੀ ਕਰਨ ਦਾ ਅਧਿਕਾਰ ਅਤੇ ਭਾਸ਼ਾ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਨਾ ਕਰਨ ਦਾ ਹੱਕ ਦਿੱਤਾ ਗਿਆ ਹੈ। ਇਸੇ ਤਰ੍ਹਾਂ ਆਰਟੀਕਲ-120 ਸੰਸਦ ਮੈਂਬਰਾਂ ਨੂੰ ਸੰਸਦ ਵਿੱਚ ਆਪਣੀ ਮਾਂ ਬੋਲੀ ਵਿੱਚ ਆਪਣੀ ਗੱਲ ਕਹਿਣ ਦਾ ਹੱਕ ਦਿੱਤਾ ਗਿਆ ਹੈ। ਆਰਟੀਕਲ 305-ਏ ਜਿੱਥੇ ਪ੍ਰਾਇਮਰੀ ਜਮਾਤਾਂ ਵਿੱਚ ਪੜ੍ਹਾਈ ਦਾ ਮਾਧਿਅਮ ਮਾਤ ਭਾਸ਼ਾ ਰੱਖਣ ਦੀ ਵਕਾਲਤ ਕਰਦਾ ਹੈ ਉੱਥੇ ਹੀ ਕੌਮੀ ਸਿੱਖਿਆ ਨੀਤੀ-2020 ਵਿੱਚ ਵੀ ਮਾਂ ਬੋਲੀ ਦੇ ਵਿਕਾਸ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਗੱਲ ਕੀਤੀ ਗਈ ਹੈ। ਇਹ ਨੀਤੀ ਤਾਂ ਪ੍ਰਾਇਮਰੀ ਤੋਂ ਵਧ ਕੇ ਅੱਠਵੀਂ ਜਾਂ ਇਸ ਤੋਂ ਵੀ ਵੱਧ ਭਾਵ ਜਿੱਥੋਂ ਤੱਕ ਵੀ ਸੰਭਵ ਹੋ ਸਕੇ ਪੜ੍ਹਾਈ ਦਾ ਮਾਧਿਅਮ ਮਾਤ ਭਾਸ਼ਾ ਰੱਖੇ ਜਾਣ ਦਾ ਸੁਝਾਅ ਦਿੱਤਾ ਗਿਆ ਹੈ। ਵਿਗਿਆਨਕ ਅਤੇ ਤਕਨੀਕੀ ਵਿਸ਼ਿਆਂ ਦੀ ਸ਼ਬਦਾਵਲੀ ਨੂੰ ਲੋਕ ਬੋਲੀਆਂ ਵਿੱਚ ਅਨੁਵਾਦਿਤ ਕਰਨ ਲਈ ਵਿਸ਼ੇਸ਼ ਕਮਿਸ਼ਨ ਦਾ ਗਠਨ ਵੀ ਕੀਤਾ ਗਿਆ ਹੈ। ਮੈਸੂਰ ਵਿਖੇ ਸਥਿਤ ' ਸੈਂਟਰਲ ਇਸਟੀਚਿਊਟ ਆਫ਼ ਇੰਡੀਅਨ ਲੈਂਗੁਏਜਿਜ਼ ' ਵੱਲੋਂ ਵੀ ' ਕੌਮੀ ਅਨੁਵਾਦ ਮਿਸ਼ਨ ' ਤਹਿਤ ਵੱਖ ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਕਿਤਾਬਾਂ ਦਾ ਲੋਕ ਬੋਲੀਆਂ ਵਿੱਚ ਅਨੁਵਾਦ ਕਰਨ ਦਾ ਵੱਡਆਕਾਰੀ ਕਾਰਜ ਕੀਤਾ ਜਾ ਰਿਹਾ ਹੈ। ਇਸੇ ਪ੍ਰਕਾਰ ਅਲੋਪ ਹੋਣ ਦੇ ਮੁਹਾਣੇ 'ਤੇ ਖੜੀਆਂ ਬੋਲੀਆਂ ਦੀ ਰਾਖੀ ਲਈ ਇੱਕ ਵਿਸ਼ੇਸ਼ ਯੋਜਨਾ ' ਪ੍ਰੋਟੈਕਸ਼ਨ ਐਂਡ ਪ੍ਰੀਜ਼ਰਵੇਸ਼ ਆਫ਼ ਐਨਡੇਂਜਰਡ ਲੈਂਗੂਏਜਜ਼ ਸਕੀਮ ' ਵੀ ਸਰਕਾਰ ਵੱਲੋਂ ਅਰੰਭ ਕੀਤੀ ਗਈ ਹੈ। ਭਾਰਤ ਸਰਕਾਰ ਵੱਲੋਂ 'ਭਾਰਤਵਾਣੀ ' ਪ੍ਰਾਜੈਕਟ ਅਤੇ ਗੂਗਲ ਵੱਲੋਂ ' ਨਵਲੇਖਾ ' ਨਾਮਕ ਪ੍ਰਾਜੈਕਟ ਇਸੇ ਉਦੇਸ਼ ਨਾਲ ਸ਼ੁਰੂ ਕੀਤੇ ਗਏ ਹਨ।

ਵਿਸ਼ਵ ਪ੍ਰਸਿੱਧ ਵਿਦਵਾਨ ਜਾਰਜ ਬਰਨਾਂਡ ਸ਼ਾਅ ਨੇ ਵੀ ਕਿਹਾ ਸੀ- '' ਸਾਨੂੰ ਆਪਣੀ ਮਾਂ ਬੋਲੀ ਦੀ ਖ਼ੂਬਸੂਰਤੀ ਉਸ ਵੇਲੇ ਸਮਝ ਆਉਂਦੀ ਹੈ ਜਦੋਂ ਅਸੀਂ ਕਿਸੇ ਬੇਗਾਨੇ ਮੁਲਕ ਦੀ ਧਰਤ 'ਤੇ ਹੁੰਦੇ ਹਾਂ।'' ਭਾਸ਼ਾ ਵਿਗਿਆਨੀ ਅਤੇ ਮਨੋ ਵਿਗਿਆਨੀ ਇਸ ਗੱਲ 'ਤੇ ਇੱਕ ਮਤ ਹਨ ਕਿ ਕੋਈ ਵੀ ਸੰਕਲਪ ਜਾਂ ਵਿਸ਼ਾ ਜੇਕਰ ਕਿਸੇ ਬੱਚੇ ਨੇ ਚੰਗੀ ਤਰ੍ਹਾਂ ਸਿੱਖਣਾ ਹੋਵੇ ਤਾਂ ਉਸੇ ਬੋਲੀ 'ਚ ਸਿੱਖਿਆ ਤੇ ਸਮਝਿਆ ਜਾ ਸਕਦਾ ਹੈ ਜਿਸ ਬੋਲੀ ਨੂੰ ਬੱਚੇ ਨੇ ਆਪਣੇ ਬਚਪਨ 'ਚ ਸਿੱਖਿਆ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਜਦੋਂ ਉੱਘਾ ਸਾਹਿਤਕਾਰ ਤੇ ਅਦਾਕਾਰ ਬਲਰਾਜ ਸਾਹਨੀ ਜਦੋਂ ਗੁਰੂਦੇਵ ਰਵਿੰਦਰਨਾਥ ਟੈਗੋਰ ਕੋਲ ਗਿਆ ਸੀ ਤਾਂ ਉਨ੍ਹਾ ਨੇ ਉਸਨੂੰ ਆਪਣੀ ਮਾਂ ਬੋਲੀ 'ਚ ਸਾਹਿਤ ਰਚਣ ਦੀ ਤਾਕੀਦ ਕੀਤੀ ਸੀ ਤੇ ਫਿਰ ਬਲਰਾਜ ਨੇ ਜੋ ਰਚਨਾਵਾਂ ਮਾਂ ਬੋਲੀ 'ਚ ਰਚੀਆਂ ਸਨ ਉਹ ਬਹੁਤ ਮਕਬੂਲ ਹੋਈਆਂ ਸਨ। ਗੁਰੂਦੇਵ ਟੈਗੋਰ ਦੀ ਨੋਬਲ ਇਨਾਮ ਪ੍ਰਾਪਤ ਕਾਵਿ-ਪੁਸਤਕ ' ਗੀਤਾਂਜਲੀ ' ਵੀ ਉਨ੍ਹਾ ਦੀ ਮਾਂ ਬੋਲੀ ਬੰਗਾਲੀ ਵਿੱਚ ਹੀ ਸੀ ਜਿਸਦਾ ਬਾਅਦ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਸੀ।

ਅੱਜ ਪੰਜਾਬੀ ਮਾਂ ਬੋਲੀ ਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਹੈ। ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀਆਂ ਨੂੰ ਪੰਜਾਬੀ ਨਾਲ ਜਿੰਨਾ ਪ੍ਰੇਮ ਹੈ ਓਨਾ ਪੰਜਾਬ ਦੀ ਮਿੱਟੀ 'ਚ ਵੱਸਦੇ ਨੌਜਵਾਨਾਂ 'ਤੇ ਬੱਚਿਆਂ ਅੰਦਰ ਨਹੀਂ ਹੈ। ਇੱਥੇ ਲੋਕ ਹਿੰਦੀ ਜਾਂ ਅੰਗਰੇਜ਼ੀ 'ਚ ਗੱਲ ਕਰਨਾ ਆਪਣਾ 'ਸਟੇਟੱਸ' ਸਮਝਦੇ ਹਨ ਤੇ ਪੰਜਾਬੀ 'ਚ ਗੱਲ ਕਰਨਾ ਉਨ੍ਹਾ ਨੂੰ ਹੀਣ ਭਾਵਨਾ ਲੱਗਦਾ ਹੈ। ਪੰਜਾਬ ਦੀ ਹੱਦ ਅੰਦਰ ਸਥਿਤ ਅਸੰਖਾਂ ਵਿੱਦਿਅਕ ਅਦਾਰਿਆਂ ਤੇ ਖ਼ਾਸ ਕਰਕੇ ਛੋਟੇ ਬੱਚਿਆਂ ਨਾਲ ਜੁੜੇ ਵਿੱਦਿਅਕ ਅਦਾਰਿਆਂ ਅੰਦਰ ਪ੍ਰਬੰਧਕਾਂ ਵੱਲੋਂ ਅਧਿਆਪਕਾਂ ਅਤੇ ਬੱਚਿਆਂ ਦੇ ਪੰਜਾਬੀ ਬੋਲਣ ਦੀ ਮਨਾਹੀ ਹੈ। ਪੰਜਾਬੀ ਲੋਕ ਆਪਣੇ ਬੱਚਿਆਂ ਦੇ ਮੂੰਹੋਂ ਫ਼ਰਾਟੇਦਾਰ ਅੰਗਰੇਜ਼ੀ ਨਿੱਕਲਦੀ ਵੇਖ ਕੇ ਮਾਣ ਨਾਲ ਫੁੱਲ ਜਾਂਦੇ ਹਨ। ਇਹ ਪ੍ਰਵਿਰਤੀ ਤੇ ਸੋਚ ਠੀਕ ਨਹੀਂ ਹੈ। ਅੰਗਰੇਜ਼ੀ ਸਿੱਖਣਾ ਜਾਂ ਬੋਲਣਾ ਸਮੇਂ ਦੀ ਲੋੜ ਹੈ ਤੇ ਕੋਈ ਮਾੜੀ ਗੱਲ ਵੀ ਨਹੀਂ ਹੈ ਪਰ ਪੰਜਾਬੀ ਦੀ ਕਬਰ ਉੱਤੇ ਅੰਗਰੇਜ਼ੀ ਜਾਂ ਕਿਸੇ ਹੋਰ ਬੋਲੀ ਦੇ ਫੁੱਲ ਖਿੜਾਉਣ ਦੀ ਹਰਕਤ ਬਿਲਕੁਲ ਵੀ ਜਾਇਜ਼ ਨਹੀਂ ਹੈ। ਪੰਜਾਬੀ ਦੇ ਸਿਰਮੌਰ ਕਵੀ ਫ਼ਿਰੋਜ਼ਦੀਨ ਸ਼ਰਫ਼ ਨੇ ਅਜੋਕੇ ਸੰਦਰਭ ਵਿੱਚ ਕਿੰਨਾ ਸਹੀ ਕਿਹਾ ਸੀ-

'' ਪੁੱਛੀ ਸ਼ਰਫ਼ ਨਾ ਜਿਨ੍ਹਾ ਨੇ ਬਾਤ ਮੇਰੀ
ਵੇ ਮੈਂ ਬੋਲੀ ਹਾਂ ਉਨ੍ਹਾ ਪੰਜਾਬੀਆਂ ਦੀ। ''




# “ਅੜੀਏ ਮਲਕੀਏ ਤੇਰਾ ਕੀਮਾ ਅਸੀਂ ਕੋਰਿਆਂ ਤੇ ਬੈਠਾ ਦੇਖਿਆ ਸੀ”

ਲੋਕ ਦਾਸਤਾਂ ਮਲਕੀ-ਕੀਮਾ ਨੂੰ ਗਿਆਨੀ ਸੋਹਣ ਸਿੰਘ ਸੀਤਲ ਨੇ ਬੜੇ ਨਿਵੇਕਲੇ ਢੰਗ ਨਾਲ ਲਿਖਿਆ ਹੈ।

ਮਲਕੀ ਖੂਹ ਦੇ ਉੱਤੇ ਭਰਦੀ ਸੀ ਪਈ ਪਾਣੀ, ਤੇ ਇਸ ਲਿਖਤ ਵਿੱਚ ਮੁਹੰਮਦ ਸਦੀਕ ਰਣਜੀਤ ਕੌਰ ਨੇ ਐਸੀ ਰੂਹ ਭਰੀ ਜੋ ਰਹਿੰਦੀ ਦੁਨੀਆਂ ਤੱਕ ਪੰਜਾਬੀਆਂ ਦੇ ਦਿਲਾਂ ਵਿੱਚ ਹਮੇਸ਼ਾ ਧੜਕਣ ਬਣ ਧੜਕਦੀ ਰਹੇਗੀ । ਇਸ ਦੋ-ਗਾਣਾ ਰੂਪੀ ਗੀਤ ਨੂੰ ਗਾਉਣ ਤੋਂ ਪਹਿਲਾਂ ਮੁਹੰਮਦ ਸਦੀਕ ਨੇ ਜੋ ਇਸ ਦੀ ਭੂਮਿਕਾ ਵਿੱਚ ਲਫ਼ਜ਼ ਬੋਲੇ ਉਸਦਾ ਕੋਈ ਹੋਰ ਤੋੜ ਨਹੀਂ ।

ਕੀਮਾ ! ਰਾਂਝੇ ਦਾ ਭਤੀਜਾ
ਗੜ੍ਹਮੁਗਲਾਣੇ ਦੇ ਸਰਦਾਰ ਰਾਏ ਮੁਬਾਰਕ ਦੀ ਲੜਕੀ ਮਲਕੀ ਦੇ ਨਾਲ ਵਿਆਹਿਆ ਗਿਆ
ਨਿੱਕੇ ਨਿੱਕਿਆਂ ਦਾ ਵਿਆਹ ਹੋ ਗਿਆ।
ਜਵਾਨੀ ਆਈ ਤਾਂ ਦੋਹਾਂ ਦੇ ਹੁਸਨ ਜਵਾਨੀ ਦੀ ਚਰਚਾ ਗਲੀ-ਗਲੀ ਮੁੱਹਲੇ- ਮੁਹੱਲੇ ਘਰ-ਘਰ ਹੋਣ ਲੱਗੀ ਮਲਕੀ ਦੀਆਂ ਸਹੇਲੀਆਂ ਮਲਕੀ ਨੂੰ ਆਖਦੀਆਂ
“ਅੜੀਏ ਮਲਕੀਏ, ਤੇਰਾ ਕੀਮਾ ਅਸੀਂ ਕੋਰਿਆਂ ਤੇ ਬੈਠਾ ਦੇਖਿਆ ਸੀ
ਬੜਾ ਸੋਹਣਾ ਸੀ, ਆਹਾ ਹਾ ਹਾ ! ਹੁਣ ਤਾਂ ਜੁਆਨ ਹੋ ਕੇ ਹੋਰ ਵੀ ਸੋਹਣਾ ਲੱਗਦਾ ਹੋਣੈ“
ਓਧਰ ਵਿਚੋਲਣ ਕੀਮੇ ਨੂੰ ਆਖਿਆ ਕਰੇ
“ ਅੜਿਆ ਕੀਮਿਆ ! ਤੇਰੀ **ਮਲਕੀ ! ਹਜ਼ਾਰਾਂ ਨਹੀਂ ਬਲਕਿ ਲੱਖਾਂ ਚੋਂ ਇੱਕ ਐ
ਵੇਂਹਿਦਿਆ ਸਾਰ ਇਨਸਾਨ ਤਾਂ ਕੀ ਪਰਿੰਦੇ ਵੀ ਗਸ਼ ਖਾਕੇ ਡਿੱਗ ਪੈਂਦੇ ਨੇ “
ਇੱਕ ਦੂਜੇ ਦੀ ਤਾਰੀਫ਼ ਸੁਣਦੇ ਇੱਕ ਦੂਜੇ ਤੇ ਆਸ਼ਿਕ ਹੋ ਗਏ
ਸਬੱਬੀ ਮੇਲੇ ਹੁੰਦੇ ਨੇ
ਇੱਕ ਵਾਰੀ ਕੀਮਾ ਗੜ੍ਹਮੁਗਲਾਣੇ ਨੂੰ ਜਾ ਰਿਹਾ ਸੀ
ਰਸਤੇ ਵਿੱਚ ਇੱਕ ਖੂਹ ਤੇ ਕੁੱਝ ਕੁੜੀਆਂ ਪਾਣੀ ਭਰਦੀਆਂ ਨੇ
ਉਹਨਾਂ ਵਿੱਚ ਮਲਕੀ ਵੀ ਸੀ
ਮਲਕੀ ਦਾ ਹੁਸਨ ਦੇਖ ਕੇ ਕੀਮਾ ਖੂਹ ਤੇ ਗਿਆ
ਪਾਣੀ ਮੰਗਦੈ ਉਹਨਾਂ ਕੁੜੀਆਂ ਤੋਂ ਤਾਂ ਉਹਨਾਂ ਕੁੜੀਆਂ ਦੀ ਸਰਦਾਰ ਤੇ ਹੁਸਨ ਦੀ ਮਲਕਾ, ਮਲਕੀ ਉਹਨੂੰ ਤੋੜ ਕੇ ਜੁਆਬ ਦਿੰਦੀ** ਐ................

ਗੀਤ ਦੀ ਭੂਮਿਕਾ ਬੰਨ੍ਹਣ ਦਾ ਮੁਹੰਮਦ ਸਦੀਕ ਦਾ ਇਹ ਬੇਮਿਸਾਲ ਤੇ ਆਪਣਾ ਮੌਲਿਕ ਤਰੀਕਾ ਸੀ। ਜਿਸ ਵਿੱਚੋਂ ਪੁਰਾਣੇ ਪੰਜਾਬ ਦੀ ਤਸਵੀਰ ਅੱਖਾਂ ਬੰਦ ਕਰਕੇ ਸਾਫ ਦਿਖਾਈ ਦਿੰਦੀ ਐ। ਇਸ ਵਿੱਚ ਵਰਤੀ ਗਈ ਸਤਰ

**“ਅੜੀਏ ਮਲਕੀਏ ਤੇਰਾ ਕੀਮਾ ਅਸੀਂ ਕੋਰਿਆਂ ਤੇ ਬੈਠਾ ਦੇਖਿਆ ਸੀ“**

ਬਾਰੇ ਪੰਜਾਬ ਦੀ ਨਵੀਂ ਪੀੜ੍ਹੀ ਦੇ ਮਨ ਵਿੱਚ ਇੱਕ ਭਰਮ ਪੈਦਾ ਹੁੰਦਾ ਹੈ। ਕਈ ਨਿਆਣੇ ਤਾਂ ਇਹ ਵੀ ਕਹਿੰਦੇ ਸੁਣੇ ਹਨ ਕਿ ਆਹ ਸਦੀਕ ਗਲਤ ਬੋਲ ਗਿਆ ‘ਘੋੜਿਆਂ’ ਦੀ ਥਾਂ ਤੇ ਕੋਰਿਆਂ ਬੋਲ ਗਿਆ।

ਜਦੋਂ ਕਿ ਪੁਰਾਣੀ ਪੀੜ੍ਹੀ ਨੂੰ ਪਤਾ ਹੈ ਕਿ ਘੋੜੇ ਨਹੀਂ ਕੋਰੇ ਹੀ ਹੈ। ਪੁਰਾਤਨ ਸਮੇਂ ਵਿੱਚ ਜਦੋਂ ਜੰਞਾਂ ਨੂੰ ਰੋਟੀ ਕੀਤੀ ਜਾਂਦੀ ਸੀ ਤਾਂ ਅੱਜ ਵਾਂਗੂੰ ਮੈਰਿਜ ਪੈਲੇਸ ਦੇ ਕੁਰਸੀਆਂ ਮੇਜਾਂ ਤੇ ਬਿਠਾ ਕੇ ਖਾਣਾ ਨਹੀਂ ਖਵਾਇਆ ਜਾਂਦਾ ਸੀ।




ਬਲਕਿ ਭੁੰਜੇ ਈ (ਧਰਤੀ ਤੇ) ਕੋਰਾ ਲੱਠਾ ਵਿਛਾ ਕੇ ਪਾਹੁਣਿਆਂ ਨੂੰ ਬਿਠਾਇਆ ਜਾਂਦਾ ਸੀ। ਲੱਠਾ ਇੱਕ ਖਾਸ ਕਿਸਮ ਦੇ ਕੱਪੜੇ ਦਾ ਨਾਮ ਹੈ। ਕੋਰੇ ਤੋਂ ਭਾਵ ” ਅਣਲੱਗ ਚਿੱਟਾ” ਐ । ਬਰਾਤ ਨੂੰ ਕੋਰੇ ਲੱਠੇ ਦੇ ਕੱਪੜੇ ਤੇ ਬਿਠਾਇਆ ਜਾਂਦਾ ਤੇ ਵਰਤਾਵੇ ਜਿਹਨਾਂ ਨੂੰ ਮਾਲਵੇ ਵਿੱਚ “ਪਰੀਹੇ“ ਕਹਿੰਦੇ ਸਨ ਉਹ ਪ੍ਰਹੁਣਿਆ ਨੂੰ ਭੋਜਨ ਪਰੋਸਦੇ । ਇੱਥੇ ਲਹਿੰਦੇ ਪੰਜਾਬ ਦੇ ਬਾਗੀ ਸ਼ਾਇਰ ਬਾਬਾ ਨਜਮੀ ਦੀ ਇੱਕ ਗ਼ਜ਼ਲ ਦਾ ਹਵਾਲਾ ਵੀ ਇਸ ਕੋਰੇ ਦੇ ਮਾਇਨਿਆਂ ਨੂੰ ਸਪੱਸ਼ਟ ਕਰਦਾ ਹੈ।

ਕਿਹੜੀ ਸ਼ੈਅ ਦਾ ਮੁੱਲ ਘਟਾਇਆ ਪੁੱਛੋ ਵੀ।
ਕਿਹੜਾ ਵੱਖਰਾ ਤੀਰ ਚਲਾਇਆ ਪੁੱਛੋ ਵੀ।
ਜਿੰਨੇ ਵੀ ਨੇ ਬੈਠੇ ਵਿੱਚ ਅਸੈਂਬਲੀ ਦੇ;
ਕੋਰਾ ਲੱਠਾ ਜੀਹਨੇ ਪਾਇਆ ਪੁੱਛੋ ਵੀ ।

ਪੰਜਾਬੀ ਗੀਤਾਂ ਦੀ ਫੋਲਾ ਫਾਲੀ ਕਰਦਿਆਂ ਕਈ ਵਾਰੀ ਦਿਲ ਗਦ-ਗਦ ਕਰ ਉੱਠਦੈ,,, ਉਹਨਾਂ ਗੀਤਾਂ ਨੂੰ ਸੁਣ ਕੇ,,,,ਪੜ੍ਹ ਕੇ ਰੂਹ,, ਨਸ਼ਿਆ ਜਾਂਦੀ ਐ। ਬਿਆਨ ਕਰਨ ਲਈ ਲਫ਼ਜ਼ ਹੀ ਨਹੀਂ ਲੱਭਦੇ। ਅਜਿਹੇ ਗੀਤ ਦਿਨ ਦੀਵੀਂ ਹੀ ਨਸ਼ਾ ਚੜ੍ਹਾ ਦਿੰਦੇ ਐ

**ਗਿਆਨੀ ਸੋਹਣ ਸਿੰਘ ਸੀਤਲ ਦਾ ਇੱਕ ਗੀਤ ਵੇਖਿਓ**

**ਮੇਲੇ ਮੁਕਤਸਰ ਦੇ, ਚੱਲ ਚੱਲੀਏ ਨਣਦ ਦਿਆ ਵੀਰਾ**
**ਸੁੱਖਣਾ ਲਾਹ ਆਵਾਂ, ਜੋ ਸੁੱਖੀਆਂ ਸੀ ਬੰਨ੍ਹਦੀ ਕਲੀਰਾ**
**ਆਏ ਹੋਏ ਹੋਰ ਵੀ ਕਈ, ਉੱਥੇ ਸਾਲੀਆਂ ਤੇ ਸਾਢੂ ਤੇਰੇ**
**ਦੱਸੂੰ ਮੈਂ ਵੀ ਹਾਨਣਾਂ ਨੂੰ, ਪੈਣ ਉੱਛਲ ਉੱਛਲ ਚਾਅ ਮੇਰੇ**
**ਥੇਵਾ ਮੁੰਦਰੀ ਦਾ, ਆਹ ਲੱਭਿਐ ਪੰਜਾਬ ’ਚੋਂ ਹੀਰਾ**
**ਮੇਲੇ ਮੁਕਤਸਰ ਦੇ**

**ਪੰਜ ਸੱਤ ਜਾਣ ਫਟੀਆਂ, ਮੇਰੇ ਢੋਲ ਨੂੰ ਜੋ ਤੱਕ ਮੁਟਿਆਰਾਂ**
**ਖੁਸ਼ੀ ਵਿੱਚ ਹੋਜਾਂ ਬਾਵਲੀ, ਤੇਰੇ ਸਿਰ ਤੋਂ ਬੁਤਕੀਆਂ ਵਾਰਾਂ**
**ਡਿੱਗਣ ਪਤੰਗ ਭੁੱਲ ਕੇ, ਸੂਹਾ ਦੇਖ ਕੇ ਸੱਜਣ ਦਾ ਚੀਰਾ**
**ਮੇਲੇ ਮੁਕਤਸਰ ਦੇ**

**ਚਾਅ ਨਾਲ ਲਾਏ ਢੋਲਣਾ, ਚੁੰਨੀ ਰੇਸ਼ਮੀਂ ਸਲੇਟੀ ਨੂੰ ਸਿਤਾਰੇ**
**ਲੁੱਕ ਲੁੱਕ ਪਾਉਂਦੇ ਝਾਤੀਆਂ, ਵੇਖੀਂ ਜਲ ’ਚ ਅੰਬਰ ਦੇ ਤਾਰੇ**
**ਈਰਖਾ ’ਚ ਸੜਨਗੀਆਂ, ਦੇਖ ਦੇਵਤਿਆਂ ਦਾ ਸਖੀਆਂ ਵਤੀਰਾ**
**ਮੇਲੇ ਮੁਕਤਸਰ ਦੇ**

**ਆਹ ਦਿਨ ਨਹੀਂ ਲੱਭਣੇ, ਬਾਹੋਂ ਫੜ ਨਾ ਕਿਸੇ ਨੇ ਨਿੱਤ ਕਹਿਣਾ**
**ਜੋਬਨ ਅਣ-ਵੰਡਿਆ, ਆਉਂਦੇ ਸਾਲ ਨੂੰ ਚੰਨੀ ਦਾ ਨਹੀਂ ਰਹਿਣਾ**
**ਬਹੁਤਾ ਕੁੱਝ ਨਹੀਓਂ ਮੰਗਦੀ, ਇਕ ਲੈਦੇ ਰੰਗੀਨ ਗੜ੍ਹੀਰਾ**
**ਮੇਲੇ ਮੁਕਤਸਰ ਦੇ**

**ਹੁਣ ਇਸ ਗੀਤ ਵਿੱਚ ਦੋ ਸਤਰਾਂ ਵਿਸ਼ੇਸ਼ ਧਿਆਨ ਮੰਗਦੀਆਂ ਹਨ**

**ਸੁੱਖਣਾ ਲਾਹ ਆਵਾਂ**
**ਜੋ ਸੁੱਖੀਆਂ ਸੀ ਬੰਨ੍ਹਦੀ ਕਲੀਰਾ**

**ਤੇ ਦੂਸਰੀ ਸਤਰ ਜਰਾ ਗਹੁ ਨਾਲ ਦੇਖਿਓ**

**ਆਹ ਦਿਨ ਨਹੀਂ ਲੱਭਣੇ**
**ਬਾਂਹੋਂ ਫੜ ਨੀ ਕਿਸੇ ਨੇ ਨਿੱਤ ਕਹਿਣਾ**
**ਜੋਬਨ ਅਣ-ਵੰਡਿਆ**
**ਆਉਂਦੇ ਸਾਲ ਨੂੰ ਚੰਨੀ ਦਾ ਨਹੀਂ ਰਹਿਣਾ**
**ਬਹੁਤਾ ਕੁੱਝ ਨਹੀਓਂ ਮੰਗਦੀ**
**ਏਕ ਲੈਦੇ ਰੰਗੀਨ ਗੜ੍ਹੀਰਾ**

**ਬਾਕੀ ਪੁਸਤਕ “ਮਿੱਟੀ ਨੂੰ ਫਰੋਲ ਜੋਗੀਆ“ ਵਿੱਚ ਪੜ੍ਹ ਲੈਣਾ।**

facebook
ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਵਿਆਹ ਸਿਰ.ਫ “ਰੋਟੀਆਂ ਪਕਾਉਣ ਆਲੀ ਮਸ਼ੀਨ” ਲਿਆਉਣ ਤੱਕ ਈ ਸੀਮਤ ਨੀ

ਆਪ ਆਲੇ ਐੱਮ ਐੱਲ ਏ ਨੇ ਦੂਜਾ ਵਿਆਹ ਕੀ ਕਰਾ ਲਿਆ ਲੋਕਾਂ ਨੇ ਛੱਜ ’ਚ ਪਾ ਕੇ ਛੰਡਤਾ। ਅਖੇ ਜੀ ਇਹ ਕੀ ਸੇਧ ਦੇਣਗੇ ਸਮਾਜ ਨੂੰ। ਐਥੇ ਮੈਂ ਕੋਈ ਆਮ ਆਦਮੀ ਪਾਰਟੀ ਦਾ ਪੱਖ ਨੀ ਪੂਰ ਰਿਹਾ, ਮੈਂ ਇਸ ਵਿਆਹ ਨੂੰ ਸਰੀਰਕ ਤੇ ਮਾਨਸਿਕ ਲੋੜ ਦੇ ਨਜ਼ਰੀਏ ਤੋਂ ਦੇਖ ਰਿਹਾਂ। ਜੇ ਇਸ ਤਰ੍ਹਾਂ ਦਾ ਈ ਵਿਆਹ ਕਿਸੇ ਹੋਰ ਪਾਰਟੀ ਦੇ ਬੰਦੇ ਨੇ ਵੀ ਕਰਾਇਆ ਹੁੰਦਾ ਤਾਂ ਵੀ ਮੇਰਾ ਜਵਾਬ ਇਹੀ ਹੋਣਾ ਸੀ। ਹਰੇਕ ਬੰਦੇ ਦੀ ਨਿੱਜੀ ਜਿੰਦਗੀ ਹੁੰਦੀ ਐ ਤੇ ਹਰੇਕ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਹੁੰਦੀਆਂ ਨੇ। ਉਹ ਭਾਵੇਂ ਜਿਹੜੇ ਮਰਜ਼ੀ ਅਹੁਦੇ ਤੇ ਬਗਜੇ, ਉਹਦੀਆਂ ਇਹ ਲੋੜਾਂ ਨੀ ਮਰਦੀਆਂ। ਇੱਕ ਪ੍ਰਧਾਨ ਮੰਤਰੀ ਤੇ ਇੱਕ ਦਿਹਾੜੀਦਾਰ ਬੰਦੇ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਬਿਲਕੁੱਲ ਸੇਮ ਨੇ। ਹਰੇਕ ਬੰਦੇ ਨੂੰ ਮਾਨਸਿਕ ਸਹਾਰੇ ਦੀ ਲੋੜ ਹੁੰਦੀ ਐ, ਜਿਹੜਾ ਉਹਨੂੰ ਉਹਦੇ ਬਿਲਕੁੱਲ ਨੇੜਲੇ ਸਾਥੀ ਤੋਂ ਮਿਲਦੈ। ਇੱਕ ਗੱਲ ਹੋਰ ਕੁਦਰਤੀ ਐ ਕਿ ਬੰਦੇ ਨੂੰ ਵਿਰੋਧੀ ਲਿੰਗ ਤੋਂ ਮਿਲਣ ਵਾਲਾ ਸਹਾਰਾ, ਸੇਮ ਲਿੰਗ ਤੋਂ ਮਿਲਣ ਵਾਲੇ ਸਹਾਰੇ ਤੋਂ ਕਿਤੇ ਵੱਧ ਤਾਕਤਵਰ ਹੁੰਦੈ। ਨਾਲੇ ਪਤੀ ਜਾਂ ਪਤਨੀ ਦੀ ਮੌਤ ਤੋਂ ਬਾਅਦ ਦੂਜਾ ਵਿਆਹ ਕਰਾਉਣਾ ਕਿੱਧਰ ਦਾ ਗੁਨਾਹ ਹੋ ਗਿਆ ? ਆਪਣੇ ਆਮ ਤਾਂ ਕਹਿ ਦਿੰਦੇ ਐ ਕਿ ਵਿਆਹ ਕਰਾਲੋ ਰੋਟੀ ਪਕਦੀ ਹੋਜੂ, ਪਰ ਵਿਆਹ ਸਿਰਫ਼ “ਰੋਟੀਆਂ ਪਕਾਉਣ ਆਲੀ ਮਸ਼ੀਨ“ ਲਿਆਉਣ ਤੱਕ ਈ



ਸੀਮਤ ਨੀ ਬਲਕਿ ਇਹਤੋਂ ਬਹੁਤ ਅੱਗੇ ਦੀ ਗੱਲ ਐ, ਜਿਹੜੀ ਆਪਣੇ ਮਸ਼ੀਨਾਂ ਅਰਗੇ ਲੋਕਾਂ ਦੇ ਸਮਝ ਈ ਨੀ ਆਉਂਦੀ। ਜੇ ਵਿਆਹ ਦਾ ਮਸਲਾ ਸਿਰਫ਼ ਰੋਟੀ ਪਕਦੀ ਕਰਨਾ ਈ ਹੁੰਦਾ ਤਾਂ ਥੋਨੂੰ ਕੀ ਲਗਦੈ ਇੱਕ ਐੱਮ ਐੱਲ ਏ ਨੇ ਰੋਟੀਆਂ ਪਕਾਉਣ ਆਲੇ ਨੀ ਰੱਖੇ ਹੋਣੇ?

ਬਾਕੀ ਚਲੋ ਵਿਰੋਧੀ ਪੁਲੀਟੀਕਲ ਪਾਰਟੀਆਂ ਨੇ ਤਾਂ ਐਹੇ ਜੇ ਮੁੱਦੇ ਚੱਕਣੇ ਈ ਹੁੰਦੇ ਐ, ਕਿਉਂਕਿ ਉਨ੍ਹਾਂ ਨੂੰ ਤਾਂ ਵਿਰੋਧੀ ਪਾਰਟੀ ਨੂੰ ਭੰਡਣ ਦਾ ਮੌਕਾ ਚਾਹੀਦਾ ਹੁੰਦੈ ਪਰ ਗੱਲ ਆਮ ਲੋਕਾਂ ਦੀ ਐ, ਜਦੋਂ ਆਮ ਲੋਕ ਐਹੇ ਜੀਆਂ ਗੱਲਾਂ ਚੱਕਦੇ ਐ ਤਾਂ ਉਹ ਆਪਦੀ ਮਾਨਸਿਕਤਾ ਦਾ ਜਲੂਸ ਕੱਢ ਰਹੇ ਹੁੰਦੇ ਐ, ਉਹ ਢੋਲ ਵਜਾ ਕੇ ਦੱਸ ਰਹੇ ਹੁੰਦੇ ਐ ਕਿ ਆਹ ਦੇਖੋ ਅਸੀਂ ਮਸ਼ੀਨਾਂ ਅਰਗੇ ਆਂ, ਸਾਨੂੰ ਬੰਦੇ ਦੀਆਂ ਮਾਨਸਿਕ ਗੁੰਝਲਾਂ ਬਾਰੇ ਕੱਖ ਨੀ ਪਤਾ, ਬੱਸ ਕੱਲੇ ਰੌਲੇ ਜੋਗੇ ਆਂ। ਨਾਲੇ ਜਦੋਂ ਕੋਈ ਦੂਜਾ ਵਿਆਹ ਕਰਾਉਂਦੈ ਤਾਂ ਉਹ ਕੋਈ ਪਹਿਲਾਂ ਆਲੇ ਚਾਅ ਨਾਲ ਨੀ ਕਰਾਉਂਦਾ, ਪਹਿਲੇ ਸਾਥੀ ਦੀਆਂ ਯਾਦਾਂ ਦਾ ਧੁਖਦਾ ਸਿਵਾ ਦਿਲ ’ਚ ਲੈ ਕੇ, ਨਵੇ ਸਾਥੀ ਦਾ ਹੱਥ ਫੜ੍ਹਨਾ ਤੇ ਧੁਖਦੇ ਸਿਵੇ ਦਾ ਧੂੰਆਂ ਉਹਦੀਆਂ ਅੱਖਾਂ ’ਚ ਪੈਣੋ ਬਚਾਉਣਾ ਸੌਖਾ ਨੀ ਹੁੰਦਾ। ਇਹ ਬੱਸ ਓਵੇਂ ਜੇ ਈ ਹੁੰਦੈ ਜਿਵੇਂ ਕਿਸੇ ਦੇ ਘਰ ਨੂੰ ਅੱਗ ਲੱਗਜੇ ਤੇ ਸਾਰਾ ਕੁਛ ਸੜ ਕੇ ਸਵਾਹ ਹੋਜੇ, ਕੱਖ ਨਾ ਬਚੇ। ਤੁਸੀਂ ਸ੍ਹਾਅਬ ਲਾ ਲਓ ਵੀ ਬੰਦਾ ਜਦੋਂ ਫਿਰ ਤੋਂ ਨਵਾਂ ਮਕਾਨ ਬਣਾਊ, ਕੀ ਬਿਲਕੁੱਲ ਓਸੇ ਚਾਅ ਨਾਲ ਈ ਬਣਾਊ, ਜਿਹੜੇ ਨਾਲ ਪਹਿਲਾ ਬਣਾਇਆ ਸੀ ?

ਬਾਕੀ ਰਹੀ ਗੱਲ ਸੇਧ ਦੀ। ਤੁਸੀਂ ਹਰੇਕ ਗੱਲ ’ਚੋਂ ਸੇਧ ਕਿਉਂ ਭਾਲਦੇ ਓਂ ? ਕੀ ਗੱਲ ਅਗਲਾ ਆਵਦੇ ਘਰੇ ਜੋ ਵੀ ਕਰੇ, ਪਹਿਲਾਂ ਇਹ ਸੋਚੇ ਕਿ ਇਹਤੋਂ ਲੋਕਾਂ ਨੂੰ ਕੀ ਸੇਧ ਮਿਲੂ ? ਜੇ ਕਿਸੇ ਗਾਇਕ ਨੇ ਗੀਤ ਕੱਢਤਾ ਤਾਂ ਰੌਲਾ ਅਖੇ ਹਾਏ ਜੀ ਸਮਾਜ ਨੂੰ ਸੇਧ ਕੀ ਮਿਲੂ। ਜੇ ਸੇਧ ਲੈਣੀ ਐਂ ਨਾਂ, ਤਾਂ ਬਥੇਰੀਆਂ ਕਿਤਾਬਾਂ ਪਈਆਂ ਨੇ ਪੜ੍ਹਨ ਆਲੀਆਂ, ਜਿਹੜੀਆਂ ਲਿਖੀਆਂ ਈ ਸੇਧ ਦੇਣ ਵਾਸਤੇ ਗਈਆਂ ਨੇ, ਸੇਧ ਦਾ ਰੌਲਾ ਪਾਉਣ ਆਲਿਆਂ ਨੇ ਪੜ੍ਹਲੀਆਂ ਓਹੋ ? ਸਭ ਤੋਂ ਉੱਤੇ ਤਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਐ, ਐਨੇ ਸਾਲ ਹੋਗੇ ਲਿਖੇ ਨੂੰ, ਓਹਤੋਂ ਲੈਲੀ ਸੇਧ ਲੋਕਾਂ ਨੇ ? ਜੇ ਐਡੇ ਈ ਸੇਧ ਲੈਣ ਆਲੇ ਹੁੰਦੇ ਤਾਂ ਅੱਜ ਐਹੇ ਜੀਆਂ ਜੱਭਲੀਆਂ ਨਾ ਮਾਰਦੇ, ਬੜਾ ਸੋਹਣਾ ਹੁੰਦਾ ਸਾਡਾ ਸਮਾਜ। ਕਿਸੇ ਨੂੰ ਕਿਸੇ ਕਰਕੇ ਦੁੱਖ ਨਾ ਭੋਗਣਾ ਪੈਂਦਾ ....


ਗੁਰਵਿੰਦਰ ਮਲਕਾਣਾ

# ਉਹ ਵੇਲਾ ਯਾਦ ਕਰ


ਬਲਵਿੰਦਰ ਕੌਰ ਬਰਾੜ
403 590 9629



# ਐਵੇਂ ਹੁਣ ਤਕ ਰਿਸ਼ਤਿਆਂ ਦਾ ਭਾਰ ਲਈ ਫਿਰਦੇ ਰਹੇ

**ਐਵੇਂ ਹੁਣ ਤਕ ਰਿਸ਼ਤਿਆਂ ਦਾ ਭਾਰ ਲਈ ਫਿਰਦੇ ਰਹੇ,**
**ਜ਼ਿੰਦਗੀ ਦੇ ਝੂਠਾਂ ਦਾ ਇਤਬਾਰ ਲਈ ਫਿਰਦੇ ਰਹੇ,**
**ਸ਼ਾਇਦ ਪਹਿਲੇ ਸਫ਼ੇ ਤੇ ਸਾਡਾ ਵੀ ਹੋਵੇਗਾ ਜ਼ਿਕਰ,**
ਇਸ ਉਮੀਦ ਨਾਲ ਨਿਤ ਅਖ਼ਬਾਰ ਲਈ ਫਿਰਦੇ ਰਹੇ।
(ਅਮਰਜੀਤ ਢਿੱਲੋਂ)

ਲੰਘੇ ਸਮੇ ਪਿੱਛੋਂ ਹਰ ਆਦਮੀ ਪਛਤਾਵੇ ਦੀ ਤਪਸ਼ ਵਿਚ ਛਟਪਟਾ ਰਿਹਾ ਹੋਈ ਬੀਤੀ ਤੇ ਝੂਰਦਾ ਲੰਘੇ ਪਲਾਂ ਵਿਚਲੀ ਘਟਨਾ ਨੂੰ ਮੁੜ ਤਰਤੀਬ ਦੇਣਾ ਹੀ ਲੋਚਦਾ ਹੈ। ਉਸ ਨੂੰ ਵਾਰ-ਵਾਰ ਇਹ ਸੋਚ ਘੇਰਦੀ ਹੈ ਕਿ ਕਾਸ਼ ’ਮੈਂ ਇਸ ਨੂੰ ਨਵੇਂ ਸਿਰਿਓਂ ਸਿਰਜ ਸਕਾਂ ਪਰ ਗਿਆ ਵਕਤ ਨਹੀਂ ਮੁੜਦਾ, ਬੱਸ ਉਸ ਦੀ ਯਾਦ ਹੀ ਆਉਂਦੀ ਹੈ। ਮੁੜ ਵਿਉਂਤਣ ਜਾਂ ਦੁਹਰਾ ਲੈਣ ਜੋਗੀ ਫੁਰਸਤ ਕਿਸੇ ਨੂੰ ਨਸੀਬ ਨਹੀਂ ਹੁੰਦੀ। ਚੇਤੇ ਵਿਚ ਬੱਸ ਪਛਤਾਵਾ ਹੀ ਪੱਲੇ ਰਹਿ ਜਾਂਦਾ ਹੈ। ਬਹੁਤ ਲੋਕ ਸਭ ਚੇਤੇ ਕਰ ਕੇ ਕਾਸ਼ ਕੋਲ ਜਾ ਜਾ ਮੁੜਦੇ ਹਨ। ਪਰ ਕਿਹਾ ਜਾਂਦਾ ਹੈ ’ਜੇ’ ਕਦੇ ਹੱਥ ਨਹੀਂ ਆਈ। ਹੁਣ ਜਦੋਂ ਤੋਂ ਵੱਡਿਆਂ ਦੇ ਤਜਰਬੇ ਤੋਂ ਸਬਕ ਸਿੱਖਣ ਦੀ ਪਿਰਤ ਮਿਟਦੀ ਜਾਂਦੀ ਹੈ, ਇਉਂ ਲਗਦਾ ਹੈ, ਆ ਰਹੀ ਪਨੀਰੀ ਪੱਲੇ ਤਾਂ ਬੱਸ ਇਹ ਝੂਰਨਾ ਹੀ ਰਹਿ ਜਾਏਗਾ। ਪਰ ਨਹੀਂ ਇਹ ਸਾਡਾ ਵਹਿਮ ਹੀ ਹੈ। ਅੱਜ ਤੋਂ ਚਾਰ ਹਜ਼ਾਰ ਹੀ ਹੈ’। ਅਸੀਂ ਵੀ ਸਾਰੇ ਹੁਣ ਤਕ ਇਸੇ ਸਤਰ ਨੂੰ ਹੰਢਾ ਕੇ ਅੱਗੇ ਤੋਰ ਰਹੇ ਹਾਂ। ਉਮਰ ਦੇ ਅਖੀਰਲੇ ਪੜਾਅ ਵੱਲ ਵਧ ਰਹੀ ਸਾਡੀ ਪੀੜ੍ਹੀ ਜਦੋਂ ਬੀਤੇ ਦੀ ਫੋਲਾ ਫਾਲੀ ਕਰਦੀ ਹੈ ਤਾਂ ਕਈ ਘਟਨਾਵਾਂ ਮੁੜ ਤੋਂ ਵਿਉਂਤਣ ਦੀ ਰੀਝ ਮਚਲਦੀ ਹੈ, ਪਰ ਪਛਤਾਵਾ ਹੀ ਪੱਲੇ ਪੈਂਦਾ ਹੈ। ਬਹੁਤੀ ਫ਼ੀ ਸਦੀ ਲੋਕ ਵਿਆਹ ਦੀ ਚੋਣ ਬਾਰੇ ਝੂਰਦੇ ਦੇਖੇ ਹਨ। ਕਈ ਲੋਕ ਆਪਣੀ ਪਿੱਛੇ ਛੱਡੀ ਪੜ੍ਹਾਈ ਜਾਂ ਕਿੱਤੇ ਦੀ ਯੋਗਤਾ ਬਾਰੇ ਪਛਤਾ ਰਹੇ ਮਿਲਦੇ ਹਨ। ਸ਼ਾਇਦ ਜੇਲ੍ਹ ਵਿਚ ਬੈਠੇ ਸਾਰੇ ਕੈਦੀ ਹੀ ਬੀਤੇ ਤੇ ਝੂਰਦੇ ਹੋਣ, ਜੋ ਮੁੜ ਨਵਾਂ ਸਾਫ ਸੁਥਰਾ ਜੀਵਨ ਚਾਹ ਰਹੇ ਹਨ। ਕਈ ਲੋਕ ਔਲਾਦ ਲਈ ਦੌਲਤ ਜੁਟਾਉਂਦੇ, ਕਈ ਆਪਣਿਆਂ ਨਾਲ ਦਗ਼ਾ ਕਮਾ ਕੇ ਹੁਣ ਔਲਾਦ ਹੱਥੋਂ ਦੁਰਕਾਰੇ ਜਾਂਦੇ ਆਪਣੀ ਕੀਤੀ ਤੇ ਜ਼ਰੂਰ ਪਛਤਾ ਰਹੇ ਹੋਣਗੇ। ਰਿਸ਼ਤਿਆਂ ਦਾ ਇਹ ਉਲਝਿਆ ਤਾਣਾ ਬਾਣਾ ਉਨ੍ਹਾਂ ਦੇ ਮਨ ਵਿਚ ਗੱਠਾਂ ਪਾ ਧਰਦਾ ਹੈ। ਇਨ੍ਹਾਂ ਵਿਚਲੀ ਚੀਸ ਜਰਨੀ ਪਛਤਾਵੇ ਦੀ ਇਬਾਰਤ ਉਲੀਕਦੀ ਹੈ। ਕਿਸੇ ਪਿਆਰੀ ਸਾਂਝ ਲਈ ਹਿੰਦੀ ਗਾਣੇ ਦੀ ਸਤਰ ਯਾਦ ਆ ਗਈ – ਮੇਰੇ ਦੁਸ਼ਮਨ ਤੂ ਮੇਰੀ ਦੋਸਤੀ ਕੋ ਤਰਸੇ।

ਗ਼ਲਤੀਆਂ ਸਭ ਕਰਦੇ ਨੇ। ਮੈਂ ਵੀ ਬਹੁਤ ਕੀਤੀਆਂ ਹਨ ਪਰ ਹੁਣ ਇੱਕ ਹਲਕੀ ਫੁਲਕੀ ਉਮਰੇ ਕੁੱਲ ਦੁਨੀਆਂ ਨੂੰ ਬਦਲਣ ਦੀ ਲੂਹਰੀ ਜਿਹੀ ਅੰਦਰ ਉਸਲਵੱਟੇ ਭੰਨਦੀ ਸੀ। ਸਾਡੇ ਘਰ ਦੇ ਦੁਆਲੇ ਵਸਦੇ ਸਭ ਲੋਕਾਂ ਦੁਆਰਾ ਕੀਤੀਆਂ ਜਾ ਰਹੀਆਂ ਲੁੱਟਾਂ ਖੋਹਾਂ ਦੀਆਂ ਬਾਤਾਂ ਪਾ ਕੇ ਸਾਨੂੰ ਲੋਕਾਂ ਤੋਂ ਡਰਾ ਕੇ ਸ਼ਾਇਦ ਸੁਚੇਤ ਕਰਦੇ ਸੀ। ਹਾਲਾਂ ਕਿ ਹੁਣ ਦੇ ਮੁਕਾਬਲੇ ਉਸ ਸਮੇ ਲੋਕ ਕਿਤੇ ਵਧੀਆ ਕਿਰਦਾਰ ਵਾਲੇ ਹੋਣਗੇ। ਮੈਂ ਪਟਿਆਲਾ ਦੇ ਅਦਾਲਤ ਬਾਜ਼ਾਰ ਵਿਚ ਬਾਟਾ ਦੀ ਦੁਕਾਨ ਮੂਹਰੇ ਖੜ੍ਹੀ ਵੱਡਾ ਸਾਰਾ ਪਰਸ ਫੜੀ ਕਿਸੇ ਘਰ ਦੇ ਦੀ ਉਡੀਕ ਕਰ ਰਹੀ ਸੀ। ਓਦੋਂ ਦੂਰੋਂ ਇੱਕ ਰਿਕਸ਼ਾ ਤੇਜ਼ੀ ਨਾਲ ਮੇਰੇ ਵੱਲ ਆ ਰਿਹਾ ਵੇਖਿਆ ਜਿਸ ਤੇ ਤਿੰਨ ਪੇਂਡੂ ਬੰਦੇ ਬੈਠੇ ਸਨ। ਸ਼ਾਇਦ ਉਹ ਪਹਿਲੀ ਵਾਰ ਰਿਕਸ਼ੇ ਤੇ ਚੜ੍ਹੇ ਹੋਣ। ਮੇਰੇ ਪਾਸੇ ਵੱਲ ਬੈਠਾ ਚਿੱਟ-ਦਾੜ੍ਹੀਆ ਬਾਬਾ ਹੱਥ ਨਾਲ ਇਸ਼ਾਰੇ ਕਰਦਾ ਲੋਕਾਂ ਨੂੰ ਪਾਸੇ ਹਟਾ ਰਿਹਾ ਸੀ। ਉਸਦਾ ਹੱਥ ਮੇਰੇ ਨਾਲ ਖਹਿ ਗਿਆ। ਮੈਂ ਆਪਣੇ ਅੰਦਰਲੇ ਸ਼ੱਕ ਨੂੰ ਸਾਕਾਰ ਹੁੰਦਾ ਦੇਖ ਕੇ ਆਪਣੇ ਕਾਹਲੇ ਸੁਭਾਅ ਨਾਲ ਉਸ ਬਜ਼ੁਰਗ ਨੂੰ ਥੱਪੜ ਮਾਰਨ ਲਈ ਹੱਥ ਚੁੱਕਿਆ ਤੇ ਕਿਹਾ– ’ਬੁੜ੍ਹਿਆ ਤੂੰ ਸ਼ਰਮ ਕਰ’। ਉਸ ਨੇ ਰਿਕਸ਼ਾ ਰੁਕਵਾਇਆ, ਹੇਠਾਂ ਉਤਰਿਆ ਤੇ ਮੈਨੂੰ ਕਿਹਾ, ’ਭਾਈ ਬੀਬੀ, ਕੀ ਹੋਇਆ, ਮੈਂ ਤਾਂ ਸੋਚਿਆ ਤੇਰੇ ਚ ਰਿਕਸ਼ਾ ਨਾ ਵੱਜੇ, ਤੂੰ ਗ਼ਲਤ ਸਮਝ ਗੀ’। ਮੈਂ ਹੀ ਹਟ ਜਾਂਦੇ ਹਨ ਤੇ ਪੱਲੇ ਪਛਤਾਵਾ ਹੀ ਰਹਿ ਜਾਂਦਾ ਹੈ। ਮੈਂ ਦੇਖਿਆ ਹੈ ਕਈ ਲੋਕ ਪਾਣੀ ਪੁਣ ਕੇ ਪੀਂਦੇ ਵੀ ਲਹੂ ਅਣਪੁਣਿਆ ਪੀ ਜਾਂਦੇ ਹਨ। ਉਨ੍ਹਾਂ ਦੀ ਦੇਹੀ ਤੇ ਗੈਂਡੇ ਦੀ ਖੱਲ ਹੁੰਦੀ ਹੈ, ਇਸ ਲਈ ਅਸਰ ਨਹੀਂ ਹੁੰਦਾ। ਪਰ ਸੂਝਵਾਨ ਪ੍ਰਾਣੀ ਤਾਂ ਹੋਰਾਂ ਦੇ ਕੀਤੇ ਦਾ ਵੀ ਪਛਤਾਵਾ ਕਰਦੇ ਹਨ। ਪਿੱਛੇ ਜਿਹੇ ਪੋਪ ਫਰਾਂਸਿਸ ਨੇ ਇੱਥੇ ਆ ਕੇ ਰਿਹਾਇਸ਼ੀ ਸਕੂਲਾਂ ਅੰਦਰ ਚਰਚ ਦੁਆਰਾ ਕੀਤੇ ਅਣਮਨੁੱਖੀ ਵਤੀਰੇ ਲਈ ਮੂਲਨਿਵਾਸੀਆਂ ਕੋਲ ਉਨ੍ਹਾਂ ਦੇ ਮਰੇ ਬੱਚਿਆਂ ਖਾਤਰ ਭਰੀਆਂ ਅੱਖਾਂ ਨਾਲ ਪਛਤਾਵਾ ਕੀਤਾ, ਮੁਆਫ਼ੀ ਵੀ ਮੰਗੀ ਸੀ। ਇਉਂ ਹੀ ਪਿਆਰ ਦੇ ਪਿੜ ਵਿਚ ਕਈ ਧੋਖੇ ਖਾ ਕੇ ਝੂਰਦੇ ਹਨ। ਸ਼ੈਕਸਪੀਅਰ ਦੇ ਪਾਤਰ ਪਛਤਾਵੇ ਵਿਚ ਸੜਦੇ ਦੇਖੇ ਜਾ ਸਕਦੇ ਹਨ। ਕਈ ਵਾਰੀ ਛੋਟੇ ਜਿਹੇ ਰੋਸੇ ਤੋਂ ਪਤਨੀ ਪੇਕੀਂ ਜਾ ਬੈਠਦੀ ਹੈ, ਉਂਗਲਾਂ ਲਾਉਣ ਵਾਲੇ ਮੰਨ-ਮਨਾਈ ਨਹੀਂ ਹੋਣ ਦਿੰਦੇ। ਨੌਬਤ ਛੱਡ-ਛਡਾ ਤੇ ਆ ਜਾਂਦੀ ਹੈ ਪਰ ਮਗਰੋਂ ਪਛਤਾਵਾ ਹੁੰਦਾ ਹੈ। ਗੁਰਬਾਣੀ ਵਿਚ ਵੀ ਅਜਿਹੇ ਕੰਮ ਤੋਂ ਵਰਜਿਆ ਗਿਆ ਹੈ। ਪਰ ਵਕਤ ਜਦੋਂ ਸਾਡੇ ਹੱਥ ਹੁੰਦਾ ਹੈ, ਗ਼ਲਤੀਆਂ ਤਾਂ ਅਕਸਰ ਹੋ ਹੀ ਜਾਂਦੀਆਂ ਹਨ। ਦੇਸੋਂ ਆਏ ਲੋਕਾਂ ਦਾ ਪਛਤਾਵਾ ਕੁਛ ਇਸ ਤਰ੍ਹਾਂ ਦਾ ਹੁੰਦਾ ਹੈ –













ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega
Sanjha Punjab
Sanjha Punjab
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8


SOUTH POINTE
TOYOTA
2021 COROLLA
ONLY $58 A WEEK!
$0 DOWN!
LE
2020 RAV4
ONLY $92 A WEEK!
$0 DOWN!
LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

# ਕਾਪਰਸਟੋਨ ਏਰੀਆ ਵਿੱਚ ਪ੍ਰਾਈਵੇਟ ਇਨਕਮ ਸੂਟ ਵਾਲੇ ਕਿਫਾਇਤੀ





## ਸਿੰਗਲ ਫੈਮਿਲੀ ਹੋਮ






ਸ਼ੋਅ ਹੋਮ ਹੁਣ ਖੁੱਲ ਚੁੱਕੇ ਹਨ
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

587.352.4266 | COPPERSTONELIVING.COM

VESTA PROPERTIES


ਆਧੁਨਿਕ ਘਰਾਂ ਨੂੰ ਅੱਜ ਤੁਹਾਡੇ ਬਜਟ ਦੇ ਅੰਦਰ ਰਹਿੰਦਿਆਂ ਤੁਹਾਡੀ ਖਾਸ ਜੀਵਨ ਸ਼ੈਲੀ ਦੇ ਅਨੁਕੂਲ ਕਾਰਜਕੁਸ਼ਲਤਾ ਪ੍ਰਦਾਨ ਕਰਨ ਲਈ ਕਈ ਤਰ੍ਹਾਂ ਦੇ ਖਾਕਾ ਵਿਕਲਪਾਂ ਦੀ ਲੋੜ ਹੁੰਦੀ ਹੈ। ਵੇਸਟਾ ਪ੍ਰਾਪਰਟੀਜ਼ ਕੋਲ ਸਿੰਗਲ-ਫੈਮਿਲੀ ਹੋਮ ਸਟਾਈਲ ਦੀ ਪੂਰੀ ਰੇਂਜ ਹੈ, ਜੋ ਕਨੂੰਨੀ ਆਮਦਨ ਸੂਟ ਨਾਲ ਜੋੜਕੇ ਤਿਆਰ ਕੀਤੀ ਗਈ ਹੈ । ਜੋ ਉਸ ਇਨਕਮ ਨੂੰ ਤੁਹਾਡੇ ਬਜਟ ਵਿੱਚ ਫਿੱਟ ਕਰਨ ਅਤੇ ਬਹੁ-ਪੀੜ੍ਹੀ ਜੀਵਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੋਰ ਵੀ ਕਿਫਾਇਤੀ ਬਣਾਉਂਦੀ ਹੈ।

ਕਾਪਰਸਟੋਨ ਵਿਖੇ ਹਰ ਇੱਕ-ਪਰਿਵਾਰ ਦਾ ਘਰ ਬਹੁ-ਸੱਭਿਆਚਾਰਕ ਪਰਿਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਨੁਕੂਲਿਤ ਬੇਸਮੈਂਟ ਨਾਲ ਬਣਾਇਆ ਗਿਆ ਹੈ, ਜਿਸ ਵਿੱਚ ਇੱਕ ਬੇਸਮੈਂਟ ਵੀ ਸ਼ਾਮਿਲ ਹੈ, ਜਿਸ ਨੂੰ ਰਿਹਾਇਸੀ ਬੇਸਮੈਂਟ ਦੇ ਰੂਪ ਵਿੱਚ ਮਹਿਮਾਨਾਂ ਦੇ ਮਨੋਰੰਜਨ ਲਈ ਇੱਕ ਡਰਿੰਕ ਬਾਰ, ਇੱਕ ਗੇਮ ਰੂਮ ਜਾਂ ਮਨੁੱਖੀ ਵਰਤੋਂ ਦੇ ਰਹਿਣ ਸਹਿਣ ਲਈ ਕਮਰੇ ਦੇ ਰੂਪ ਵਿੱਚ ਵਰਤਿਆ ਜਾ ਸਕਦਾ ਹੈ।। ਵੇਸਟਾ ਪ੍ਰਾਪਰਟੀਜ਼ ਦੇ ਅਲਬਰਟਾ ਸੇਲਜ਼ ਮੈਨੇਜਰ, ਏਜੇ ਵੈਨ ਡੇਰ ਲਿੰਡਨ ਨੇ ਕਿਹਾ, ਕਿ ਇਸ ਦਾਇੱਕ ਹੋਰ ਵਿਕਲਪ ਇਹ ਵੀ ਹੈ ਕਿ ਇਸ ਨੂੰ ਮਹੀਨਾਵਾਰ ਕਿਰਾਏ ਦੀ ਆਮਦਨੀ ਪੈਦਾ ਕਰਨ ਲਈ ਇੱਕ ਕਾਨੂੰਨੀ ਆਮਦਨੀ ਦੇਣ ਵਾਲੀ ਬੇਸਮੈਂਟ ਦੇ ਰੂਪ ਵਿੱਚ ਵੀ ਵਰਤ ਸਕਦੇ ਹੋ ਜੋ ਕਿ ਕਿਰਾਏ ਦੀ ਆਮਦਨ ਨੂੰ ਮਹੀਨਾਵਾਰ ਮੌਰਗੇਜ ਦੇ ਭੁਗਤਾਨਾਂ ਵਿੱਚ ਸਹਾਇਤਾ ਕਰ ਸਕਦਾ ਹੈ।

ਵੈਨ ਡੇਰ ਲਿੰਡਨ ਕਹਿੰਦਾ ਹੈ, "ਨਾ ਸਿਰਫ਼ ਆਮਦਨ ਸੂਟ ਤੁਹਾਡੇ ਮਾਸਿਕ ਮੌਰਗੇਜ ਭੁਗਤਾਨਾਂ ਦਾ ਭੁਗਤਾਨ ਕਰਨ ਵਿੱਚ ਤੁਹਾਡੀ ਮੱਦਦ ਕਰਨ ਲਈ ਇੱਕ ਵਧੀਆ ਵਿਕਲਪ ਹੈ, ਸੂਟ ਤੋ ਅਨੁਮਾਨਿਤ ਆਮਦਨੀ ਤੁਹਾਨੂੰ ਇੱਕ ਵੱਡੀ ਗਿਰਵੀ ਰਕਮ ਲਈ ਯੋਗ ਹੋਣ ਦੀ ਇਜਾਜ਼ਤ ਵੀ ਦੇ ਸਕਦੀ ਹੈ"। ਇੱਕ ਵਾਧੂ ਲਿਵਿੰਗ ਸੂਟ ਇੱਕ ਏ ਆਰ ਬੀ ਐਨ ਬੀ ਰੈਂਟਲ ਵਿੱਚ ਬਦਲ ਕੇ ਮਾਲਕ ਦੀ ਸਹੂਲਤ 'ਤੇ ਨਿਯਮਤ ਆਮਦਨ ਵੀ ਪੈਦਾ ਕਰ ਸਕਦਾ ਹੈ। ਲੰਬੇ ਸਮੇਂ ਦੇ ਕਿਰਾਏ ਦੇ ਇਕਰਾਰਨਾਮੇ ਦੀਆਂ ਦੇਣਦਾਰੀਆਂ ਤੋਂ ਬਿਨਾਂ ਤੁਹਾਡੀ ਸਹੂਲਤ 'ਤੇ ਇਹ ਆਮਦਨ ਜੋੜੀ ਜਾਂਦੀ ਹੈ।

ਵੈਨ ਡੇਰ ਲਿੰਡਨ ਦਾ ਕਹਿਣਾ ਹੈ ਕਿ ਆਮਦਨ ਸੂਟ ਪ੍ਰਤੀ ਮਹੀਨਾ $1,000 ਤੋਂ $1,500 ਵਾਧੂ ਆਮਦਨ ਲਿਆ ਸਕਦੇ ਹਨ। "ਕਿਉਂਕਿ ਸਾਡੇ ਕਾਪਰਸਟੋਨ ਸਿੰਗਲ-ਫੈਮਿਲੀ ਹੋਮ ਕਿਰਾਏਦਾਰਾਂ ਦੀ ਪਹੁੰਚ ਲਈ ਪ੍ਰਾਈਵੇਟ ਸਾਈਡ ਐਂਟਰੈਂਸ ਦੀ ਪੇਸ਼ਕਸ਼ ਕਰਦੇ ਹਨ ਅਤੇ ਵੱਡੇ ਲਾਟ ਸਾਈਜ਼ ਹੋਣ ਕਾਰਣ ਉਨ੍ਹਾਂ ਨੂੰ ਆਰਾਮ ਅਤੇ ਪਰਾਈਵੇਸੀ ਪ੍ਰਦਾਨ ਕਰਦੇ ਹਨ।

ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਆਂਢ-ਗੁਆਂਢ ਵਿੱਚ ਇਹ ਵਿਸ਼ਾਲ ਸਿੰਗਲ-ਪਰਿਵਾਰਕ ਘਰ ਇੱਕ ਮੁਨਾਫਾ ਨਿਵੇਸ਼ ਦੇ ਮੌਕੇ ਵੀ ਹੋ ਸਕਦੇ ਹਨ। ਘਰ ਨੂੰ ਕਿਰਾਏ ਦੀਆਂ ਦੋ ਵੱਖਰੀਆਂ ਇਕਾਈਆਂ ਵੱਜੋਂ ਕਿਰਾਏ 'ਤੇ ਲੈ ਕੇ ਆਪਣੀ ਮਾਸਿਕ ਕਿਰਾਏ ਦੀ ਆਮਦਨ ਨੂੰ ਦੁੱਗਣਾ ਕਰੋ- ਮੁੱਖ ਮੰਜ਼ਿਲ ਦਾ ਲਿਵਿੰਗ ਜਿਸ ਵਿੱਚ 3 ਜਾਂ 4 ਬਿਸਤਰਿਆਂ ਵਾਲੀ ਇੱਕ ਪੂਰੇ ਆਕਾਰ ਦੀ ਰਸੋਈ ਹੈ ਅਤੇ ਇੱਕ ਪੂਰੀ ਰਸੋਈ ਅਤੇ 1 ਜਾਂ 2 ਬਿਸਤਰਿਆਂ ਦੀ ਵਿਸ਼ੇਸ਼ਤਾ ਵਾਲੇ ਕਾਨੂੰਨੀ ਬੇਸਮੈਂਟ ਆਮਦਨ ਸੂਟ। ਇਹ ਕੈਲਗਰੀ ਵਿੱਚ ਤੁਹਾਡੇ ਨਿਵੇਸ਼ ਘਰ ਤੋਂ ਕਿਰਾਏ ਦੀ ਆਮਦਨ ਦਾ ਅੰਦਾਜ਼ਨ $3,000 ਤੋਂ $3,500 ਲਿਆ ਸਕਦਾ ਹੈ।

ਵੈਨ ਡੇਰ ਲਿੰਡਨ ਕਹਿੰਦਾ ਹੈ ਕਿ ਵੇਸਟਾ ਘਰ ਦੇ ਬਾਕੀ ਲੋਕਾਂ ਵਾਂਗ ਹੀ ਕਾਰੀਗਰੀ ਅਤੇ ਲਗਨ ਦੀ ਗੁਣਵੱਤਾ ਦੇ ਨਾਲ ਆਮਦਨ ਸੂਟ ਬਣਾਉਣ ਵਿੱਚ ਵਿਸ਼ਵਾਸ ਰੱਖਦੀ ਹੈ। "ਕਾਪਰਸਟੋਨ ਵਿਖੇ ਆਮਦਨੀ ਸੂਟ ਤੁਹਾਡੇ ਰੀਸੇਲ ਮੁੱਲ ਦੀ ਰੱਖਿਆ ਕਰਦੇ ਹੋਏ, ਤੁਹਾਡੇ ਕਿਰਾਏਦਾਰਾਂ ਦੇ ਰਹਿਣ ਦੀ ਜਗ੍ਹਾ ਨੂੰ ਵੱਧ ਤੋਂ ਵੱਧ ਕਰਨ ਲਈ 9-ਫੁੱਟ ਦੀ ਛੱਤ, ਆਧੁਨਿਕ ਕੈਬਿਨੇਟਰੀ ਅਤੇ ਪੇਸ਼ੇਵਰ ਤੌਰ 'ਤੇ ਡਿਜ਼ਾਈਨ ਕੀਤੇ ਖਾਕੇ ਸਮੇਤ ਮੁੱਖ ਮੰਜ਼ਿਲਾਂ ਦੇ ਬਰਾਬਰ ਫਿਨਿਸ਼ਿੰਗ ਦੀ ਪੇਸ਼ਕਸ਼ ਕਰਦੇ ਹਨ।"

ਡਬਲ ਫਰੰਟ ਅਟੈਚਡ ਗੈਰੇਜ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮ 3 ਜਾਂ 4 ਬੈੱਡਰੂਮ + ਬੋਨਸ ਰੂਮ + ਆਫਿਸ ਅਤੇ 4 ਬਾਥ ਰੂਮਜ਼ ਦੇ ਨਾਲ ਉਪਲਬਧ ਹਨ। ਉਹ 2,508 ਤੋਂ 2,934 ਵਰਗ ਫੁੱਟ ਤੱਕ ਹੁੰਦੇ ਹਨ ਅਤੇ ਇੱਕ ਜਾਂ ਦੋ ਬੈੱਡਰੂਮ ਇਨਕਮ ਸੂਟ ਵਿਕਲਪਾਂ ਦੇ ਨਾਲ 1,107 ਵਰਗ ਫੁੱਟ ਅਧੂਰਾ ਬੇਸਮੈਂਟ ਹੈ। ਇਸ ਤੋਂ ਇਲਾਵਾ, ਆਧੁਨਿਕ ਡਬਲ ਫਰੰਟ ਗੈਰੇਜ ਹੋਮਜ਼ 3 ਜਾਂ 4 ਬਿਸਤਰੇ + ਦਫਤਰ/ਫਲੈਕਸ + ਬੋਨਸ ਰੂਮ ਅਤੇ 2 ਜਾਂ 4 ਬਾਥਰੂਮਜ਼ ਦੀ ਪੇਸ਼ਕਸ਼ ਕਰਦੇ ਹਨ। ਇਹਨਾਂ ਦਾ ਆਕਾਰ 2,015 ਤੋਂ 2,344 ਵਰਗ ਫੁੱਟ ਤੱਕ ਹੁੰਦਾ ਹੈ ਜਿਸ ਵਿੱਚ 850-950 ਵਰਗ ਫੁੱਟ ਅਧੂਰਾ ਬੇਸਮੈਂਟ ਇੱਕ ਜਾਂ ਦੋ ਬੈੱਡਰੂਮ ਆਮਦਨ ਵਾਲੇ ਸੂਟ ਵਿਕਲਪਾਂ ਦੇ ਨਾਲ ਹੁੰਦਾ ਹੈ।

ਕਾਪਰਸਟੋਨ ਦਾ ਇਹ ਮਾਸਟਰ-ਪਲਾਨਡ, ਕੈਲਗਰੀ ਦੇ ਸਾਊਥ ਈਸਟ ਕਮਿਊਨਿਟੀ ਵਿੱਚ ਸਥਿਤ, ਕਾਪਰਫੀਲਡ ਦੇ ਚੰਗੀ ਤਰ੍ਹਾਂ ਡਿਵੈਲਪ ਇਲਾਕੇ ਵਿੱਚ ਸਥਿੱਤ ਹੈ। ਕਮਿਊਨਿਟੀ ਤੋਂ ਪੈਦਲ ਦੂਰੀ ਦੇ ਅੰਦਰ ਦੋ ਸਕੂਲ ਹਨ, ਕਰਿਆਨੇ ਅਤੇ ਵਪਾਰਕ ਖੇਤਰ ਇੱਕ ਪੰਜ ਮਿੰਟ ਦੀ ਡਰਾਈਵ ਦੇ ਅੰਦਰ ਹਨ, ਅਤੇ ਵਿਸ਼ਵ ਪੱਧਰੀ ਦੱਖਣੀ ਸਿਹਤ ਕੈਂਪਸ ਹਸਪਤਾਲ ਅਤੇ ਵਾਈ ਐਮ ਸੀ ਏ ਮਨੋਰੰਜਨ ਕੇਂਦਰ ਵੀ ਆਸਾਨੀ ਨਾਲ ਪਹੁੰਚ ਦੇ ਅੰਦਰ ਹੀ ਹੈ।

ਵੈਨ ਡੇਰ ਲਿੰਡਨ ਨੇ ਇਹ ਵੀ ਕਿਹਾ ਕਿ "ਜਨਤਕ ਆਵਾਜਾਈ ਆਸਾਨੀ ਨਾਲ ਉਪਲਬਧ ਹੈ, ਅਤੇ ਪ੍ਰਸਤਾਵਿਤ ਗ੍ਰੀਨ ਲਾਈਨ ਐਲ ਆਰ ਟੀ ਪੂਰੇ ਭਾਈਚਾਰੇ ਨੂੰ ਹੋਰ ਪਹੁੰਚ ਪ੍ਰਦਾਨ ਕਰੇਗੀ,"

ਕਾਪਰਸਟੋਨ ਦੇ ਸਿੰਗਲ-ਫੈਮਿਲੀ ਹੋਮਜ਼ ਦੇ ਨਵੇਂ ਪੜਾਅ ਕਾਨੂੰਨੀ ਆਮਦਨ ਸੂਟ ਵਾਲੇ ਜਲਦੀ ਹੀ ਆਉਣ ਵਾਲੇ ਹਨ। ਖੇਤਰੀ ਮਾਰਗ ਅਤੇ ਕਮਿਊਨਿਟੀ ਗ੍ਰੀਨਬੈਲਟ 'ਤੇ ਵਾਪਸੀ ਕਰਦੇ ਹੋਏ, ਇਹ ਘਰ ਤੁਹਾਡੀ ਜੀਵਨ ਸ਼ੈਲੀ ਨੂੰ ਉੱਚਾ ਚੁੱਕਣ ਅਤੇ ਸੁਵਿਧਾਜਨਕ ਕਿਰਾਏ ਦੇ ਸੂਟ ਵਿਕਲਪਾਂ ਦੇ ਨਾਲ ਕਿਫਾਇਤੀਤਾ ਨੂੰ ਕਾਇਮ ਰੱਖਦੇ ਹੋਏ ਬਹੁ-ਪੀੜ੍ਹੀ ਜੀਵਨ ਦਾ ਸਮਰਥਨ ਕਰਨ ਲਈ ਤਿਆਰ ਕੀਤੇ ਗਏ ਹਨ।

# 83ਵਾਂ ਅਪੋਲੋ ਟਾਇਰਜ਼ ਰੂਰਲ ਸਪੋਰਟਸ ਫੈਸਟੀਵਲ ਕਿਲ੍ਹਾ ਰਾਇਪੁਰ

# ਵਿਰਾਸਤੀ ਖੇਡਾਂ, ਮਾਰਸ਼ਲ ਆਰਟ ਤੇ ਉਲੰਪਿਕ ਲਹਿਰ ਦੀਆਂ ਖੇਡਾਂ ਲਈ ਸਜਿਆ ਸਾਂਝਾ ਮੰਚ

## ⇒ਹਾਕੀ 'ਚ ਕਿਲ੍ਹਾ ਰਾਏਪੁਰ ਦੇ ਮੁੰਡੇ ਤੇ ਸੋਨੀਪਤ ਦੀਆਂ ਮੁਟਿਆਰਾਂ ਨੇ ਜਿੱਤੇ ਹਾਕੀ ਕੱਪ ⇒ਕਬੱਡੀ 'ਚ ਪੰਜਾਬ ਦੀਆਂ ਮੁਟਿਆਰਾਂ ਨੇ ਹਰਿਆਣਾ ਨੂੰ ਹਰਾਇਆ, ਮੁੰਡਿਆਂ 'ਚ ਮੋਗਾ-ਜਗਰਾਓ ਜੇਤੂ ⇒ਦੇਸ਼-ਵਿਦੇਸ਼ ਤੋਂ ਪੁੱਜੇ ਖੇਡ ਪ੍ਰੇਮੀ







**ਡਾ. ਸੁਖਦਰਸ਼ਨ ਸਿੰਘ ਚਹਿਲ**

ਪੰਜਾਬ ਦੇ ਅਮੀਰ ਖੇਡ ਵਿਰਸੇ ਦਾ ਪ੍ਰਤੀਕ ਲੁਧਿਆਣਾ ਜਿਲ੍ਹੇ ਦੇ ਪਿੰਡ ਕਿਲ੍ਹਾ ਰਾਏਪੁਰ ਦਾ 83ਵਾਂ ਅਪੋਲੋ ਟਾਇਰਜ਼ ਰੂਰਲ ਸਪੋਰਟਸ ਫੈਸਟੀਵਲ ਲੰਘੇ ਐਤਵਾਰ ਸ਼ਾਨੋ-ਸ਼ੌਕਤ ਨਾਲ ਨੇਪਰੇ ਚੜ੍ਹ ਗਿਆ। ਕਿਲ੍ਹਾ ਰਾਏਪੁਰ ਸਪੋਰਟਸ ਸੁਸਾਇਟੀ (ਪੱਤੀ ਸੁਹਾਵੀਆ) ਦੇ ਪ੍ਰਧਾਨ ਕਰਨਲ ਸੁਰਿੰਦਰ ਸਿੰਘ ਗਰੇਵਾਲ, ਜਨਰਲ ਸਕੱਤਰ ਗੁਰਵਿੰਦਰ ਸਿੰਘ ਗਰੇਵਾਲ, ਸਰਪੰਚ ਗਿਆਨ ਸਿੰਘ, ਗੁਰਿੰਦਰ ਸਿੰਘ ਗਰੇਵਾਲ, ਬਲਜੀਤ ਸਿੰਘ, ਦਵਿੰਦਰ ਸਿੰਘ ਪੂਨੀਆ ਤੇ ਟੀਮ ਵੱਲੋਂ ਕਰਵਾਈਆਂ ਗਈਆਂ ਇੰਨ੍ਹਾਂ ਤਿੰਨ ਦਿਨਾਂ ਖੇਡਾਂ ਦੌਰਾਨ ਪੰਜਾਬ ਦੀਆਂ ਵਿਰਾਸਤੀ ਖੇਡਾਂ, ਉਲੰਪਿਕ ਲਹਿਰ ਨਾਲ ਸਬੰਧਤ ਖੇਡਾਂ, ਮਾਰਸ਼ਲ ਆਰਟ ਤੇ ਪੰਜਾਬ ਦੇ ਲੋਕ ਨਾਚ ਖਿੱਚ ਦਾ ਕੇਂਦਰ ਰਹੇ। ਇੰਨ੍ਹਾਂ ਖੇਡਾਂ ਦੀ ਵਿਸ਼ੇਸ਼ਤਾ ਇਹ ਰਹੀ ਕਿ ਪੁਰਸ਼ ਤੇ ਔਰਤ ਵਰਗਾਂ ਨੂੰ ਬਰਾਬਰ ਦੇ ਇਨਾਮ ਦੇ ਕੇ ਸਮਾਜਿਕ ਬਰਾਬਰੀ ਦਾ ਹੋਕਾ ਵੀ ਦਿੱਤਾ। ਆਖਰੀ ਦਿਨ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਲਈ ਵਿਧਾਇਕਾ ਰਾਜਿੰਦਰ ਕੌਰ ਛੀਨਾ ਮੁੱਖ ਮਹਿਮਾਨ ਵਜੋਂ ਪੁੱਜੇ। ਦੂਸਰੇ ਦਿਨ ਪੰਜਾਬ ਦੇ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਮੁੱਖ ਮਹਿਮਾਨ ਵਜੋਂ ਪੁੱਜੇ। ਮੁੱਖ ਮਹਿਮਾਨ ਵਿਧਾਇਕ ਜੀਵਨ ਸਿੰਘ ਗਿੱਲ ਨੇ ਉਦਘਾਟਨ ਮੌਕੇ ਹਾਕੀ ਮੈਚ ਦੀ ਸ਼ੁਰੂਆਤ ਕਰਵਾਈ ਅਤੇ ਹਵਾ 'ਚ ਗੁਬਾਰੇ ਛੱਡ ਕੇ ਖੇਡਾਂ ਦਾ ਅਗਾਜ਼ ਕੀਤਾ।

ਵਿਸ਼ੇਸ਼ ਸਨਮਾਨ:- ਸਵ. ਮਾਤਾ ਕੁਲਦੀਪ ਕੌਰ ਗਰੇਵਾਲ ਅਤੇ ਸਵ. ਕਮਲਜੀਤ ਸਿੰਘ ਗਰੇਵਾਲ (ਕਮਲ) ਨੂੰ ਸਮਰਪਿਤ ਇੰਨ੍ਹਾਂ ਖੇਡਾਂ ਦੀ ਸਫਲਤਾ ਲਈ ਪ੍ਰਵਾਸੀ ਵੀਰਾਂ, ਗ੍ਰਾਮ ਪੰਚਾਇਤ ਤੇ ਇਲਾਕੇ ਦੇ ਪਤਵੰਤੇ ਸੱਜਣਾਂ ਦਾ ਭਰਵਾਂ ਸਹਿਯੋਗ ਰਿਹਾ। ਖੇਡਾਂ ਦੇ ਆਖਰੀ ਦਿਨ ਹਾਕੀ ਉਲੰਪੀਅਨ ਰਾਜਿੰਦਰ ਸਿੰਘ ਤੇ ਹਰਦੀਪ ਸਿੰਘ ਗਰੇਵਾਲ, ਦਰੋਣਾਚਾਰੀਆ ਬਲਦੇਵ ਸਿੰਘ ਸ਼ਾਹਬਾਦ ਮਾਰਕੰਡਾ ਤੇ ਸਾਬਕਾ ਪੁਲਿਸ ਅਧਿਕਾਰੀ ਜਤਿੰਦਰ ਸਿੰਘ ਔਲਖ ਨੂੰ ਵਿਸ਼ੇਸ਼ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਤਿੰਨੇ ਦਿਨ ਮੰਚ ਸੰਚਾਲਨ ਤੇ ਕੁਮੈਂਟਰੀ ਦੀ ਜਿੰਮੇਵਾਰੀ ਡਾ. ਸੁਖਦਰਸ਼ਨ ਸਿੰਘ ਚਹਿਲ, ਗੁਰਵਿੰਦਰ ਸਿੰਘ ਗਰੇਵਾਲ ਤੇ ਸੱਤਪਾਲ ਖੜਿਆਲ ਨੇ ਨਿਭਾਈ।

ਰਵਾਇਤੀ ਖੇਡਾਂ:- ਛੋਟੇ ਬੱਚਿਆਂ ਦੇ ਕੁਸ਼ਤੀ ਮੁਕਾਬਲਿਆਂ 'ਚ ਰਾਜਸਥਾਨ ਤੋਂ ਆਏ ਲਾਡੀ ਨੇ ਮੁਹੰਮਦ ਇਸਹਾਕ ਨੂੰ ਹਰਾਕੇ ਗੁਰਜ ਜਿੱਤੀ। ਗਿਨੀਜ਼ ਬੁੱਕ 'ਚ ਰਿਕਾਰਡ ਦਰਜ ਕਰਵਾਉਣ ਵਾਲੇ ਰਾਜਿੰਦਰ ਕੁਮਾਰ ਨੇ ਕੰਨਾਂ ਨਾਲ 63 ਕਿਲੋ ਵਜ਼ਨ ਚੁੱਕਿਆ। ਬਰੇਲੀ ਤੋਂ ਆਏ ਜੀਸ਼ਾਨ ਤੇ ਗਿਆਸੂਦੀਨ ਰੇਲਗੱਡੀ ਚਲਾਈ। ਹਰਜਿੰਦਰ ਸਿੰਘ ਕਾਲੇਕਾ ਤੇ ਅਮਨਿੰਦਰ ਸਿੰਘ ਪਟਿਆਲਾ ਨੇ ਮੋਟਰਸਾਈਕਲਾਂ 'ਤੇ ਕਰਤੱਬ ਦਿਖਾਏ। ਪੱਟੀ (ਤਰਨਤਾਰਨ) ਤੋਂ ਆਏ ਪੰਜਾਬ ਸਿੰਘ ਨੇ ਆਪਣੇ ਡੌਲਿਆਂ ਨਾਲ ਚਾਰ ਮੋਟਰਸਾਈਕਲਾਂ ਨੂੰ ਰੋਕਿਆ। ਸੁਖਚਰਨ ਸਿੰਘ ਬਰਾੜ ਮੁਕਤਸਰ ਨੇ ਪੈਰਾਗਲਾਈਡਿੰਗ ਦਾ ਸ਼ੋਅ ਪੇਸ਼ ਕਰਕੇ ਖੇਡਾਂ ਨੂੰ ਸਿਖਰ 'ਤੇ ਪਹੁੰਚਾ ਦਿੱਤਾ। 75 ਸਾਲਾ ਹਰਦਮ ਸਿੰਘ ਆਲਮਗੀਰ ਨੇ ਡੰਡ ਮਾਰੇ।ਜਗਦੀਪ ਸਿੰਘ ਮਤੋਈ ਨੇ ਦੰਦਾਂ ਨਾਲ ਕਾਰ ਖਿੱਚੀ। ਅਪੋਲੋ ਟਾਇਰ ਰੇਸ 'ਚ ਜਗਤਾਰ ਸਿੰਘ ਜੜਤੌਲੀ ਨੇ ਪਹਿਲਾ, ਗੁਰਪ੍ਰੀਤ ਸਿੰਘ ਸੰਗਰੂਰ ਨੇ ਦੂਸਰਾ ਤੇ ਨੀਰਜ ਕੁਮਾਰ ਗੁਹਾਣਾ (ਹਰਿਆਣਾ) ਨੇ ਤੀਸਰਾ ਸਥਾਨ ਹਾਸਿਲ ਕੀਤਾ। ਦੂਸਰੇ ਦਿਨ ਵਿਰਾਸਤੀ ਖੇਡਾਂ 'ਚ ਟਰਾਲੀ ਬੈਕ ਲਗਾਉਣ ਮੁਕਾਬਲਿਆਂ 'ਚ ਕਮਲਪ੍ਰੀਤ ਸਿੰਘ ਮਹਿਲ ਕਲਾਂ, ਬਿੰਦਰ ਸ਼ਹਿਡੋਡ ਦੂਸਰੇ, ਜੋਤੀ ਵਿਰਕ ਪੰਜਗਰਾਈ ਤੀਸਰੇ ਅਤੇ ਮੰਨੂ ਹੁਸੈਨਪੁਰ ਚੌਥੇ ਸਥਾਨ 'ਤੇ ਰਿਹਾ। ਰੱਸਾਕਸੀ 'ਚ ਬੁਰਜ ਦੋਨਾ (ਮੋਗਾ) ਦੀ ਟੀਮ ਪਹਿਲੇ, ਸ਼ਰੀਂਹ ਸ਼ੰਕਰ (ਜਲੰਧਰ) ਦੂਸਰੇ ਤੇ ਕਿਲ੍ਹਾ ਰਾਏਪੁਰ (ਲੁਧਿਆਣਾ) ਦੀ ਟੀਮ ਤੀਸਰੇ ਸਥਾਨ 'ਤੇ ਰਹੀ। ਗੁਰਜੀਤ ਸਿੰਘ ਫਰਾਲੀ ਜਿਲ੍ਹਾ ਮਾਲੇਰਕੋਟਲਾ ਨੇ 2 ਕੁਇੰਟਲ ਵਜ਼ਨ ਦੀ ਬੋਰੀ ਚੁੱਕ ਕੇ ਸਭ ਨੂੰ ਦੰਦਾਂ ਥੱਲੇ ਜੀਭ ਲੈਣ ਲਈ ਮਜ਼ਬੂਰ ਕਰ ਦਿੱਤਾ। ਸਮਰਾਲਾ ਤੋਂ ਆਏ ਨਰੇਸ਼ ਕੁਮਾਰ ਨੇ 151 ਪਤੰਗ ਇਕੱਠੇ ਉਡਾ ਕੇ ਸਭ ਦਾ ਧਿਆਨ ਖਿੱਚਿਆ। ਮਹਿਲ ਕਲਾਂ ਜਿਲ੍ਹਾ ਬਰਨਾਲਾ ਤੋਂ ਆਏ ਲੱਖਾ ਸਿੰਘ ਗਰਦਨ ਨਾਲ ਸਰੀਆ ਮੋੜਕੇ, ਸਭ ਨੂੰ ਆਕਰਸ਼ਿਤ ਕੀਤਾ। ਰਾਜਪਾਲ ਜੜਤੌਲੀ ਨੇ ਇੱਕ ਉਂਗਲ ਨਾਲ ਇੱਕ ਕੁਇੰਟਲ ਸੱਤ ਕਿਲੋ ਭਾਰ ਚੁੱਕਿਆ। ਰਾਜਸਥਾਨ ਤੋਂ ਆਏ ਬੰਟੀ ਤੇ ਬਬਲੀ ਨੇ ਰੇਲ ਗੱਡੀ ਚਲਾਕੇ ਦਿਖਾਈ। ਗਿਆਰਾ ਸਾਲ ਦੇ ਲਾਡੀ (ਹਰਿਆਣਾ) ਨੇ 50 ਡੰਡ ਲਗਾਏ।ਪਟਿਆਲਾ ਤੋਂ ਆਏ ਪੰਜਾਬ ਪੁਲਿਸ ਦੇ ਜਵਾਨ ਅਮਨਿੰਦਰ ਸਿੰਘ ਮੋਟਰਸਾਈਕਲ 'ਤੇ ਕਰਤੱਬ ਦਿਖਾਏ। ਸਾਹਿਬ ਸਿੰਘ ਧੋਗੜੀ ਨੇ ਸੰਗਲ ਤੋੜਕੇ ਸਭ ਦਾ ਧਿਆਨ ਖਿੱਚਿਆ। ਅਪੋਲੋ ਟਾਇਰਜ਼ ਵੱਲੋਂ ਕਰਵਾਈ ਗਈ ਟਰੈਕਟਰ ਟਾਇਰਾਂ ਵਾਲੀ ਦੌੜ 'ਚ ਸਿਮਰਨ ਨੇ ਪਹਿਲਾ, ਚਮਨ ਨੇ ਦੂਸਰਾ ਤੇ ਸੁਖਬੀਰ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। ਸਾਈਕਲਿੰਗ ਲੜਕਿਆਂ ਦੇ ਵਰਗ 'ਚ ਸਾਹਿਲ ਲੁਧਿਆਣਾ ਪਹਿਲੇ, ਹਰਸਿਮਰਨਜੀਤ ਸਿੰਘ ਬਰਨਾਲਾ ਦੂਸਰੇ ਤੇ ਏਕਮਪ੍ਰੀਤ ਸਿੰਘ ਲੁਧਿਆਣਾ ਤੀਸਰੇ ਸਥਾਨ 'ਤੇ ਰਿਹਾ। ਲੜਕੀਆਂ ਦੇ ਵਰਗ 'ਚ ਮੁਕਲ ਪਹਿਲੇ, ਹਰਪ੍ਰੀਤ ਕੌਰ ਦੂਸਰੇ ਤੇ ਪੂਜਾ ਤੀਸਰੇ ਸਥਾਨ 'ਤੇ ਰਹੀ।




ਮੁੱਖ ਮਹਿਮਾਨ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸੂਬੇ ਨੂੰ ਮੁੜ ਰੰਗਲਾ ਬਣਾਉਣਾ ਹੈ ਜਿਸ ਲਈ ਉਹ ਖੇਡਾਂ ਨੂੰ ਵਿਸ਼ੇਸ਼ ਤੌਰ 'ਤੇ ਉਤਸ਼ਾਹਿਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਲਾ ਰਾਏਪੁਰ ਖੇਡਾਂ ਪੰਜਾਬ ਦੇ ਅਮੀਰ ਖੇਡ ਵਿਰਸੇ ਦੀਆਂ ਪ੍ਰਤੀਕ ਹਨ, ਜਿੰਨ੍ਹਾਂ ਲਈ ਪੰਜਾਬ ਸਰਕਾਰ ਭਰਵਾਂ ਸਹਿਯੋਗ ਦੇ ਰਹੀ ਹੈ ਅਤੇ ਦਿੰਦਾ ਰਹੇਗਾ। ਉਨ੍ਹਾਂ ਕਿਹਾ ਕਿ ਸੈਰ-ਸਪਾਟਾ ਵਿਭਾਗ ਵੱਲੋਂ ਅਗਲੇ ਵਰ੍ਹੇ ਤੋਂ ਖੇਡਾਂ ਦੇ ਪ੍ਰਚਾਰ ਪ੍ਰਸਾਰ ਲਈ ਭਰਵਾਂ ਯੋਗਦਾਨ ਪਾਇਆ ਜਾਵੇਗਾ। ਕੈਬਨਿਟ ਮੰਤਰੀ ਮਾਨ ਨੇ ਕਿਲ੍ਹਾ ਰਾਏਪੁਰ ਖੇਡਾਂ ਦੇ ਪ੍ਰਬੰਧਕਾਂ ਵੱਲੋਂ ਐਸਟਰੋਟਰਫ ਲਗਾਉਣ, ਫਲੱਡ ਲਾਈਟਸ ਲਗਾਉਣ ਤੇ ਮਲਟੀਪਰਜ਼ ਜਿੰਮ ਸਥਾਪਤ ਕਰਨ ਆਦਿ ਮੰਗਾਂ ਨੂੰ ਪੂਰੀਆਂ ਕਰਨ ਦਾ ਵੀ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੀਆਂ ਖੇਡਾਂ ਪੰਜਾਬ ਦੇ ਕੋਨੇ-ਕੋਨੇ 'ਚ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਪੰਜਾਬ ਦਾ ਅਮੀਰ ਵਿਰਸਾ ਕਾਇਮ ਰਹਿ ਸਕੇ ਅਤੇ ਅਗਲੀਆਂ ਪੀੜ੍ਹੀਆਂ ਦਾ ਖੇਡਾਂ ਨਾਲ ਮੋਹ ਬਣਿਆ ਰਹੇ।

ਟੀਮ ਮੁਕਾਬਲੇ:-ਲੜਕੀਆਂ ਦੇ ਵਰਗ 'ਚ ਸਵੈਚ ਹਾਕੀ ਅਕੈਡਮੀ ਸੋਨੀਪਤ ਨੇ ਖਾਲਸਾ ਫਿਜੀਕਲ ਕਾਲਜ ਅਮ੍ਰਿਤਸਰ ਨੂੰ 2-1 ਗੋਲਾਂ ਨਾਲ ਹਰਾਕੇ, 75 ਹਜ਼ਾਰ ਰੁਪਏ ਦਾ ਨਕਦ ਇਨਾਮ ਜਿੱਤਿਆ। ਪੁਰਸ਼ਾਂ ਦੇ ਵਰਗ 'ਚ ਮੇਜ਼ਬਾਨ ਕਿਲ੍ਹਾ ਰਾਏਪੁਰ ਦੀ ਟੀਮ ਨੇ ਸ਼ਾਹਬਾਦ ਮਾਰਕੰਡਾ ਦੀ ਟੀਮ ਨੂੰ ਟਾਈਬਰੇਕਰ ਰਾਹੀ 2-1(1-1) ਗੋਲਾਂ ਨਾਲ ਹਰਾਕੇ ਖਿਤਾਬ ਜਿੱਤਿਆ। ਸਰਕਲ ਕਬੱਡੀ 'ਚ ਪੰਜਾਬ ਦੀਆਂ ਮੁਟਿਆਰਾਂ ਨੇ ਹਰਿਆਣਾ ਨੂੰ 26-18 ਨਾਲ ਹਰਾਕੇ ਕੱਪ ਜਿੱਤਿਆ।

ਅਥਲੈਟਿਕਸ ਦੇ ਨਤੀਜੇ:- ਕਿਲ੍ਹਾ ਰਾਏਪੁਰ ਦੇ 83ਵੇਂ ਅਪੋਲੋ ਟਾਇਰਜ਼ ਰੂਰਲ ਸਪੋਰਟਸ ਫੈਸਟੀਵਲ ਦੇ ਆਖਰੀ ਦਿਨ ਅਥਲੈਟਿਕਸ (ਲੜਕੀਆਂ) ਦੇ 200 ਮੀਟਰ ਦੌੜ ਮੁਕਾਬਲੇ 'ਚ ਸੁਖਵਿੰਦਰ ਕੌਰ ਪਟਿਆਲਾ ਪਹਿਲੇ, ਗੁਰਜੋਤ ਕੌਰ ਹੁਸ਼ਿਆਰਪੁਰ ਦੂਸਰੇ ਤੇ ਸਨੇਹਾ ਜਲੰਧਰ ਤੀਸਰੇ, 800 ਮੀਟਰ ਦੌੜ 'ਚ ਗੁਰਜੋਤ ਕੌਰ ਹੁਸ਼ਿਆਰਪੁਰ ਪਹਿਲੇ, ਸੁਖਵਿੰਦਰ ਕੌਰ ਪਟਿਆਲਾ ਦੂਸਰੇ ਤੇ ਸੁਨੇਹਾ ਜਲੰਧਰ ਤੀਸਰੇ, ਉੱਚੀ ਛਾਲ ਮੁਕਾਬਲੇ 'ਚ ਕਮਲਜੀਤ ਕੌਰ ਲੁਧਿਆਣਾ ਪਹਿਲੇ, ਗੁਰਜੋਤ ਕੌਰ ਹੁਸ਼ਿਆਰਪੁਰ ਦੂਸਰੇ ਤੇ ਦੀਪਤੀ ਲੁਧਿਆਣਾ ਤੀਸਰੇ ਸਥਾਨ 'ਤੇ ਰਹੀ। ਲੜਕਿਆਂ ਦੀ 200 ਮੀਟਰ ਦੌੜ 'ਚ ਲਵਪ੍ਰੀਤ ਸਿੰਘ ਸੰਗਰੂਰ ਪਹਿਲੇ, ਅਭਿਸ਼ੇਕ ਸ਼ਰਮਾ ਹੁਸ਼ਿਆਰਪੁਰ ਦੂਸਰੇ ਅਤੇ ਜਸ਼ਨਦੀਪ ਸਿੰਘ ਲੁਧਿਆਣਾ ਤੀਸਰੇ ਸਥਾਨ 'ਤੇ ਰਿਹਾ। ਲੜਕਿਆਂ ਦੇ 400 ਮੀਟਰ ਦੌੜ 'ਚ ਲਵਪ੍ਰੀਤ ਸਿੰਘ ਸੰਗਰੂਰ ਨੇ ਪਹਿਲਾ, ਜਸ਼ਨਦੀਪ ਸਿੰਘ ਲੁਧਿਆਣਾ ਨੇ ਦੂਸਰਾ ਤੇ ਜ਼ੇਮਨ ਬੁਰਜੇ ਹੁਸ਼ਿਆਰਪੁਰ ਨੇ ਤੀਸਰਾ, ਲੜਕੀਆਂ 'ਚ ਗੁਰਜੋਤ ਕੌਰ ਹੁਸ਼ਿਆਰਪੁਰ ਪਹਿਲਾ, ਸੁਖਵਿੰਦਰ ਕੌਰ ਪਟਿਆਲਾ ਨੇ ਦੂਸਰਾ ਤੇ ਜਸ਼ਪ੍ਰੀਤ ਕੌਰ ਲੁਧਿਆਣਾ ਨੇ ਤੀਸਰਾ ਸਥਾਨ ਹਾਸਿਲ ਕੀਤਾ। ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀ 100 ਮੀਟਰ ਦੌੜ 'ਚ ਅਨੀਸ਼ ਜੰਡਿਆਲੀ ਨੇ ਪਹਿਲਾ, ਗੁਰਜੋਤ ਸਿੰਘ ਨਮੋਲ ਨੇ ਦੂਸਰਾ ਤੇ ਸੂਰਜ ਕੁਮਾਰ ਕਿਲ੍ਹਾ ਰਾਏਪੁਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਲੜਕੀਆਂ ਦੇ ਵਰਗ 'ਚ ਮੀਨਾ ਜਾਖੜ ਨੇ ਪਹਿਲਾ, ਹਰਮਨ ਸੰਗਰੂਰ ਨੇ ਦੂਸਰਾ ਤੇ ਅਮ੍ਰਿਤਾ ਜੰਡਿਆਲੀ ਨੇ ਤੀਸਰਾ ਸਥਾਨ ਹਾਸਿਲ ਕੀਤਾ। ਲੜਕਿਆਂ ਦੇ 100 ਮੀਟਰ ਦੌੜ ਅਭਿਸ਼ੇਕ ਸ਼ਰਮਾ ਹੁਸ਼ਿਆਰਪੁਰ ਪਹਿਲਾ, ਲਵਪ੍ਰੀਤ ਸਿੰਘ ਸੰਗਰੂਰ ਦੂਸਰਾ ਤੇ ਕਰਨਜੋਤ ਸਿੰਘ ਲੁਧਿਆਣਾ ਤੀਸਰੇ ਸਥਾਨ 'ਤੇ ਰਿਹਾ। ਬਜ਼ੁਰਗਾਂ ਦੇ 70 ਸਾਲ ਤੋਂ ਵੱਧ ਉਮਰ ਦੀ 100 ਮੀਟਰ ਦੌੜ 'ਚ ਸੁਰਿੰਦਰਪਾਲ ਸ਼ਰਮਾ ਹੁਸ਼ਿਆਰਪੁਰ ਪਹਿਲੇ, ਸਰਬਜੀਤ ਸਿੰਘ ਗੁਰਦਾਸਪੁਰ ਦੂਸਰੇ ਤੇ ਰਘੁਵੀਰ ਭੁੱਲਰ ਮੋਹਾਲੀ ਤੀਸਰੇ ਸਥਾਨ 'ਤੇ ਰਿਹਾ। ਉੱਚੀ ਛਾਲ ਲੜਕਿਆਂ ਦੇ ਵਰਗ 'ਚ ਵਿਸ਼ਾਲ ਲੁਧਿਆਣਾ ਪਹਿਲੇ, ਜਸਕਰਨ ਸਿੰਘ ਦੂਸਰੇ ਅਤੇ ਅਮਨਪ੍ਰੀਤ ਸਿੰਘ ਤੀਸਰੇ ਸਥਾਨ 'ਤੇ ਰਿਹਾ ਹੈ। ਲੜਕੀਆਂ ਦੇ ਲੰਬੀ ਛਾਲ 'ਚ ਦੀਪਤੀ ਲੁਧਿਆਣਾ ਪਹਿਲੇ, ਲਵਪ੍ਰੀਤ ਕੌਰ ਦੂਸਰੇ ਅਤੇ ਮਨਾਲੀ ਚੌਹਾਨ ਤੀਸਰੇ ਸਥਾਨ 'ਤੇ ਰਹੀ। ਲੜਕਿਆਂ ਦੇ ਲੰਬੀ ਛਾਲ ਮੁਕਾਬਲੇ ਜਗਰੂਪ ਸਿੰਘ ਰੋਪੜ ਪਹਿਲੇ, ਜਸਕਰਨ ਸਿੰਘ ਰਾਏਕੋਟ ਦੂਸਰੇ ਤੇ ਅਮਨਪ੍ਰੀਤ ਸਿੰਘ ਲੁਧਿਆਣਾ ਤੀਸਰੇ ਸਥਾਨ 'ਤੇ ਰਿਹਾ। ਲੜਕੀਆਂ ਦੀ ਸੌ ਮੀਟਰ ਦੌੜ 'ਚ ਸੁਖਵਿੰਦਰ ਕੌਰ ਪਟਿਆਲਾ ਨੇ ਪਹਿਲਾ, ਲਵਪ੍ਰੀਤ ਕੌਰ ਲੁਧਿਆਣਾ ਨੇ ਦੂਸਰਾ ਤੇ ਸੁਨੇਹਾ ਪਟਿਆਲਾ ਨੇ ਤੀਸਰਾ ਸਥਾਨ ਹਾਸਿਲ ਕੀਤਾ। ਬਜਰੁਗਾਂ ਦੀਆਂ 80 ਸਾਲ ਤੋਂ ਵੱਧ ਉਮਰ ਦੀਆਂ ਦੌੜਾਂ 'ਚ ਖੱਜੂ ਰਾਮ ਧਨੌਲਾ (ਬਰਨਾਲਾ) ਪਹਿਲੇ ਤੇ ਤੇਜਾ ਸਿੰਘ ਫੱਲੇਵਾਲ ਦੂਸਰੇ ਸਥਾਨ 'ਤੇ ਰਿਹਾ।65 ਤੋਂ 70 ਸਾਲ ਉਮਰ ਵਰਗ 'ਚ ਸੁਰਿੰਦਰਪਾਲ ਸਿੰਘ ਹੁਸ਼ਿਆਰਪੁਰ ਪਹਿਲੇ, ਸੱਤਪਾਲ ਬੁਰਾ ਹਰਿਆਣਾ ਦੂਸਰੇ ਤੇ ਲਖਵੀਰ ਸਿੰਘ ਤੀਸਰੇ ਸਥਾਨ 'ਤੇ ਰਿਹਾ। ਲੜਕੀਆਂ ਦੀ 1500 ਮੀਟਰ ਦੌੜ 'ਚ ਰੇਨੂੰ ਰਾਣੀ ਸੰਗਰੂਰ ਪਹਿਲੇ, ਮਨਦੀਪ ਕੌਰ ਬਠਿੰਡਾ ਦੂਸਰੇ ਤੇ ਰਮਨਜੀਤ ਕੌਰ ਸੰਗਰੂਰ ਤੀਸਰੇ ਸਥਾਨ 'ਤੇ ਰਹੀ। ਲੜਕਿਆਂ ਦੀ 1500 ਮੀਟਰ ਦੌੜ 'ਚ ਵਰਿੰਦਰ ਸਿੰਘ ਡੇਹਲੋਂ ਪਹਿਲੇ, ਜਗਦੇਵ ਸਿੰਘ ਜਲੰਧਰ ਦੂਸਰੇ ਤੇ ਪ੍ਰਭਜੋਤ ਸਿੰਘ ਸੰਗਰੂਰ ਤੀਸਰੇ ਸਥਾਨ 'ਤੇ ਰਿਹਾ। ਸਾਰੇ ਜੇਤੂ ਅਥਲੀਟਾਂ ਨੂੰ ਕਰਮਵਾਰ 5 ਹਜ਼ਾਰ, 3 ਹਜ਼ਾਰ ਤੇ 2 ਹਜ਼ਾਰ ਰੁਪਏ ਦੇ ਨਕਦ ਇਨਾਮ ਦਿੱਤੇ ਗਏ। ਜੇਤੂ ਅਥਲੀਟਾਂ ਨੂੰ ਕਰਮਵਾਰ 5000 ਹਜ਼ਾਰ, 3000 ਹਜ਼ਾਰ ਤੇ 2000 ਹਜ਼ਾਰ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ।

ਕਬੱਡੀ:- 6 ਲੱਖ ਰੁਪਏ ਦੇ ਵੱਡੇ ਇਨਾਮ ਲਈ ਪੰਜਾਬ ਸਟਾਈਲ ਕਬੱਡੀ ਦੇ ਪੰਜਾਬ ਕਬੱਡੀ ਅਕੈਡਮੀਜ਼ ਐਸੋਸੀਏਸ਼ਨ ਦੀਆਂ 8 ਟੀਮਾਂ ਦਰਮਿਆਨ ਹੋਏ ਮੈਚਾਂ ਤਹਿਤ ਦਸ਼ਮੇਸ਼ ਕਲੱਬ ਕਾਲਖ ਨੇ ਹਰਜੀਤ ਐਂਡ ਗੱਗੀ ਫਰੈਂਡਜ਼ ਕਲੱਬ ਮੋਗਾ ਨੂੰ 36-32 ਅੰਕਾਂ ਨਾਲ, ਮੀਰੀ ਪੀਰੀ ਕਲੱਬ ਕਪੂਰਥਲਾ ਨੇ ਚੜ੍ਹਦੀ ਕਲਾ ਕਲੱਬ ਜਲੰਧਰ ਨੂੰ 35-31, ਡੀ.ਏ.ਵੀ. ਮਾਲਵਾ ਕਬੱਡੀ ਕਲੱਬ ਬਠਿੰਡਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟੀਮ ਨੂੰ 35-29 ਅੰਕਾਂ ਨਾਲ, ਮੋਗਾ ਜਗਰਾਓ ਦੀ ਟੀਮ ਨੇ ਬਾਬਾ ਸ਼ੰਕਰਾਪੁਰੀ ਦੀ ਟੀਮ ਨੂੰ 33-29 ਅੰਕਾਂ ਨਾਲ ਹਰਾਕੇ ਸੈਮੀਫਾਈਨਲ 'ਚ ਪ੍ਰਵੇਸ਼ ਕੀਤਾ। ਪਹਿਲੇ ਸੈਮੀਫਾਈਨਲ 'ਚ ਬਾਬਾ ਸੇਵਾ ਦਾਸ ਕਲੱਬ ਮੋਗਾ ਜਗਰਾਓ ਅਕੈਡਮੀ ਨੇ ਮੀਰੀ ਅਕੈਡਮੀ ਕਪੂਰਥਲਾ ਨੂੰ 36-32 ਨਾਲ ਤੇ ਦੂਸਰੇ ਸੈਮੀਫਾਈਨਲ 'ਚ ਕੋਨ ਡੇਹਲੋ ਦਸ਼ਮੇਸ਼ ਕਲੱਬ ਕਾਲਖ ਨੇ ਡੀਏਵੀ ਮਾਲਵਾ ਕਲੱਬ ਬਠਿੰਡਾ ਨੂੰ 35-29 ਨਾਲ ਹਰਾਕੇ ਫਾਈਨਲ 'ਚ ਪ੍ਰਵੇਸ਼ ਕੀਤਾ। ਫਾਈਨਲ ਮੁਕਾਬਲੇ 'ਚ ਮੀਰੀ ਪੀਰੀ ਕਲੱਬ ਕਪੂਰਥਲਾ ਨੇ ਕੋਨ ਡੇਹਲੋ ਦਸ਼ਮੇਸ਼ ਕਲੱਬ ਕਾਲਖ ਨੂੰ 29-25 ਅੰਕਾਂ ਨਾਲ ਹਰਾਕੇ 1.5 ਲੱਖ ਰੁਪਏ ਦਾ ਪਹਿਲਾ ਇਨਾਮ ਜਿੱਤਿਆ। ਅਨੂ ਬੁੱਢਾ ਥੇਹ ਸਰਵੋਤਮ ਧਾਵੀ ਤੇ ਲੋਭੀ ਜਗਦੇਵ ਕਲਾਂ ਸਰਵੋਤਮ ਜਾਫੀ ਚੁਣਿਆ ਗਿਆ।

ਵਿਰਾਸਤੀ ਰੰਗ:-ਇਸ ਦੇ ਨਾਲ ਹੀ ਏਵਨ ਡਾਂਸਿੰਗ ਘੋੜੀ ਦਾ ਨਾਚ ਵੀ ਖਿੱਚ ਦਾ ਕੇਂਦਰ ਦਾ ਬਣਿਆ। ਲੋਕ ਰੰਗ ਮਲਵਈ ਗਿੱਧੇ ਦੀ ਟੀਮ ਨੇ ਪੰਜਾਬ ਦੇ ਲੋਕ ਨਾਚਾਂ ਦੀਆਂ ਵੰਨਗੀਆਂ ਪੇਸ਼ ਕੀਤੀਆਂ। ਮੀਰੀ-ਪੀਰੀ ਗਤਕਾ ਅਖਾੜਾ ਚਮਿੰਡਾ (ਲੁਧਿਆਣਾ) ਵੱਲੋਂ ਗਤਕੇ ਦੇ ਜੌਹਰ ਦਿਖਾਕੇ, ਮਾਹੌਲ ਨੂੰ ਜੋਸ਼ੀਲਾ ਬਣਾ ਦਿੱਤਾ। ਓਮਿਨੀ ਜੈੱਲ ਦੀ ਟੀਮ ਵੱਲੋਂ ਆਮ ਜ਼ਿੰਦਗੀ 'ਚ ਤੰਦਰੁਸਤ ਰਹਿਣ ਲਈ ਨਾਚਾਂ ਤੇ ਕਸਰਤਾਂ ਰਾਹੀਂ ਗੁਰ ਦੱਸੇ। ਅਪੋਲੋ ਟਾਈਰਜ਼ ਵੱਲੋਂ ਤਾਕਤ ਤੇ ਵਰਜਿਸ਼ਾਂ ਨਾਲ ਸਬੰਧਤ ਇਨਾਮੀ ਮੁਕਾਬਲੇ ਕਰਵਾਏ।



## ਹਰ ਉਮਰ ਵਰਗ ਦੀਆਂ ਖੇਡਾਂ ਹੋ ਨਿੱਬੜੀਆਂ ਪਹਿਲੇ ਦਿਨ ਹੀ ਕਿਲ੍ਹਾ ਰਾਏਪੁਰ ਦੀਆਂ ਖੇਡਾਂ

83ਵੇਂ ਕਿਲ੍ਹਾ ਰਾਏਪੁਰ ਰੂਰਲ ਸਪੋਰਟਸ ਫੈਸਟੀਵਲ ਦੌਰਾਨ ਸੱਤ ਸਾਲ ਤੋਂ 90 ਸਾਲ ਦੇ ਖਿਡਾਰੀਆਂ ਨੇ ਹਿੱਸਾ ਲੈਣ ਦਾ ਮਾਣ ਪ੍ਰਾਪਤ ਕੀਤਾ। ਇਨ੍ਹਾਂ ਖੇਡਾਂ ਦੇ ਅਥਲੈਟਿਕਸ ਮੁਕਾਬਲਿਆਂ 'ਚ ਜਿੱਥੇ 90 ਸਾਲਾ ਤੇਜਾ ਸਿੰਘ ਨੇ ਹਿੱਸਾ ਲਿਆ ਉੱਥੇ 7 ਸਾਲ ਦੀ ਗੁੰਜਣ ਨੇ ਵੀ ਸ਼ਮੂਲੀਅਤ ਕੀਤੀ। ਤੇਜਾ ਸਿੰਘ ਨੇ ਬਜ਼ੁਰਗਾਂ ਦੀ 80 ਸਾਲ ਤੋਂ ਵੱਧ ਉਮਰ ਦੀ 100 ਮੀਟਰ ਦੌੜ 'ਚ ਦੂਸਰਾ ਸਥਾਨ ਹਾਸਿਲ ਕਰਕੇ ਤਿੰਨ ਹਜ਼ਾਰ ਰੁਪਏ ਦਾ ਇਨਾਮ ਜਿੱਤਿਆ। ਲੁਧਿਆਣਾ ਜਿਲ੍ਹੇ ਨਾਲ ਸਬੰਧਤ ਤੇਜਾ ਸਿੰਘ 1994 ਤੋਂ ਦੌੜਾਂ 'ਚ ਹਿੱਸਾ ਲੈ ਰਿਹਾ ਹੈ ਅਤੇ ਉਸ ਨੇ ਵਿਆਹ ਨਹੀਂ ਕਰਵਾਇਆ। ਉਹ 70 ਤੇ 75 ਸਾਲ ਤੋਂ ਵੱਧ ਉਮਰ ਦੀਆਂ ਦੌੜਾਂ 'ਚ ਏਸ਼ੀਆ ਰਿਕਾਰਡ ਵੀ ਬਣਾ ਚੁੱਕੇ ਹਨ। ਖੇਤੀਬਾੜੀ ਕਿੱਤੇ ਨਾਲ ਜੁੜੇ ਤੇਜਾ ਸਿੰਘ ਦਾ ਪ੍ਰਣ ਹੈ ਕਿ ਉਹ ਆਖਰੀ ਦਮ ਤੱਕ ਖੇਡਾਂ 'ਚ ਹਿੱਸਾ ਲੈਂਦਾ ਰਹੇਗਾ।

ਕਿਲ੍ਹਾ ਰਾਏਪੁਰ ਖੇਡਾਂ ਦੇ 1500 ਦੌੜਾਂ ਮੁਕਾਬਲੇ 'ਚ ਕਰਨਾਲ ਦੀ ਗੁੰਜਣ ਨੇ ਹਿੱਸਾ ਲਿਆ।ਪਵਨ ਕੁਮਾਰ ਪਹਿਲਵਾਨ ਦੀ ਸਪੁੱਤਰੀ ਗੁੰਜਣ ਆਪਣੇ ਚਾਚਾ ਨੀਰਜ ਤੋਂ ਸਿਖਲਾਈ ਲੈ ਰਹੀ ਹੈ। ਉਹ ਪਿਛਲੇ ਦੋ ਸਾਲਾਂ ਤੋਂ ਖੇਡਾਂ 'ਚ ਹਿੱਸਾ ਲੈ ਰਹੀ ਹੈ ਅਤੇ ਇੱਕ ਸਾਲ ਤੋਂ ਮੁਕਾਬਲੇਬਾਜ਼ੀ ' ਹਿੱਸਾ ਲੈ ਰਹੀ ਹੈ। ਗੁੰਜਣ ਆਪਣੇ ਉਮਰ ਵਰਗ ਦੇ ਮੁਕਾਬਲਿਆਂ 'ਚ 12 ਕਿਲੋਮੀਟਰ ਤੱਕ ਦੀਆਂ ਦੌੜਾਂ ਜਿੱਤ ਚੁੱਕੀ ਹੈ। ਗੁੰਜਣ ਇੰਨ੍ਹਾਂ ਖੇਡਾਂ 'ਚ ਭਾਵੇਂ ਤਗਮਾ ਨਹੀਂ ਜਿੱਤ ਸਕੀ ਪਰ ਉਸ ਵੱਲੋਂ ਦੌੜ ਪੂਰੀ ਕਰਕੇ ਦਰਸ਼ਕਾਂ ਦੀ ਵਾਹ ਵਾਹ ਤੇ ਉਤਸ਼ਾਹੀ ਇਨਾਮ ਜਰੂਰ ਜਿੱਤਣ ਦਾ ਮਾਣ ਪ੍ਰਾਪਤ ਕੀਤਾ।




ਗੱਲ ਤਾਂ ਹੈ ਈ ਪਰਦੇ ਦੀ !
TWC
TIMELESS WINDOW COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
E Mail: Info@twcoverings.com
Web: www.twcoverings.com
Timelesswindowcoverings
ਕਾਲ: 403 953 1000


ਇਹ ਅਟੱਲ ਸੱਚਾਈ ਹੈ ਕਿ
ਇਸ ਜਹਾਨੋ ਹਰ ਕਿਸੇ ਨੇ ਤੁਰ ਜਾਣਾ ਹੈ।
ਇਸ ਦੁਖਦਾਈ ਘੜੀ ਵਿੱਚ ਸਾਡਾ ਸਟਾਫ ਤੁਹਾਡੇ ਦੁੱਖ ਦਰਦ
ਨੂੰ ਮਹਿਸੂਸ ਕਰਦਾ ਹੋਇਆ ਤੁਹਾਡਾ ਖਿਆਲ ਰੱਖਦਾ ਹੈ
600 ਲੋਕਾਂ ਦੇ ਬਹਿਣ ਦੀ ਜਗ੍ਹਾ
ਵੀਲ ਚੇਅਰ, ਲਿਫਟ, ਖੁੱਲੀ ਕਾਰ ਪਾਰਕਿੰਗ,ਦੀ ਸਹੂਲਤ
ਤੁਸੀਂ ਖੁਦ ਆਪਣੀ ਇਸ ਆਖਰੀ ਘੜੀ ਦੀਆਂ ਰਸਮਾਂ ਸੰਬੰਧੀ ਪਹਿਲਾਂ ਹੀ ਪੈਕੇਜ ਲੈਕੇ ਮਰਨ ਉਪਰੰਤ ਤੁਹਾਡੇ ਪਿੱਛੇ ਰਹਿ ਗਏ ਪਿਆਰਿਆਂ ਦਾ ਦੁਖਦਾਈ ਆਰਥਿਕ ਬੋਝ ਘੱਟ ਕਰਨ ਵਿੱਚ ਮੱਦਦ ਕਰ ਸਕਦੇ ਹੋ !
PARK PLACE FUNERAL HOME
CHAPEL & CREMATORIUM LTD.
51 Broadway Blvd.
Ph. 417 - 8000 24 hrs.
ਐਡਮਿੰਟਨ ਅਤੇ ਪੂਰੇ ਕਨੇਡਾ ਭਰ ਵਿੱਚੋਂ ਤੁਸੀਂ ਸਾਡੀਆਂ ਸੇਵਾਵਾਂ ਲੈ ਸਕਦੇ ਹੋ !
ਸਾਰੇ ਧਰਮਾਂ ਦੀਆਂ ਰੀਤੀਆਂ ਅਨੁਸਾਰ ਅੰਤਿਮ ਰਸਮਾਂ ਪੂਰੀਆ ਕਰਨ ਲਈ ਸਾਡਾ ਸਟਾਫ ਬਚਨਵੱਧ ਹੈ।
ਜੇਕਰ ਮ੍ਰਿਤਕ ਦੇਹ ਦਾ ਸਸਕਾਰ ਬਾਹਰ ਕਿਤੇ ਵੀ ਕਿਸੇ ਵੀ ਮੁਲਕ ਲੈ ਜਾਕੇ ਕਰਨ ਦੀ ਅਗਰ ਤੁਹਾਡੀ ਇੱਛਾ ਹੈ ਤਾਂ ਅਸੀਂ ਪੂਰਾ ਪੇਪਰ ਵਰਕ ਕਰਨ ਵਿੱਚ ਤੁਹਾਡੀ ਮੱਦਦ ਕਰਦੇ ਹਾਂ।
Satvir Kaur Brar, (780)417-8000, 780 267 3500 Parkfuneral@gmail.com 51, Broadway Blvd. Sherwood Park, AB T8H 2C1


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ਼ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com